ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 58 | 15 to 21 Feburary, 2023 | Ph.: (510) 240-5949 | Email: asrtimes@gmail.com

## ਮਾਮਲਾ ਕੌਮੀ ਇਨਸਾਫ਼ ਮੋਰਚਾ ਤੇ ਚੰਡੀਗੜ੍ਹ ਪੁਲਿਸ ਵਿਚਾਲੇ ਹੋਈ ਝੜਪ ਦਾ

# ਪੁਲਿਸ ਨੇ 10 ਹੋਰ ਸਿੱਖਾਂ ਦੀਆਂ ਤਸਵੀਰਾਂ ਜਾਰੀ ਕਰਕੇ ਰੱਖਿਆ ਇਨਾਮ

### ਪੁਲਿਸ ਨੇ ਹੁਣ ਤੱਕ 20 ਜਣਿਆਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਪਰ ਸ਼ਨਾਖਤ ਸਿਰਫ਼ 7 ਜਣਿਆਂ ਦੀ ਹੋਈ

### ਚੰਡੀਗੜ੍ਹ ਦੀਆਂ ਬਰੂਹਾਂ ’ਤੇ ਹੁਣ ਦੋ ਬੁਲੇਟ ਪਰੂਫ਼ ਟਰੈਕਟਰਾਂ ਸਣੇ ਰੇਤੇ ਨਾਲ ਭਰੇ ਚਾਰ ਵੱਡੇ ਟਿੱਪਰ ਵੀ ਖੜ੍ਹੇ ਕੀਤੇ

☛ **ਬਾਬਾ ਰਾਜਾ ਰਾਜ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਬੰਦੀ ਸਿੱਖਾਂ ਨੂੰ ਰਿਹਾਅ ਕਰਨ ਦੀ ਬਜਾਏ ਬੇਅੰਤ ਸਿੰਘ ਦੇ ਰਾਹੇ ਤੁਰ ਪਿਆ**








ਮੁਹਾਲੀ: ਮੁਹਾਲੀ ਤੇ ਚੰਡੀਗੜ੍ਹ ਦੀ ਹੱਦ ’ਤੇ ਕੌਮੀ ਇਨਸਾਫ਼ ਮੋਰਚਾ ਤੇ ਚੰਡੀਗੜ੍ਹ ਪੁਲਿਸ ਵਿਚਕਾਰ ਹੋਈ ਝੜਪ ਮਗਰੋਂ ਚੰਡੀਗੜ੍ਹ ਪੁਲਿਸ ਨੇ ਭੰਨ-ਤੋੜ ਕਰਨ ਵਾਲੇ 10 ਹੋਰ ਜਣਿਆਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਇਨ੍ਹਾਂ ਮੁਲਜ਼ਮਾਂ ਦੇ ਨਾਂ ਹਰਦੀਪ ਸਿੰਘ ਬਰਾੜ, ਹਰਮਨਦੀਪ ਸਿੰਘ ਤੂਫ਼ਾਨ ਤੇ ਲੁਧਿਆਣੇ ਰਹਿੰਦਾ ਸਤਵੰਤ ਸਿੰਘ ਸੰਧੂ ਹਨ, ਪੁਲਿਸ ਮੁਤਾਬਕ ਇਹ ਲੋਕ ਹਿੰਸਾ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਸਨ।ਇਸ ਦੇ ਨਾਲ ਹੀ ਚੰਡੀਗੜ੍ਹ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਦੀ ਸ਼ਨਾਖ਼ਤ ਕਰਨ ਵਾਲਿਆਂ ਨੂੰ 10 ਹਜ਼ਾਰ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਜਾਣਕਾਰੀ ਦੇਣ ਵਾਲੇ ਦੀ ਸ਼ਨਾਖ਼ਤ ਗੁਪਤ ਰੱਖੀ ਜਾਵੇਗੀ। ਦੱਸ ਦਈਏ ਕਿ ਚੰਡੀਗੜ੍ਹ ਪੁਲਿਸ ਨੇ ਕੁਝ ਦਿਨ ਪਹਿਲਾਂ ਵੀ 10 ਜਣਿਆਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਸਨ। ਇਸ ਤਰ੍ਹਾਂ ਪੁਲਿਸ ਨੇ ਹੁਣ ਤੱਕ 20 ਜਣਿਆਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ ਪਰ ਉਨ੍ਹਾਂ ਵਿੱਚੋਂ ਸ਼ਨਾਖ਼ਤ ਸਿਰਫ਼ 7 ਜਣਿਆਂ ਦੀ ਹੋ ਸਕੀ ਹੈ। ਪੁਲਿਸ ਹੋਰਨਾਂ 13 ਜਣਿਆਂ ਦੀ ਸ਼ਨਾਖ਼ਤ ਕਰਨ ਵਿੱਚ ਜੁਟੀ ਹੋਈ ਹੈ। ਯਾਦ ਰਹੇ ਕੌਮੀ ਇਨਸਾਫ਼ ਮੋਰਚਾ ਦੀ ਅਗਵਾਈ ਹੇਠ ਸੈਕਟਰ-52/53 ਦੇ ਨਜ਼ਦੀਕ ਪੱਕਾ ਮੋਰਚਾ ਲੱਗਾ ਹੋਇਆ ਹੈ। 8 ਫਰਵਰੀ ਨੂੰ ਪ੍ਰਦਰਸ਼ਨਕਾਰੀਆਂ ਨੇ ਚੰਡੀਗੜ੍ਹ ਸਥਿਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪੁਲਿਸ ਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਝੜਪ ਹੋ ਗਈ। ਪੁਲਿਸ ਅਨੁਸਾਰ ਮੁਜ਼ਾਹਰਾਕਾਰੀਆਂ ਨੇ ਆਪਣੇ ਟਰੈਕਟਰ ਦੇ ਧੱਕੇ ਨਾਲ ਬੈਰੀਕੇਡ ਤੋੜ ਦਿੱਤੇ ਸਨ। ਇਨ੍ਹਾਂ ਨੇ ਪੁਲਿਸ ਜਵਾਨਾਂ ’ਤੇ ਘੋੜੇ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਅਤੇ ਤਲਵਾਰਾਂ, ਗੰਡਾਸੇ, ਡੰਡੇ ਤੇ ਹੋਰਨਾਂ ਹਥਿਆਰਾਂ ਨਾਲ ਹਮਲਾ ਕੀਤਾ। ਮੁਲਜ਼ਮਾਂ ਨੇ 20 ਬੈਰੀਕੇਡਸ, ਕਾਰ ਨਾਲ ਟੀਅਰ ਗੈਸ ਹੈਂਡਗਨ, ਸਰਕਾਰੀ ਕਾਰ ਵਿੱਚੋਂ ਅਸਲ੍ਹੇ ਸਮੇਤ ਹੋਰ ਸਾਮਾਨ ਲੁੱਟਿਆ ਤੇ ਫਿਰ ਖਿਸਕ ਗਏ ਸਨ। ਪੰਜਾਬ-ਚੰਡੀਗੜ੍ਹ ਪੁਲਿਸ ਦੀਆਂ ਕਾਰਾਂ ਦੇ ਨਾਲ ਸਰਕਾਰੀ ਜਾਇਦਾਦ ਦੀ ਤੋੜ-ਭੰਨ ਕੀਤੀ ਗਈ। ਇਨ੍ਹਾਂ ਅਨਸਰਾਂ ਵੱਲੋਂ ਕੀਤੀ ਹਿੰਸਾ ਵਿੱਚ 7 ਇਸਤਰੀ ਪੁਲਿਸ ਮੁਲਾਜ਼ਮਾਂ ਸਮੇਤ 29 ਜਵਾਨ ਜ਼ਖ਼ਮੀ ਹੋਏ ਸਨ।

ਉਧਰ, ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਹੋਏ ਟਕਰਾਅ ਮਗਰੋਂ ਪੰਜਾਬ ਸਰਕਾਰ ਦੇ ਹੁਕਮਾਂ ’ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਸੁਰੱਖਿਆ ਵਧਾ ਦਿੱਤੀ ਹੈ। ਚੰਡੀਗੜ੍ਹ ਦੀਆਂ ਬਰੂਹਾਂ ’ਤੇ ਹੁਣ ਦੋ ਬੁਲੇਟ ਪਰੂਫ਼ ਟਰੈਕਟਰਾਂ ਸਣੇ ਰੇਤੇ ਨਾਲ ਭਰੇ ਚਾਰ ਵੱਡੇ ਟਿੱਪਰ ਵੀ ਖੜ੍ਹੇ ਕੀਤੇ ਗਏ ਹਨ ਤਾਂ ਜੋ ਪ੍ਰਦਰਸ਼ਨਕਾਰੀ ਬੈਰੀਕੇਡ ਤੋੜ ਕੇ ਚੰਡੀਗੜ੍ਹ ਵਿੱਚ ਦਾਖ਼ਲ ਨਾ ਹੋ ਸਕਣ। ਮੋਰਚੇ ਦੇ ਆਗੂ ਨਿਹੰਗ ਬਾਬਾ ਰਾਜਾ ਰਾਜ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਬੰਦੀ ਸਿੱਖਾਂ ਨੂੰ ਰਿਹਾਅ ਕਰਨ ਦੀ ਬਜਾਏ ਬੇਅੰਤ ਸਿੰਘ ਦੇ ਰਾਹੇ ਤੁਰ ਪਿਆ ਹੈ ਜਿਸਨੇ ਪੰਜਾਬ ਦੀ ਨਸਲਕੁਸ਼ੀ ਕੀਤੀ ਸੀ।ਉਹਨਾਂ ਕਿਹਾ ਕਿ ਮੋਰਚੇ ਦੇ ਆਗੂਆਂ ਦੇ ਘਰ ਪੁਲਿਸ ਛਾਪੇ ਮਾਰਕੇ ਪਰਿਵਾਰਾਂ ਨੂੰ ਤੰਗ ਕਰ ਰਹੀ ਏ ਤੇ ਤਸ਼ੱਦਦ ਢਾਹ ਰਹੀ ਹੈ।ਉਹਨਾਂ ਕਿਹਾ ਕਿ ਉਹ ਨਿਹੰਗ ਸਿੰਘਾਂ ਉੱਪਰ ਦਬਾਅ ਪਾਕੇ ਮੋਰਚੇ ਤੋਂ ਪਰੇ ਹਟਾਉਣਾ ਚਾਹੁੰਦੀ ਹੈ ਤਾਂ ਜੋ ਪੁਲਿਸ ਮੋਰਚਾ ਖਦੇੜ ਸਕੇ।ਉਹਨਾਂ ਕਿਹਾ ਕਿ ਬੇਅੰਤ ਸਿੰਘ ਰਾਜ ਦੌਰਾਨ ਸਿੱਖਾਂ ਨੂੰ ਕੁਚਲਣ ਵਾਲੇ ਟਰੈਕਟਰ ਹੁਣ ਇਸ ਮੋਰਚੇ ਨੂੰ ਦਬਾਉਣ ਲਈ ਮੁੱਖ ਮੰਤਰੀ ਨੇ ਘੱਲੇ ਹਨ।

**ਇਹ ਸਿਖ ਆਗੂ ਕੀਤੇ ਗਏ ਨਾਮਜ਼ਦ**

ਜਗਤਾਰ ਸਿੰਘ ਹਵਾਰਾ ਦੇ ਧਰਮ ਦਾ ਪਿਤਾ ਗੁਰਚਰਨ ਸਿੰਘ, ਬਲਵਿੰਦਰ ਸਿੰਘ, ਅਮਰ ਸਿੰਘ ਚਾਹਲ, ਦਿਲਸ਼ੇਰ ਸਿੰਘ ਜੰਡਿਆਲਾ, ਜਸਵਿੰਦਰ ਸਿੰਘ ਰਾਜਪੁਰਾ, ਰੁਪਿੰਦਰਜੀਤ ਸਿੰਘ ਤੇ ਹੋਰ ਸਿੱਖ। ਸੈਕਟਰ-34 ਥਾਣੇ ਦੇ ਇੰਚਾਰਜ ਦਵਿੰਦਰ ਸਿੰਘ ਦੀ ਸ਼ਿਕਾਇਤ ’ਤੇ ਕੇਸ ਦਰਜ ਹੋਇਆ ਹੈ। ਹਾਲਾਂਕਿ ਪੁਲਿਸ ਨੇ ਹਾਲੇ ਤਕ ਇਕ ਵੀ ਵਿਅਕਤੀ ਕਾਬੂ ਨਹੀਂ ਕੀਤਾ ਹੈ।

# ਬਰਨਾਲਾ ਜ਼ਿਲ੍ਹੇ ਦੇ ਤਿੰਨ ਪਿੰਡਾਂ ਦੀਆਂ ਪੰਜਾਬਣਾਂ ਖੇਤੀ ਕਾਰੋਬਾਰ ਕਰਨ ਲੱਗੀਆਂ

### ਬਰਨਾਲੇ ਦਾ ਸਾਗ ਤੇ ਮੁਰੱਬਾ ਹੁਣ ਫ਼ਰੀਦਾਬਾਦ ਤੇ ਭਾਰਤ ਦੇ ਹੋਰ ਪ੍ਰਾਂਤਾਂ ’ਚ ਪੁੱਜਾ





ਸ਼ਹਿਣਾ/ਏ.ਟੀ.ਨਿਊਜ਼ :- ਬਰਨਾਲਾ ਜ਼ਿਲ੍ਹੇ ਦੇ ਤਿੰਨ ਪਿੰਡਾਂ ਦੀਆਂ ਔਰਤਾਂ ਖੇਤੀ ਨਾਲ ਸਬੰਧਤ ਸਹਿਕਾਰੀ ਕਾਰੋਬਾਰ ਵਿੱਚ ਕਿਸਮਤ ਅਜ਼ਮਾ ਰਹੀਆਂ ਹਨ। ਪਿੰਡ ਭੋਤਨਾ ’ਚ ਸਹਿਕਾਰਤਾ ਤਰੀਕੇ ਨਾਲ ਘਰੇਲੂ ਬਗੀਚੀ ਤੋਂ ਸ਼ੁਰੂ ਕੀਤਾ ਕੰਮ ਪਹਿਲਾਂ ਸੈਲਫ ਹੈਲਪ ਗਰੁੱਪਾਂ ਤੱਕ ਪਹੁੰਚਿਆ, ਜੋ ਬਾਅਦ ਵਿੱਚ ਇਨ੍ਹਾਂ ਹਿੰਮਤੀ ਔਰਤਾਂ ਨੇ ਕਾਰੋਬਾਰ, ਕੰਪਨੀ ਬਣਾ ਕੇ ਵਧਾਉਣਾ ਸ਼ੁਰੂ ਕੀਤਾ ਹੈ। ਹੁਣ ਇਸ ਕਾਰੋਬਾਰ ਨਾਲ 70 ਔਰਤਾਂ ਜੁੜ ਗਈਆਂ ਹਨ। ‘ਮਾਤਾ ਭਾਗੋ ਮਹਿਲਾ ਕਿਸਾਨ ਉਤਪਾਦਕ ਕੰਪਨੀ ਲਿਮਟਿਡ’ ਨਾਂ ਦੀ ਬਣਾਈ ਇਸ ਕੰਪਨੀ ਵਿੱਚ ਇਹ ਬੀਬੀਆਂ ਆਪਣੇ ਘਰਾਂ ’ਚ ਹੱਥੀਂ ਤਿਆਰ ਕੀਤੇ ਸਾਮਾਨ ਨੂੰ ਵੇਚ ਰਹੀਆਂ ਹਨ। ਪਿੰਡ ਭੋਤਨਾ ’ਚ ਇਕ ਦੁਕਾਨ ਵੀ ਖੋਲ੍ਹੀ ਗਈ ਹੈ। ਕੰਪਨੀ ਸਹਿਯੋਗੀ ਸਰਬਜੀਤ ਕੌਰ ਨੇ ਦੱਸਿਆ ਕਿ ਹੋਰ ਸਫਲਤਾ ਮਿਲਦੀ ਹੈ ਤਾਂ ਅੱਗੇ ਹੋਰ ਪਿੰਡਾਂ ਵਿੱਚ ਬ੍ਰਾਂਚਾਂ ਖੋਲ੍ਹੀਆਂ ਜਾਣਗੀਆਂ।

ਕੰਪਨੀ ਦੀ ਆਗੂ ਕਮਲਜੀਤ ਕੌਰ ਦੱਸਦੀ ਹੈ ਕਿ ਖੇਤੀ ਵਿਰਾਸਤ ਮਿਸ਼ਨ ਨਾਲ ਜੁੜ ਕੇ ਉਨ੍ਹਾਂ ਨੇ ਪਹਿਲਾਂ 400 ਔਰਤਾਂ ਨੂੰ ਘਰਾਂ ਵਿੱਚ ਸਬਜ਼ੀ ਦੀਆਂ ਬਗੀਚੀਆਂ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਪਿੱਛੋਂ 10 ਔਰਤਾਂ ਨੇ ਸੈਲਫ ਹੈਲਪ ਗਰੁੱਪ ਬਣਾ ਕੇ ਆਪਣੇ ਹੱਥੀਂ ਬਣਾਏ ਆਚਾਰ, ਮੁਰੱਬੇ ਤੇ ਸਾਮਾਨ ਵੇਚੇ। ਇਹ ਗਰੁੱਪ ਮੁੰਬਈ, ਦਿੱਲੀ, ਹੈਦਰਾਬਾਦ, ਗੁਜਰਾਤ, ਕੇਰਲ ਸਣੇ ਵੱਖ-ਵੱਖ ਸੂਬਿਆਂ ਵਿੱਚ ਸਟਾਲਾਂ ਲਾ ਕੇ ਮੁਰੱਬਾ, ਸਾਗ ਤੇ ਹੋਰ ਸਾਮਾਨ ਵੇਚਦਾ ਹੈ। ਇਸ ਵੇਲੇ ਗਰੁੱਪ ਦੀਆਂ ਬੀਬੀਆਂ ਫਰੀਦਾਬਾਦ ਵਿਖੇ ਸਾਮਾਨ ਵੇਚਣ ਲਈ ਸਟਾਲ ਲਾਉਣ ਗਈਆਂ ਹੋਈਆਂ ਹਨ।ਸ਼ੁਰੂਆਤ ’ਚ ਸਾਰੀਆਂ ਬੀਬੀਆਂ ਲਈ ਇਕ ਹਜ਼ਾਰ ਰੁਪਏ ਕੰਪਨੀ ਵਿਚ ਸ਼ਾਮਲ ਹੋਣ ਲਈ ਫੀਸ ਰੱਖੀ ਗਈ ਹੈ। ਪਿੰਡ ਵਿਚ ਕੰਪਨੀ ਦੀ ਖੋਲ੍ਹੀ ਦੁਕਾਨ ’ਚ ਫਿਲਹਾਲ ਜੀਟੀ ਭਾਰਤ ਨਾਂ ਦੀ ਕੰਪਨੀ ਤੋਂ ਫੀਡ ਦਾ ਕੰਮ ਸ਼ੁਰੂ ਕੀਤਾ ਹੈ। ਪਹਿਲਾਂ ਤੋਂ ਤਿਆਰ ਕੀਤੇ ਜਾ ਰਹੇ ਆਚਾਰ, ਮੁਰੱਬੇ, ਮੋਟੇ ਅਨਾਜ ਦਾ ਕੰਮ ਜਾਰੀ ਰਹੇਗਾ। ਮਾਰਚ ਮਹੀਨੇ ਵਿੱਚ ਮਧੂ ਮੱਖੀ ਪਾਲਣ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

# ਸਿੱਖ ਪੰਚਾਇਤ ਦੀ ਸਲੇਟ
# SIKH PANCHAYAT SLATE

## ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਆਪਸੀ ਸਦਭਾਵਨਾ ਵਾਲਾ ਧਾਰਮਿਕ ਮਾਹੌਲ ਬਣਾਉਣ ਲਈ ਅਤੇ ਸੁਚੱਜਾ ਪ੍ਰਬੰਧ ਚਲਾਉਣ ਲਈ ਅਗਾਂਹ ਵਧੂ ਸੋਚ ਵਾਲੇ ਪੜ੍ਹੇ ਲਿਖੇ

# ਨਿਸ਼ਕਾਮ ਸੇਵਕਾਂ ਨੂੰ ਸੇਵਾ ਦਾ ਮੌਕਾ ਦਿਓ ਜੀ


ਹਰਪ੍ਰੀਤ ਸਿੰਘ ਬੈਂਸ
Harpreet Singh Bains


ਡਾ. ਜਸਪ੍ਰੀਤ ਸਿੰਘ ਅਟਵਾਲ
Dr. Jaspreet Singh Atwal


ਸੁਰਿੰਦਰਜੀਤ ਕੌਰ
Surinderjit Kaur


ਰਜਿੰਦਰ ਸਿੰਘ ਰਾਜਾ
Rajinder Singh Raja


ਜਸਵੰਤ ਸਿੰਘ
Jaswant Singh

## ਹਰਪ੍ਰੀਤ ਸਿੰਘ ਬੈਂਸ

ਦਾਸ ਕੈਲੀਫੋਰਨੀਆ ਵਿਚ ਹੀ ਵੱਡਾ ਹੋਇਆ ਅਤੇ CalPoly ਤੋਂ BSEE ਕੀਤੀ ਸੀ। 1992 ਤੋਂ ਮੈਂ ਬੇ ਏਰੀਆ ਵਿਚ ਰਹਿ ਰਿਹਾ ਹਾਂ ਅਤੇ ਫਰੀਮਾਂਟ ਗੁਰੂ ਘਰ ਵਿਚ ਆਉਂਦਾ ਹਾਂ। ਮੈਂ ਸਿਲੀਕਾਨ ਵੈਲੀ ਵਿਚ ਪਿਛਲੇ 28 ਸਾਲਾਂ ਤੋਂ ਡੀਜ਼ਾਈਨ ਇੰਜੀਨੀਅਰ ਦੇ ਤੌਰ ਤੇ ਕੰਮ ਕਰਦਾ ਹਾਂ ਜਿਨਾਂ ਵਿਚੋਂ ਦਸ ਕੁ ਸਾਲ Cisco Systems ਵਿਚ ਕੰਮ ਕੀਤਾ ਸੀ। 2015 ਤੋਂ ਮੈਂ Pure Storage ਵਿਚ ਆਰ ਡੀ ਦੇ ਮੈਨੇਜਰ ਦੇ ਤੌਰ ਉਤੇ ਕੰਮ ਕਰਦਾ ਆ ਰਿਹਾ ਹਾਂ। ਮੈਨੂੰ 2006 ਵਿਚ ਫਰੀਮਾਂਟ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਿਚ ਸੇਵਾ ਕਰਨ ਦਾ ਮੌਕਾ ਮਿਲਿਆ ਸੀ ਜਿਸ ਸਮੇਂ ਮੈਂ ਸਿੱਖ ਧਰਮ ਬਾਰੇ ਦੂਸਰਿਆ ਭਾਈਚਾਰਿਆਂ ਵਿਚ ਜਾਗਰੂਕਤਾ ਪੈਦਾ ਕਰਨ ਦੇ ਪ੍ਰੋਜੈਕਟ ਵਿਚ ਭਾਗ ਲਿਆ ਸੀ। ਮੈਂ ਸਿੱਖੀ ਸਿਧਾਂਤਾਂ ਨੂੰ ਪਿਆਰ ਕਰਦਾ ਹਾਂ ਅਤੇ ਸੰਗਤਾਂ ਅਤੇ ਨੌਜਵਾਨਾਂ ਲਈ ਭਾਵ ਪੂਰਤ ਪ੍ਰੋਗਰਾਮ ਚਾਲੂ ਕਰਨ ਦਾ ਹਾਮੀ ਹਾਂ। ਮੈਂ ਨੌਜਵਾਨਾਂ ਦੀਆਂ ਗਤੀ ਵਿਧੀਆ ਵਿਚ ਭਾਗ ਲੈਂਦਾ ਹਾਂ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਗੁਰੂ ਘਰ ਦੇ ਹਰ ਵਰਗ ਨੂੰ ਗੁਰਦੁਆਰਾ ਸਾਹਿਬ ਦੀਆਂ ਵਧੀਆ ਸੇਵਾਵਾਂ ਪ੍ਰਾਪਤ ਹੋਣ। ਸਾਡਾ ਉਦੇਸ਼ ਕੰਮ ਸਿੱਖ ਭਾਈਚਾਰੇ ਦਾ ਆਪਸੀ ਮੇਲ ਮਿਲਾਪ ਵਧਾ ਕੇ ਗੁਰਦੁਆਰਾ ਸਾਹਿਬ ਵਿਚ ਸੁਖਾਵਾਂ ਮਾਹੌਲ ਸਿਰਜਣ ਅਤੇ ਚੱਲ ਰਹੇ ਪ੍ਰੋਜੈਕਟਾਂ ਨੂੰ ਨੇਪਰੇ ਚਾੜਨ ਦਾ ਹੈ।

## ਡਾਕਟਰ ਜਸਪ੍ਰੀਤ ਸਿੰਘ ਅਟਵਾਲ

ਦਾਸ ਦਾ ਪਿਛੋਕੜ ਇਲੈਕਟਰਿਕ ਇੰਜਨੀਅਰਿੰਗ ਅਤੇ ਫਾਰਮੇਸੀ ਦਾ ਹੈ ਅਤੇ ਮੈਂ ਬਤੌਰ Pharmacist ਕੰਮ ਕਰਦਾ ਹਾਂ। ਮੈਂ 2009 ਤੋਂ ਗੁਰੂ ਘਰ ਫਰੀਮਾਂਟ ਦਾ ਮੈਂਬਰ ਹਾਂ। ਮੈਂ ਖਾਲਸਾ ਸਕੂਲ ਵਿਚ ਸੇਵਾ ਕੀਤੀ ਹੈ ਅਤੇ ਗੁਰਦੁਆਰਾ ਸਾਹਿਬ ਦੀ ਸਟੇਜ ਕਮੇਟੀ ਦਾ ਮੈਂਬਰ ਵੀ ਰਹਿ ਚੁਕਾ ਹਾਂ। ਮੈਂ ਬਰਕਲੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਮੁਫਤ ਫਲੂ ਸ਼ਾਟ (Flu Shot) ਦੀ ਸੇਵਾ ਕਰਦਾ ਹਾਂ। ਭਗਤ ਪੂਰਨ ਸਿੰਘ ਹੈਲਥ ਇਨੀਸ਼ਿਏਟਿਵ ਸੰਸਥਾ ਨਾਲ ਮਿਲ ਕੇ ਗੁਰਦਵਾਰਾ ਸਾਹਿਬ ਵਿੱਚ ਹੈਲਥ ਕੈਂਪ ਵੀ ਲਗਵਾਏ ਹਨ। ਭਾਈਚਾਰੇ ਦੇ ਹੋਰ ਪ੍ਰੋਜੈਕਟਾਂ ਵਿਚ ਵੀ ਭਾਗ ਲੈਂਦਾ ਹਾਂ ਜਿਵੇਂ ਕਿ ਸੈਨ ਫਰਾਂਸਿਸਕੋ ਦੇ Glide Memorial Church ਵਿਚ ਲੋੜਵੰਦਾ ਨੂੰ ਖਾਣਾ ਦੇਣਾ ਆਦਿ। ਮੈਂ ਗੁਰਦਵਾਰਾ ਸਾਹਿਬ ਵਿਚ ਸ਼ਾਤੀ ਭਰਪੂਰ ਅਤੇ ਪ੍ਰਸਪਰ ਪਿਆਰ ਅਤੇ ਮਿਲਵਰਤਨ ਦਾ ਮਾਹੌਲ ਪੈਦਾ ਕਰਨ ਲਈ ਵਚਨਬੱਧ ਹਾਂ।

## ਸੁਰਿੰਦਰਜੀਤ ਕੌਰ

ਮੈਂ ਸੁਰਿੰਦਰਜੀਤ ਕੌਰ ਪਿਛਲੇ 30 ਸਾਲਾਂ ਤੋਂ ਬੇਅ ਏਰੀਏ ਦੀ ਵਸਨੀਕ ਹਾਂ। ਸੈਨਹੋਜ਼ੇ ਸਟੇਟ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਪ੍ਰਾਪਤ ਕਰਨ ਉਪਰੰਤ ਪਿਛਲੇ 24 ਸਾਲਾਂ ਤੋਂ ਪਬਲਿਕ ਸਕੂਲ ਵਿੱਚ ਅਧਿਆਪਕਾ ਦੇ ਤੌਰ ਤੇ ਸੇਵਾ ਨਿਭਾ ਰਹੀ ਹਾਂ। ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਪ੍ਰਭੂਸੱਤਾ ਲਈ ਕੰਮ ਕਰਨ ਦੀ ਲਗਨ ਹੈ। ਸੁਪਰੀਮ ਕੌਂਸਲ ਵਿੱਚ ਚੁਣੇ ਜਾਣ ਮਗਰੋਂ, ਬੱਚਿਆਂ ਨੂੰ ਸਿੱਖੀ ਨਾਲ ਜੋੜਨਾ ਉਹਨਾਂ ਵਿੱਚ ਸੇਵਾ ਭਾਵਨਾ ਪੈਦਾ ਕਰਨੀ ਅਤੇ ਔਰਤਾਂ ਵਿੱਚ ਪੰਥਕ ਜਜ਼ਬਾ ਪੈਦਾ ਕਰਕੇ ਕਮਿਊਨਿਟੀ ਅਤੇ ਕੌਮੀ ਕਾਰਜਾਂ ਲਈ ਪ੍ਰੇਰਿਤ ਕਰਨਾ ਮੇਰਾ ਮੁੱਖ ਉਦੇਸ਼ ਹੋਵੇਗਾ।

## ਰਾਜਿੰਦਰ ਸਿੰਘ ਰਾਜਾ

ਦਾਸ ਬੇ ਏਰੀਆ ਵਿਚ 2002 ਤੋਂ ਰਹਿ ਰਿਹਾ ਹੈ ਅਤੇ ਟਰਾਂਸਪੋਰਟੇਸ਼ਨ ਦਾ ਕਾਰੋਬਾਰ ਕਰਦਾ ਹੈ। ਮੈਂ ਲੰਗਰ ਅਤੇ ਕਾਰ ਪਾਰਕਿੰਗ ਵਿਚ ਸੇਵਾ ਕਰਦਾ ਰਿਹਾ ਹਾਂ ਅਤੇ ਸਿੱਖ ਨੌਜਵਾਨ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦੇਣ ਦੇ ਉਦਮ ਵਿਚ ਵੀ ਹਿੱਸਾ ਲੈਂਦਾ ਹਾਂ। ਪਿਛਲੇ ਸਾਲਾਂ ਵਿਚ ਦਾਸ ਨੇ ਸੈਨ ਫਰਾਂਸਿਸਕੋ ਵਿਚ ਨਗਰ ਕੀਰਤਨ ਵਿਚ ਵੀ ਸੇਵਾਦਾਰ ਦੀ ਡਿਊਟੀ ਨਿਭਾਈ ਸੀ। ਦਾਸ ਜਵਾਨ ਬੱਚਿਆਂ ਲਈ ਨਵੇਂ ਪ੍ਰੋਗਰਾਮ ਲਿਆਉਣ ਵਿਚ ਦਿਲਚਸਪੀ ਰੱਖਦਾ ਹੈ ਅਤੇ ਭਾਈਚਾਰੇ ਦੇ ਸਾਰੇ ਵਰਗਾਂ ਨਾਲ ਰਲ ਕੇ ਸੇਵਾ ਕਰਨ ਵਿਚ ਯਕੀਨ ਰੱਕਦਾ ਹੈ। ਦਾਸ ਦੂਸਰੇ ਨੌਜਵਾਨਾਂ ਨੂੰ ਗੁਰੂ ਘਰ ਵਿਚ ਸੇਵਾ ਕਰਨ ਲਈ ਉਤਸ਼ਾਹਿਤ ਕਰਦਾ ਰਹੇਗਾ।

## ਜਸਵੰਤ ਸਿੰਘ

ਦਾਸ ਜਸਵੰਤ ਸਿੰਘ ਪਿਛਲੇ 25 ਸਾਲਾਂ ਤੋਂ ਬੇਅ ਏਰੀਏ ਵਿੱਚ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹਾਂ ਇਕਨਾਓਮਿਕਸ ਦੀ ਬੈਚੂਲਰ ਡਿਗਰੀ ਕੀਤੀ ਹੋਈ ਹੈ ਆਪਣਾ ਕਾਰੋਬਾਰ ਕਰਦਾ ਹੋਇਆ ਅਕਾਲ ਪੁਰਖ ਦੀ ਰਹਿਮਤ ਸਦਕਾ ਪੰਥਕ ਕਾਰਜਾਂ ਅਤੇ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਵਿੱਚ ਯੋਗਦਾਨ ਪਾਉਂਦਾ ਰਿਹਾ ਹਾਂ ਪਿਛਲੇ ਅਰਸੇ ਤੋ ਗੁਰਦੁਆਰਾ ਸਾਹਿਬ ਦੀ ਫਾਈਨੈਂਸ ਕਮੇਟੀ ਵਿੱਚ ਸੇਵਾ ਕਰਦਿਆ ਹੋਇਆ ਬੱਚਿਆਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦਾ ਹੋਇਆ ਉਹਨਾਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਤੇ ਉਨ੍ਹਾਂ ਵਿੱਚ ਪੰਥਕ ਜਜ਼ਬਾ ਪੈਦਾ ਕਰਨ ਲਈ ਹਮੇਸ਼ਾ ਯਤਨਸ਼ੀਲ ਰਿਹਾ ਹਾਂ ਸੁਪਰੀਮ ਕੌਂਸਲ ਲਈ ਚੁਣੇ ਜਾਣ ਮਗਰੋ ਦਿੱਲੀ ਇੱਛਾ ਹੈ ਕਿ ਕੌਮ ਦੇ ਸੁਨਿਹਿਰੀ ਭਵਿੱਖ ਲਈ ਆਪਣੇ ਇਸੇ ਮਿਸ਼ਨ ਤੇ ਹੋਰ ਦ੍ਰਿੜਤਾ ਨਾਲ ਕੰਮ ਕਰਦਾ ਰਹਾਂ।

**ਯਾਦ ਰੱਖਣਾ 12 ਮਾਰਚ 2023 ਨੂੰ ਆਪਣੀ ਵੋਟ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਹੀ ਪਾਉਣੀ ਜੀ।**

**WE NEED YOUR VOTE & SUPPORT IN GURDWARA SAHIB FREMONT SUPREME COUNCIL ELECTIONS ON MARCH 12, 2023**

# ਸੈਨਹੌਜੇ ਸ਼ਹਿਰ ਵੱਲੋਂ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ



ਸੈਨਹੌਜੇ, ਕੈਲੀਫੋਰਨੀਆ/ਏ.ਟੀ.ਨਿਊਜ਼ :- 4 ਫਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ ਦੇਣ ਲਈ ਸੈਨਹੌਜੇ ਸ਼ਹਿਰ ਦੇਸ਼ ਭਰ ਦੇ ਸ਼ਹਿਰਾਂ ਦੀ ਵਧਦੀ ਗਿਣਤੀ ਵਿੱਚ ਸ਼ਾਮਲ ਹੋ ਗਿਆ ਹੈ। ਇਹ ਤੀਜੀ ਵਾਰ ਹੈ ਜਦੋਂ ਸੈਨਹੌਜੇ ਸ਼ਹਿਰ ਨੇ ਸਾਕਾ ਨਕੋਦਰ ਦਿਵਸ ਦੀ ਘੋਸ਼ਣਾ ਕੀਤੀ ਹੈ, ਜੋ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਨਿਆਂ ਤੋਂ ਇਨਕਾਰ ਕਰਨ ਬਾਰੇ ਵੱਧ ਰਹੀ ਜਾਗਰੂਕਤਾ ਅਤੇ ਚਿੰਤਾ ਨੂੰ ਦਰਸਾਉਂਦਾ ਹੈ। ਇਸ ਸਮਾਗਮ ਵਿੱਚ ਉੱਘੇ ਸਿੱਖ ਆਗੂ ਸ. ਸੁਖਦੇਵ ਸਿੰਘ ਬੈਨੀਵਾਲ ਸਮੇਤ ਸਥਾਨਕ ਸਿੱਖ ਭਾਈਚਾਰੇ ਦੇ ਕਈ ਨੁਮਾਇੰਦਿਆਂ ਨੇ ਪਰਿਵਾਰਾਂ ਲਈ ਆਪਣੀ ਇਕਜੁੱਟਤਾ ਅਤੇ ਸਮਰਥਨ ਦਾ ਪ੍ਰਗਟਾਵਾ ਕੀਤਾ। ਸੈਨ ਹੋਜ਼ੇ ਵਿੱਚ 20,000 ਤੋਂ ਵੱਧ ਸਿੱਖਾਂ ਦੀ ਅਬਾਦੀ ਹੈ।

ਇਹ ਅਹਿਮ ਕਦਮ ਪੀੜਤ ਪਰਿਵਾਰਾਂ ਵੱਲੋਂ ਸ਼ੁਰੂ ਕੀਤੀ ਗਲੋਬਲ ਜਾਗਰੂਕਤਾ ਮੁਹਿੰਮ ਦਾ ਹਿੱਸਾ ਹੈ, ਜੋ ਕਿ 1986 ਤੋਂ ਇਨਸਾਫ਼ ਲਈ ਲੜ ਰਹੇ ਹਨ। ਪਿਛਲੇ ਸਾਲ 4 ਫਰਵਰੀ ਨੂੰ ਅਮਰੀਕੀ ਕਾਂਗਰਸ ਵੂਮੈਨ ਜ਼ੋ ਲੋਫਗ੍ਰੇਨ ਨੇ ਸਾਕਾ ਨਕੋਦਰ ਨੂੰ ਮਾਨਤਾ ਦਿੰਦੇ ਹੋਏ ਅਮਰੀਕੀ ਕਾਂਗਰਸ ਵਿੱਚ ਹਾਊਸ ਰੈਜ਼ੋਲਿਊਸ਼ਨ 908 ਪੇਸ਼ ਕੀਤਾ ਸੀ। ਉਸ ਦਿਨ. ਇਸ ਮਤੇ ਨੂੰ ਕਾਂਗਰਸ ਦੇ ਨੁਮਾਇੰਦਿਆਂ ਐਨਾ ਈਸ਼ੂ, ਜੌਹਨ ਰੇਮੰਡ ਗਾਰਾਮੇਂਡੀ ਅਤੇ ਡੇਵਿਡ ਜੀ ਵਲਾਦਾਓ ਦੁਆਰਾ ਸਹਿਯੋਗੀ ਕੀਤਾ ਗਿਆ ਸੀ। ਇਸ ਤੋਂ ਬਾਅਦ ਇਹ ਮਾਨਤਾ ਹੋਰ ਅਧਿਕਾਰੀਆਂ ਅਤੇ ਸੰਸਥਾਵਾਂ ਦੁਆਰਾ ਵਧਾਈ ਗਈ ਹੈ, ਜਿਸ ਵਿੱਚ ਯੂ ਐਸ ਕਾਂਗਰਸਮੈਨ ਰੋ ਖੰਨਾ, ਕੈਲੀਫੋਰਨੀਆ ਦੇ ਅਸੈਂਬਲੀ ਮੈਂਬਰ ਐਸ਼ ਕਾਲਰਾ, ਐਲੇਕਸ ਲੀ, ਅਤੇ ਕਾਰਲੋਸ ਵਿਲਾਪੁਡੁਆ, ਕੈਲੀਫੋਰਨੀਆ ਰਾਜ ਦੇ ਸੈਨੇਟਰ ਡੇਵ ਕੋਰਟੇਸ, ਅਤੇ ਸਿਟੀ ਐਂਡ ਕੌਂਸਲ ਆਫ਼ ਐਲਕ ਗਰੋਵ, ਲਿਵਿੰਗਸਟਨ, ਸੈਂਟਾ ਕਲਾਰਾ, ਮੈਨਟੀਕਾ, ਸਟਾਕਟਨ, ਮਿਲਪੀਟਸ, ਲੈਥਰੋਪ, ਕਰਮਨ, ਹੋਲੀਓਕ ਅਤੇ ਨੌਰਵਿਚ ਸ਼ਾਮਲ ਹਨ।ਇਹ ਘੋਸ਼ਣਾ ਪੀੜਤਾਂ ਵਿੱਚੋਂ ਇੱਕ ਰਵਿੰਦਰ ਸਿੰਘ ਦੇ ਛੋਟੇ ਭਰਾ ਡਾ. ਹਰਿੰਦਰ ਸਿੰਘ ਨੇ ਪ੍ਰਾਪਤ ਕੀਤੀ। ਉਨ੍ਹਾਂ ਦੇ ਪਿਤਾ, ਬਾਪੂ ਬਲਦੇਵ ਸਿੰਘ ਦੀ ਤਰਫੋਂ ਪੜ੍ਹੇ ਗਏ ਇੱਕ ਬਿਆਨ ਵਿੱਚ, ਪਰਿਵਾਰਾਂ ਨੇ ਉਨ੍ਹਾਂ ਦੇ ਦਰਦ ਅਤੇ ਸਦਮੇ ਨੂੰ ਸਾਂਝਾ ਕੀਤਾ ਅਤੇ ਨਿਆਂ ਲਈ ਲੜਾਈ ਜਾਰੀ ਰੱਖਣ ਦੇ ਉਨ੍ਹਾਂ ਦੇ ਦ੍ਰਿੜ ਇਰਾਦੇ ਨੂੰ ਸਾਂਝਾ ਕੀਤਾ। ਉਨ੍ਹਾਂ ਨੂੰ ਬਹੁਤ ਸਾਰੇ ਲੋਕਾਂ ਵੱਲੋਂ ਮਿਲੇ ਸਮਰਥਨ ਦੇ ਬਾਵਜੂਦ, ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਅਤੇ ਨਿਆਂ ਪ੍ਰਣਾਲੀ ਉਨ੍ਹਾਂ ਨੂੰ ਅਸਫਲ ਕਰ ਚੁੱਕੀ ਹੈ, ਅਤੇ ਰਾਜਨੀਤਿਕ ਨੇਤਾਵਾਂ ਵਲੋਂ ਪੰਜਾਬ ਵਿੱਚ ਪੁਲਿਸ ਨੂੰ ਸਜ਼ਾਵਾਂ ਦੇਣ ਦੀ ਥਾਵੇਂ ਉਨ੍ਹਾਂ ਦਾ ਬਚਾ ਕਰਨ ਦੀ ਰਾਜਨੀਤੀ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਪੀੜਤ ਪਰਿਵਾਰਾਂ ਨੂੰ ਉਮੀਦ ਹੈ ਕਿ ਇਹ ਮਾਨਤਾ ਉਨ੍ਹਾਂ ਨੂੰ ਨਿਆਂ ਪ੍ਰਾਪਤੀ ਅਤੇ ਆਪਣੇ ਅਜ਼ੀਜ਼ਾਂ ਦੇ ਨੁਕਸਾਨ ਲਈ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਲੜਾਈ ਵਿੱਚ ਮੱਦਦ ਕਰੇਗੀ।






ਸਾਕਾ ਨਕੋਦਰ ਦਿਵਸ ਘੋਸ਼ਣਾ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਨਿਆਂ ਅਤੇ ਜਵਾਬਦੇਹੀ ਲਈ ਚੱਲ ਰਹੇ ਸੰਘਰਸ਼ ਦੀ ਯਾਦ ਦਿਵਾਉਂਦੀ ਹੈ, ਅਤੇ ਮਨੁੱਖਤਾ ਵਿਰੁੱਧ ਅਪਰਾਧਾਂ ਲਈ ਦੰਡ ਨੂੰ ਖਤਮ ਕਰਨ ਅਤੇ ਨਿਆਂ ਪ੍ਰਾਪਤ ਕਰਨ ਲਈ ਨਿਰੰਤਰ ਯਤਨਾਂ ਦੀ ਮਹੱਤਤਾ ਨੂੰ ਦਰਸਾਉਂਦੀ ਹੈ।ਇਹ ਦਿਨ 4 ਫਰਵਰੀ 1986 ਨੂੰ ਵਾਪਰੇ ਦੁਖਾਂਤ ਅਤੇ ਪੀੜਤ ਪਰਿਵਾਰਾਂ ਵੱਲੋਂ ਇਨਸਾਫ਼ ਲਈ ਚੱਲ ਰਹੀ ਲੜਾਈ ਦੀ ਯਾਦ ਦਿਵਾਉਂਦਾ ਹੈ। ਸੈਨਹੋਜੇ ਦਾ ਸ਼ਹਿਰ ਅਤੇ ਹੋਰ ਸ਼ਹਿਰਾਂ, ਕਾਉਂਟੀਆਂ ਅਤੇ ਰਾਜ ਜਿਨ੍ਹਾਂ ਨੇ ਇਸ ਦਿਨ ਦਾ ਐਲਾਨ ਕੀਤਾ ਹੈ, ਉਨ੍ਹਾਂ ਦਾ ਉਦੇਸ਼ ਜਾਗਰੂਕਤਾ ਪੈਦਾ ਕਰਨਾ ਅਤੇ ਸਰਕਾਰਾਂ ਦੁਬਾਰਾ ਪੁਲਿਸ ਦੀ ਪੁਸ਼ਤ-ਪਨਾਹੀ ਨੂੰ ਖਤਮ ਕਰਨ ਅਤੇ ਸਾਰਿਆਂ ਲਈ ਨਿਆਂ ਪ੍ਰਾਪਤ ਕਰਨ ਦੀ ਮਹੱਤਤਾ ਵੱਲ ਧਿਆਨ ਦਿਵਾਉਣਾ ਹੈ।

## ਗੁਰਦੁਆਰਾ ਸਾਹਿਬ ਫ਼ਰੀਮੌਂਟ ਸੁਪਰੀਮ ਕੌਂਸਿਲ ਚੋਣਾਂ 12 ਮਾਰਚ ਨੂੰ

### ਨਿਸ਼ਕਾਮ ਸੇਵਕਾਂ ਨੂੰ ਸੇਵਾ ਦਾ ਮੌਕਾ ਦਿਓ ਜੀ : ਸਿੱਖ ਪੰਚਾਇਤ

ਫਰੀਮੌਂਟ/ਏ.ਟੀ.ਨਿਊਜ਼ :- ਗੁਰਦੁਆਰਾ ਸਾਹਿਬ ਫਰੀਮੌਂਟ ਸੁਪਰੀਮ ਕੌਂਸਿਲ ਦੀਆਂ ਚੋਣਾਂ 12 ਮਾਰਚ, 2023 ਨੂੰ ਹੋ ਰਹੀਆਂ ਹਨ। ਇਸ ਵਾਰ ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਆਪਸੀ ਸਦਭਾਵਨਾ ਵਾਲਾ ਧਾਰਮਿਕ ਮਾਹੌਲ ਬਣਾਉਣ ਅਤੇ ਸੁਚੱਜਾ ਪ੍ਰਬੰਧ ਚਲਾਉਣ ਲਈ ਅਗਾਂਹਵਧੂ ਸੋਚ ਵਾਲੇ ਪੜ੍ਹੇ ਲਿਖੇ ਹਰਪ੍ਰੀਤ ਸਿੰਘ ਬੈਂਸ, ਡਾ. ਜਸਪ੍ਰੀਤ ਸਿੰਘ ਅਟਵਾਲ, ਸੁਰਿੰਦਰਜੀਤ ਸਿੰਘ, ਰਜਿੰਦਰ ਸਿੰਘ ਰਾਜਾ, ਜਸਵੰਤ ਸਿੰਘ ਸਿੱਖ ਪੰਚਾਇਤ ਸਲੇਟ ਵਲੋਂ ਚੋਣ ਲੜ ਰਹੇ ਹਨ। ਸਿੱਖ ਪੰਚਾਇਤ ਨੇ ਪੜ੍ਹੇ ਲਿਖੇ, ਪੰਥਕ ਕਾਰਜਾਂ ਵਿੱਚ ਸੇਵਾਵਾਂ ਨਿਭਾਉਣ ਵਾਲੇ ਉਮੀਦਵਾਰਾਂ ਦੇ ਹੱਕ ਵਿੱਚ 12 ਮਾਰਚ 2023 ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਸਿੱਖ ਭਾਈਚਾਰੇ ਵਿਚ ਆਪਸੀ ਮੇਲ ਮਿਲਾਪ ਵਧਾ ਕੇ ਗੁਰਦੁਆਰਾ ਸਾਹਿਬ ਵਿਚ ਸੁਖਾਵਾਂ ਮਾਹੌਲ ਸਿਰਜਣ ਅਤੇ ਚੱਲ ਰਹੇ ਪ੍ਰੋਜੈਕਟਾਂ ਨੂੰ ਨੇਪਰੇ ਚਾੜ੍ਹਿਆ ਜਾ ਸਕੇ।

# ਆਮਦਨ ਕਰ ਵਿਭਾਗ ਦੀਆਂ ਟੀਮਾਂ ਵੱਲੋਂ ਦਿੱਲੀ ਤੇ ਮੁੰਬਈ ਸਥਿਤ ਬੀ.ਬੀ.ਸੀ. ਦਫ਼ਤਰਾਂ ਉੱਪਰ ਛਾਪੇ

## ਬੀ.ਬੀ.ਸੀ. ਨੇ ਕਿਹਾ ਕਿ ਸਾਡੇ ਵੱਲੋਂ 'ਪੂਰਾ ਸਹਿਯੋਗ' ਰਹੇਗਾ

### ➢ ਭਾਜਪਾ ਵੱਲੋਂ ਬੀ.ਬੀ.ਸੀ. ਨੂੰ ਦੁਨੀਆ ਦੀ ਸਭ ਤੋਂ 'ਭ੍ਰਿਸ਼ਟ ਬਕਵਾਸ ਕਾਰਪੋਰੇਸ਼ਨ' ਕਰਾਰ ➢ਆਪ ਤੇ ਕਾਂਗਰਸ ਵੱਲੋਂ ਨਿੰਦਾ

ਨਵੀਂ ਦਿੱਲੀ/ਏ.ਟੀ.ਨਿਊਜ਼ :- ਆਮਦਨ ਕਰ ਵਿਭਾਗ ਦੀਆਂ ਕਈ ਟੀਮਾਂ ਨੇ ਬੀਤੇ ਦਿਨੀਂ ਦਿੱਲੀ ਤੇ ਮੁੰਬਈ ਸਥਿਤ ਬੀਬੀਸੀ ਦੇ ਦਫ਼ਤਰਾਂ ਵਿੱਚ ਛਾਪੇ ਮਾਰੇ। ਵਰਨਣਯੋਗ ਹੈ ਕਿ ਬੀਤੇ ਦਿਨੀਂ ਬੀਬੀਸੀ ਨੇ ਗੋਦਰਾ ਕਾਂਡ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਡਾਕੂਮੈਂਟਰੀ ਜਾਰੀ ਕੀਤੀ ਸੀ ਤੇ ਇਸ ਖ਼ਿਲਾਫ਼ ਸਰਕਾਰ ਨੇ ਕਾਫ਼ੀ ਨਾਰਾਜ਼ਗੀ ਪ੍ਰਗਟਾਈ ਸੀ। ਇਨਕਮ ਟੈਕਸ ਦੀ ਇਹ ਕਾਰਵਾਈ ਬ੍ਰਿਟੇਨ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਕਰਨ ਵਾਲੀ ਇੱਕ ਦਸਤਾਵੇਜ਼ੀ ਫਿਲਮ ਦੇ ਪ੍ਰਸਾਰਣ ਦੇ ਕੁਝ ਹਫ਼ਤਿਆਂ ਬਾਅਦ ਹੋਈ ਹੈ। ਉਧਰ ਬੀਬੀਸੀ ਨੇ ਕਿਹਾ ਕਿ ਉਹ 'ਪੂਰਾ ਸਹਿਯੋਗ' ਕਰ ਰਿਹਾ ਹੈ ਅਤੇ ਉਮੀਦ ਹੈ ਕਿ ਇਹ ਜਲਦੀ ਹੀ ਠੀਕ ਹੋ ਜਾਵੇਗਾ। ਬੀਬੀਸੀ ਦੇ ਬਿਆਨ ਮੁਤਾਬਕ, 'ਆਸ ਹੈ ਕਿ ਇਹ ਸਥਿਤੀ ਜਲਦੀ ਹੀ ਸੁਲਝ ਜਾਵੇਗੀ।'




ਇਸ ਦੌਰਾਨ ਭਾਜਪਾ ਨੇ ਬੀਬੀਸੀ ਨੂੰ ਦੁਨੀਆ ਦੀ ਸਭ ਤੋਂ 'ਭ੍ਰਿਸ਼ਟ ਬਕਵਾਸ ਕਾਰਪੋਰੇਸ਼ਨ' ਕਰਾਰ ਦਿੱਤਾ ਅਤੇ ਕਿਹਾ ਕਿ ਮੀਡੀਆ ਸਮੂਹ ਦੇ ਖਿਲਾਫ ਆਮਦਨ ਕਰ ਵਿਭਾਗ ਦਾ ਛਾਪਾ ਨਿਯਮਾਂ ਅਤੇ ਸੰਵਿਧਾਨ ਅਧੀਨ ਹੈ।

ਭਾਜਪਾ ਦੇ ਬੁਲਾਰੇ ਗੌਰਵ ਭਾਟੀਆ ਨੇ ਇਸ ਕਾਰਵਾਈ ਨੂੰ ਲੈ ਕੇ ਸਰਕਾਰ 'ਤੇ ਹਮਲਾ ਕਰਨ ਲਈ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਦੀ ਵੀ ਆਲੋਚਨਾ ਕੀਤੀ ਅਤੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਬੀਬੀਸੀ 'ਤੇ ਪਾਬੰਦੀ ਲਗਾਈ ਸੀ।

ਵਿਰੋਧੀ ਧਿਰ ਕਾਂਗਰਸ ਨੇ ਕਿਹਾ ਹੈ ਕਿ ਇਸ ਕਾਰਵਾਈ ਨੇ ਸਾਬਤ ਕਰ ਦਿੱਤਾ ਹੈ ਕਿ ਮੋਦੀ ਸਰਕਾਰ ਆਪਣੀ ਨਿੰਦਾ ਤੋਂ ਪ੍ਰੇਸ਼ਾਨ ਹੋ ਜਾਂਦੀ ਹੈ ਤੇ ਡਰ ਕੇ ਹੋਛੀਆਂ ਹਰਕਤਾਂ ਕਰ ਰਹੀ ਹੈ।

ਆਮ ਆਦਮੀ ਪਾਰਟੀ ਨੇ ਕਿਹਾ ਹੈ ਕਿ ਮੋਦੀ ਸਰਕਾਰ ਆਪਣੀ ਤਾਨਾਸ਼ਾਹੀ ਦੇ ਸਿਖ਼ਰ 'ਤੇ ਪੁੱਜ ਗਈ ਹੈ।

**ਐਡੀਟਰਜ਼ ਗਿਲਡ ਆਫ ਇੰਡੀਆ ਤੇ ਇੰਡੀਅਨ ਜਰਨਲਿਸਟ ਵਲੋਂ ਛਾਪਿਆਂ ਦੀ ਨਿੰਦਾ**

ਭਾਰਤ ਵਿੱਚ ਅਜ਼ਾਦ ਪ੍ਰੈੱਸ ਨੂੰ ਉਤਸ਼ਾਹਿਤ ਕਰਨ ਵਾਲੀ ਗ਼ੈਰ-ਲਾਭਕਾਰੀ ਜਥੇਬੰਦੀ ਐਡੀਟਰਜ਼ ਗਿਲਡ ਆਫ ਇੰਡੀਆ ਨੇ ਇਸ ਤਲਾਸ਼ੀ ਪ੍ਰਕਿਰਿਆ ਉੱਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

ਐਡੀਟਰਜ਼ ਗਿਲਡ ਨੇ ਕਿਹਾ, 'ਇਹ ਸਰਕਾਰੀ ਏਜੰਸੀਆਂ ਦੀ ਵਰਤੋਂ ਉਨ੍ਹਾਂ ਪ੍ਰੈੱਸ ਸੰਗਠਨਾਂ ਨੂੰ ਡਰਾਉਣ ਅਤੇ ਪ੍ਰੇਸ਼ਾਨ ਕਰਨ ਦੇ ਰੁਝਾਨ ਦੀ ਲਗਾਤਾਰਤਾ ਹੈ, ਜੋ ਸਰਕਾਰੀ ਨੀਤੀਆਂ ਜਾਂ ਸੱਤਾ ਧਿਰ ਦੀ ਆਲੋਚਨਾ ਕਰਦੇ ਹਨ।'

ਇੰਡੀਅਨ ਜਰਨਲਿਸਟ ਯੂਨੀਅਨ (ਆਈਜੇਯੂ) ਨੇ ਬੀਬੀਸੀ ਦੇ ਦਿੱਲੀ ਅਤੇ ਮੁੰਬਈ ਸਥਿਤ ਦਫ਼ਤਰਾਂ ਵਿੱਚ ਆਮਦਨ ਕਰ ਵਿਭਾਗ ਦੇ ਛਾਪਿਆਂ ਦੀ ਨਿੰਦਾ ਕੀਤੀ। ਜਥੇਬੰਦੀ ਦੇ ਪ੍ਰਧਾਨ ਕੇ ਸ੍ਰੀਨਿਵਾਸ ਰੈੱਡੀ ਅਤੇ ਸਕੱਤਰ ਜਨਰਲ ਬਲਵਿੰਦਰ ਸਿੰਘ ਜੰਮੂ ਨੇ ਕਿਹਾ ਕਿ ਆਮਦਨ ਕਰ ਵਿਭਾਗ ਵੱਲੋਂ ਸਰਵੇ ਦੇ ਨਾਮ 'ਤੇ ਮੀਡੀਆ ਘਰਾਣਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮੀਡੀਆ ਦੀ ਆਵਾਜ਼ ਨੂੰ ਦਬਾਉਣ ਲਈ ਆਪਣੀ ਸ਼ਕਤੀਆਂ ਦੀ ਦੁਰਵਰਤੋਂ ਕਰ ਰਹੀ ਹੈ।

# ਕੈਨੇਡਾ ਹੁਣ ਇਮੀਗ੍ਰੇਸ਼ਨ ਪ੍ਰਤੀ ਹਾਂ-ਪੱਖੀ ਰਵੱਈਆ ਅਪਣਾਏਗਾ

ਟੋਰਾਂਟੋ/ਏ.ਟੀ.ਨਿਊਜ਼ :- ਕੈਨੇਡਾ ਦਾ ਵੀਜ਼ਾ ਅਪਲਾਈ ਕਰਨ ਵਾਲੇ ਬਹੁਤ ਸਾਰੇ ਅਰਜ਼ੀਕਰਤਾਵਾਂ ਨੂੰ ਹਰੇਕ ਸਾਲ ਇਸ ਕਰਕੇ ਨਿਰਾਸ਼ਾ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ ਕਿਉਂਕਿ ਵੀਜ਼ਾ ਅਫ਼ਸਰਾਂ ਵਲੋਂ ਅਕਸਰ ਘੜਿਆ-ਘੜਾਇਆ ਜਵਾਬ ਦੇ ਦਿੱਤਾ ਜਾਂਦਾ ਹੈ ਕਿ ਜੇਕਰ ਵੀਜ਼ਾ ਦੇ ਦਿੱਤਾ ਤਾਂ ਉਹ ਵਾਪਸ ਨਹੀਂ ਪਰਤਣਗੇ ਜਾਂ ਲੰਬਾ ਸਮਾਂ ਓਥੇ ਰੁਕੇ ਰਹਿਣਗੇ।ਅਫ਼ਸਰਾਂ ਦੇ ਇਸ ਵਤੀਰੇ ਵਿੱਚ ਤਬਦੀਲੀ ਆਉਣ ਦੀ ਸੰਭਾਵਨਾ ਬਣੀ ਹੈ, ਕਿਉਂਕਿ ਹੁਣ ਦੇਸ਼ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖ ਦਿੱਤਾ ਹੈ ਕਿ 'ਓਵਰ ਸਟੇਅ' ਦੀ ਸ਼ੱਕ ਨੂੰ ਵੱਡਾ ਮੁੱਦਾ ਨਹੀਂ ਬਣਾਇਆ ਜਾਣਾ ਚਾਹੀਦਾ। ਰਾਜਧਾਨੀ ਓਟਾਵਾ ਵਿਚ ਦੋ ਕੁ ਦਰਜਨ ਨਰਸਿੰਗ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਇਮੀਗ੍ਰੇਸ਼ਨ ਸਿਸਟਮ ਵਿਚ ਵੀਜ਼ਾ ਅਰਜ਼ੀ ਦਾ ਨਿਰੀਖਣ ਕਰਦੇ ਸਮੇਂ ਨਰਮ ਪਹੁੰਚ ਅਪਣਾਈ ਜਾਣੀ ਚਾਹੀਦੀ ਹੈ। ਟਰੂਡੋ ਨੇ ਆਖਿਆ ਕਿ ਅਰਜ਼ੀਕਰਤਾ ਕੋਲ਼ ਆਪਣੇ ਦੇਸ਼ ਵਿਚ ਘਰ, ਚੰਗੀ ਨੌਕਰੀ ਅਤੇ ਸਥਾਪਤੀ ਹੋਵੇ ਤਾਂ ਵੀਜ਼ਾ ਅਫ਼ਸਰਾਂ ਦੀ ਤਸੱਲੀ ਹੋ ਜਾਂਦੀ ਹੈ ਪਰ ਪਰਿਵਾਰਕ ਤੌਰ 'ਤੇ ਕੈਨੇਡਾ ਵਿੱਚ ਆਉਣ ਦੇ ਚਾਹਵਾਨ ਲੋਕਾਂ ਦੀਆਂ ਅਰਜ਼ੀਆਂ ਨੂੰ ਆਮ ਤੌਰ 'ਤੇ ਪਰਖ ਦੀਆਂ ਘੜੀਆਂ ਵਿਚੋਂ ਲੰਘਾਇਆ ਜਾਂਦਾ ਹੈ ਜਦਕਿ ਵਿਦੇਸ਼ ਵਿੱਚ ਰਹਿੰਦੇ ਮਾਤਾ ਅਤੇ ਪਿਤਾ ਨੂੰ ਕੈਨੇਡਾ 'ਚ ਆਪਣੀ ਔਲਾਦ ਕੋਲ ਜਾਣ ਲਈ ਤਰ੍ਹਾਂ ਤਰ੍ਹਾਂ ਦੇ ਸਵਾਲ ਕਰਨਾ ਉਚਿਤ ਨਹੀਂ ਹੈ, ਕਿਉਂਕਿ ਪਰਿਵਾਰਕ ਸਨੇਹ ਦੀ ਕੋਈ ਸੀਮਾ ਨਹੀਂ ਹੁੰਦੀ। ਇਸ ਮੌਕੇ ਕੁਝ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਪ੍ਰਧਾਨ ਮੰਤਰੀ ਟਰੂਡੋ ਨੂੰ ਵੀਜ਼ਾ ਬਾਰੇ ਆਪਣੀਆਂ ਦਿੱਕਤਾਂ ਤੋਂ ਜਾਣੂੰ ਵੀ ਕਰਵਾਇਆ। ਇਕ ਵਿਦਿਆਰਥਣ ਨੇ ਦੱਸਿਆ ਕਿ ਮੈਂ ਕੈਨੇਡਾ 'ਚ ਹਸਪਤਾਲ ਵਿੱਚ ਦਾਖਲ ਸੀ ਤੇ ਉਸ ਸਮੇਂ ਦੌਰਾਨ ਮੇਰੀ ਮਾਤਾ ਨੂੰ ਦੋ ਵਾਰੀ ਵੀਜ਼ਾ ਤੋਂ ਨਾਂਹ ਕੀਤੀ ਗਈ। ਸ੍ਰੀ ਟਰੂਡੋ ਨੇ ਇਸ ਬਾਰੇ ਅਫਸੋਸ ਦਾ ਪ੍ਰਗਟਾਵਾ ਕੀਤਾ ਅਤੇ ਆਖਿਆ ਕਿ ਇਮੀਗ੍ਰੇਸ਼ਨ ਵਿਭਾਗ ਨੂੰ ਵੀਜ਼ਾ ਅਰਜੀਆਂ ਉਪਰ ਵਿਚਾਰ ਕਰਦੇ ਸਮੇਂ ਹਮਦਰਦੀ ਵਾਲੀ ਪਹੁੰਚ ਅਪਨਾਉਣ ਬਾਰੇ ਕਿਹਾ ਜਾ ਚੁੱਕਾ ਹੈ ਅਤੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਵਧੀਆ ਕੰਮ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਕੈਨੇਡਾ ਨੂੰ ਇਮੀਗ੍ਰੇਸ਼ਨ ਪ੍ਰਤੀ ਹਾਂਪੱਖੀ ਰਵੱਈਆ ਧਾਰਨ ਕਰਨਾ ਪਵੇਗਾ, ਕਿਉਂਕਿ ਦੇਸ਼ ਵਿੱਚ ਸਿੱਖਿਅਤ ਅਤੇ ਕ੍ਰਿਤੀ ਕਾਮਿਆਂ ਦੀ ਘਾਟ ਹੈ ਅਤੇ ਕੈਨੇਡਾ ਵਾਸੀ ਭਲੀਭਾਂਤ ਸਮਝਦੇ ਹਨ ਕਿ ਦੇਸ਼ ਦੀ ਆਰਥਿਕਤਾ ਨੂੰ ਚੱਲਦਾ ਰੱਖਣ ਲਈ ਇਮੀਗ੍ਰੇਸ਼ਨ ਸਾਡੀ ਜ਼ਰੂਰਤ ਹੈ। ਮੰਤਰੀ ਫਰੇਜ਼ਰ ਨੇ ਆਖਿਆ ਹੈ ਕਿ ਕੈਨੇਡਾ ਰਹਿ ਰਹੇ ਲੋਕਾਂ ਦੇ ਵਿਦੇਸ਼ਾਂ ਤੋਂ ਪਰਿਵਾਰਕ ਜੀਆਂ ਅਤੇ ਰਿਸ਼ਤੇਦਾਰਾਂ ਨੂੰ ਵੀਜ਼ਾ ਜਾਰੀ ਕਰਨ ਸਮੇਂ ਨਰਮ ਪਹੁੰਚ ਅਪਣਾਏ ਜਾਣ ਬਾਰੇ ਮੰਤਰਾਲੇ ਵਲੋਂ ਕੰਮ ਚੱਲ ਰਿਹਾ ਹੈ।



# ਪੱਤਰਕਾਰ ਗੌਰੀ ਲੰਕੇਸ਼ ਦੇ ਜਨਮ ਦਿਨ ਮੌਕੇ ਸਰੀ 'ਚ ਦਿਖਾਈ ਬੀ.ਬੀ.ਸੀ. ਡਾਕੂਮੈਂਟਰੀ



ਸਰੀ/ਏ.ਟੀ.ਨਿਊਜ਼ :- ਕੈਨੇਡਾ ਤੋਂ ਪ੍ਰਕਾਸ਼ਿਤ ਹੁੰਦੇ ਆਨਲਾਈਨ ਪਰਚੇ 'ਰੈਡੀਕਲ ਦੇਸੀ' ਨੇ ਬੀਬੀਸੀ ਦੀ ਦੋ ਐਪੀਸੋਡ ਵਿੱਚ ਤਿਆਰ ਕੀਤੀ ਦਸਤਾਵੇਜ਼ੀ ਫਿਲਮ 'ਇੰਡੀਆ : ਦਿ ਮੋਦੀ ਕੁਐਸਚਨ' ਸਰੀ ਸਥਿਤ ਸਟਰਾਬੈਰੀ ਹਿੱਲ ਲਾਇਬ੍ਰੇਰੀ ਵਿਖੇ ਦਿਖਾਈ। ਇਸ ਦਸਤਾਵੇਜ਼ੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕੰਮ ਕਰਨ ਦੇ ਢੰਗ-ਤਰੀਕਿਆਂ, ਖਾਸਕਰ 2002 ਵਿੱਚ ਹੋਏ ਮੁਸਲਮਾਨਾਂ ਦੇ ਕਤਲੇਆਮ (ਜਦੋਂ ਉਹ ਉੱਥੇ ਮੁੱਖ ਮੰਤਰੀ ਸਨ) ਬਾਰੇ ਤਿੱਖੀ ਨੁਕਤਾਚੀਨੀ ਕੀਤੀ ਗਈ ਹੈ।

ਇਸ ਦਸਤਾਵੇਜ਼ੀ ਫਿਲਮ ਦੀ ਸਕਰੀਨਿੰਗ ਉੱਘੀ ਪੱਤਰਕਾਰ ਗੌਰੀ ਲੰਕੇਸ਼ ਦੇ ਜਨਮ ਦਿਨ ਮੌਕੇ ਕੀਤੀ ਗਈ, ਜਿਸ ਨੂੰ ਕੱਟੜਪੰਥੀਆਂ ਨੇ 2017 ਵਿੱਚ ਕਤਲ ਕਰ ਦਿੱਤਾ ਸੀ। ਗੌਰੀ ਲੰਕੇਸ਼ ਨੇ ਪੱਤਰਕਾਰ ਰਾਣਾ ਅਯੂਬ ਦੀ ਗੁਜਰਾਤ ਹਿੰਸਾ ਬਾਰੇ ਲਿਖੀ ਕਿਤਾਬ 'ਗੁਜਰਾਤ ਫਾਈਲਜ਼' ਕੰਨੜ ਵਿਚ ਅਨੁਵਾਦ ਕੀਤੀ ਸੀ।

ਇਹ ਸਮਾਗਮ ਸ਼ੁਰੂ ਹੋਣ ਮੌਕੇ ਪ੍ਰਗਤੀਸ਼ੀਲ ਪੰਜਾਬੀ ਕਵੀ ਅੰਮ੍ਰਿਤ ਦੀਵਾਨਾ ਨੇ ਗੌਰੀ ਲੰਕੇਸ਼ ਨੂੰ ਸਮਰਪਿਤ ਕਵਿਤਾ ਸੁਣਾਈ। 'ਰੈਡੀਕਲ ਦੇਸੀ' ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਕੈਨੇਡੀਅਨ ਸਿਆਸਤਦਾਨ, ਖਾਸਕਰ ਭਾਰਤੀ ਮੂਲ ਦੇ ਸਿਆਸਤਦਾਨ, ਕਿਊਬੈਕ ਵਿਚ 29 ਜਨਵਰੀ 2017 ਨੂੰ ਹੋਈ ਨਫ਼ਰਤੀ ਹਿੰਸਾ ਦੇ ਖਿਲਾਫ ਤਾਂ ਆਵਾਜ਼ ਬੁਲੰਦ ਕਰਦੇ ਹਨ, ਪਰ ਨਵੀਂ ਦਿੱਲੀ ਸਰਕਾਰ ਜਦੋਂ ਘੱਟਗਿਣਤੀਆਂ ਨਾਲ ਵਿਤਕਰਾ ਕਰਦੀ ਹੈ, ਤਾਂ ਉਸ ਸਰਕਾਰ ਖਿਲਾਫ ਕੁਝ ਨਹੀਂ ਬੋਲਦੇ।

ਫਿਲਮ ਦੀ ਸਕਰੀਨਿੰਗ ਤੋਂ ਬਾਅਦ ਸਵਾਲਾਂ-ਜਵਾਬਾਂ ਦਾ ਦੌਰ ਵੀ ਚੱਲਿਆ। ਇਸ ਮੌਕੇ ਨਸਲਪ੍ਰਸਤੀ ਵਿਰੋਧੀ ਕਾਰਕੁਨ ਇਮਤਿਆਜ਼ ਪੋਪਟ, ਨਸਲਪ੍ਰਸਤੀ ਵਿਰੋਧੀ ਐਜੂਕੇਟਰ ਐਨੀ ਓਹਾਨਾ, ਮਨੁੱਖੀ ਹੱਕਾਂ ਦੇ ਕਾਰਕੁਨ ਸੁਨੀਲ ਕੁਮਾਰ, ਪੱਤਰਕਾਰ ਗੁਰਪ੍ਰੀਤ ਸਿੰਘ ਸਹੋਤਾ ਅਤੇ ਲੇਖਕ ਕੰਵਲ ਗਿੱਲ ਨੇ ਵੀ ਸੰਬੋਧਨ ਕੀਤਾ।

## ਯੂਕਰੇਨ ਨਾਲ ਜੰਗ ਤੋਂ ਦੁਖੀ ਰੂਸ ਛੱਡ ਅਰਜਨਟੀਨਾ ਪੁੱਜੀਆਂ 5000 ਤੋਂ ਵੱਧ ਗਰਭਵਤੀ ਔਰਤਾਂ

ਲੰਡਨ/ਏ.ਟੀ.ਨਿਊਜ਼ : - ਪਿਛਲੇ ਕੁਝ ਮਹੀਨਿਆਂ ਵਿਚ 5000 ਤੋਂ ਵੱਧ ਗਰਭਵਤੀ ਰੂਸੀ ਔਰਤਾਂ ਅਰਜਨਟੀਨਾ ਪਹੁੰਚੀਆਂ ਹਨ। ਇਹ ਰੂਸੀ ਔਰਤਾਂ ਇਹ ਯਕੀਨੀ ਬਣਾਉਣਾ ਚਾਹੁੰਦੀਆਂ ਹਨ ਕਿ ਉਨ੍ਹਾਂ ਦੇ ਬੱਚੇ ਰੂਸ ਤੋਂ ਦੂਰ ਅਰਜਨਟੀਨਾ ਵਿੱਚ ਪੈਦਾ ਹੋਣ। ਅਰਜਨਟੀਨਾ 'ਚ ਪੈਦਾ ਹੋਏ ਬੱਚਿਆਂ ਨੂੰ ਆਪਣੇ ਆਪ ਹੀ ਉਥੋਂ ਦੀ ਨਾਗਰਿਕਤਾ ਮਿਲ ਜਾਂਦੀ ਹੈ।



ਦਾ ਗਾਰਡੀਅਨ ਡਾਟ ਕਾਮ ਦੀ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਰੂਸੀ ਔਰਤਾਂ ਦਾ ਇਹ ਕਦਮ ਉਨ੍ਹਾਂ ਦੇ ਦੇਸ਼ ਦੀ ਯੂਕ੍ਰੇਨ ਨਾਲ ਜੰਗ ਦਾ ਨਤੀਜਾ ਹੈ। ਦੋ ਦਿਨ ਪਹਿਲਾਂ 33 ਗਰਭਵਤੀ ਰੂਸੀ ਔਰਤਾਂ ਨੂੰ ਲੈ ਕੇ ਇਕ ਫਲਾਈਟ ਅਰਜਨਟੀਨਾ ਦੀ ਰਾਜਧਾਨੀ ਬਿਊਨਸ ਆਇਰਸ ਪਹੁੰਚੀ ਸੀ। ਇਨ੍ਹਾਂ ਵਿਚੋਂ 3 ਨੂੰ ਦਸਤਾਵੇਜ਼ ਪੂਰੇ ਨਾ ਹੋਣ 'ਤੇ ਹਿਰਾਸਤ 'ਚ ਲੈ ਲਿਆ ਗਿਆ। ਰੂਸੀ ਔਰਤਾਂ ਨੇ ਸ਼ੁਰੂ ਵਿੱਚ ਅਰਜਨਟੀਨਾ 'ਚ ਸੈਲਾਨੀਆਂ ਵਜੋਂ ਆਉਣ ਦਾ ਦਾਅਵਾ ਕੀਤਾ ਸੀ ਪਰ ਪਤਾ ਲੱਗਿਆ ਕਿ ਉਹ ਸੈਰ-ਸਪਾਟੇ ਨਾਲੋਂ ਹਸਪਤਾਲਾਂ ਵਿਚ ਜ਼ਿਆਦਾ ਦਿਲਚਸਪੀ ਰੱਖਦੀਆਂ ਹਨ। ਕਈ ਰੂਸੀ ਔਰਤਾਂ ਨੇ ਖੁਦ ਇਸ ਗੱਲ ਨੂੰ ਮੰਨਿਆ ਹੈ। ਰੂਸੀ ਔਰਤਾਂ ਚਾਹੁੰਦੀਆਂ ਹਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਅਰਜਨਟੀਨਾ ਦੀ ਨਾਗਰਿਕਤਾ ਮਿਲੇ, ਕਿਉਂਕਿ ਅਰਜਨਟੀਨਾ ਦਾ ਪਾਸਪੋਰਟ ਰੂਸੀ ਪਾਸਪੋਰਟ ਨਾਲੋਂ ਜ਼ਿਆਦਾ ਅਜ਼ਾਦੀ ਦਿੰਦਾ ਹੈ। ਇਕ ਰੂਸੀ ਪਾਸਪੋਰਟ ਸਿਰਫ਼ 87 ਦੇਸ਼ਾਂ ਵਿਚ ਵੀਜ਼ਾ-ਮੁਕਤ ਯਾਤਰਾ ਦੀ ਆਗਿਆ ਦਿੰਦਾ ਹੈ, ਜਦਕਿ ਅਰਜਨਟੀਨਾ ਪਾਸਪੋਰਟ 171 ਦੇਸ਼ਾਂ ਵਿਚ ਵੀਜ਼ਾ-ਮੁਕਤ ਪ੍ਰਵੇਸ਼ ਦੀ ਆਗਿਆ ਦਿੰਦਾ ਹੈ। ਰੂਸੀ ਔਰਤਾਂ ਦੇ ਅਰਜਨਟੀਨਾ ਆਉਣ ਦਾ ਇਕ ਹੋਰ ਕਾਰਨ ਇੱਥੇ ਉਪਲਬਧ ਉੱਚ-ਗੁਣਵੱਤਾ ਵਾਲੀਆਂ ਦਵਾਈਆਂ ਅਤੇ ਵੱਡੀ ਗਿਣਤੀ 'ਚ ਚੰਗੇ ਹਸਪਤਾਲ ਹਨ।

### ਬ੍ਰਿਟਿਸ਼ ਮੈਡੀਕਲ ਜਰਨਲ ਵਿੱਚ ਪ੍ਰਕਾਸ਼ਿਤ ਰਿਪੋਰਟ

## ਪਤੀ-ਪਤਨੀ ਇਕੱਠੇ ਰਹਿਣ ਤਾਂ ਸ਼ੂਗਰ ਸਮੇਤ ਕਈ ਬਿਮਾਰੀਆਂ ਤੋਂ ਬਚੇ ਰਹਿਣਗੇ



ਵਾਸ਼ਿੰਗਟਨ/ਏ.ਟੀ.ਨਿਊਜ਼ :- ਉਮਰ ਵਧਣ ਦੇ ਨਾਲ-ਨਾਲ ਸ਼ੂਗਰ-ਬੀਪੀ ਵਰਗੀਆਂ ਬੀਮਾਰੀਆਂ ਘੇਰਨ ਲੱਗਦੀਆਂ ਹਨ ਪਰ ਨਵੀਂ ਖੋਜ ਤੋਂ ਪਤਾ ਲੱਗਾ ਹੈ ਕਿ ਇਕੱਠੇ ਰਹਿਣ ਵਾਲੇ ਜੋੜਿਆਂ ਵਿੱਚ ਸ਼ੂਗਰ ਦਾ ਪੱਧਰ ਘੱਟ ਰਹਿੰਦਾ ਹੈ। ਉਹ ਸ਼ੂਗਰ ਵਧਣ ਤੋਂ ਬਚੇ ਰਹਿੰਦੇ ਹਨ। ਬ੍ਰਿਟਿਸ਼ ਮੈਡੀਕਲ ਜਰਨਲ ਵਿਚ ਛਪੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਤੀ-ਪਤਨੀ ਦਾ ਰਿਸ਼ਤਾ ਚੰਗਾ ਹੋਵੇ ਜਾਂ ਮਾੜਾ ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਉਨ੍ਹਾਂ ਦੇ ਇਕੱਠੇ ਰਹਿਣ ਨਾਲ ਬਲੱਡ ਸ਼ੂਗਰ ਦਾ ਪੱਧਰ ਘੱਟ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਜਦੋਂ ਕਿ ਤਲਾਕ ਜਾਂ ਹੋਰ ਕਾਰਨਾਂ ਕਰਕੇ ਵੱਖ ਹੋਣ 'ਤੇ ਬਲੱਡ ਸ਼ੂਗਰ ਲੈਵਲ ਵਧਣ ਦਾ ਖਤਰਾ ਜ਼ਿਆਦਾ ਹੁੰਦਾ ਹੈ। ਕਈ ਵਾਰ ਡਾਇਬਟੀਜ਼ ਟਾਈਪ-2 ਇਕੱਲੇ ਰਹਿਣ ਵਾਲੇ ਲੋਕਾਂ ਵਿੱਚ ਵਿਕਸਿਤ ਹੋ ਜਾਂਦੀ ਹੈ। ਇਸ ਖੋਜ ਦੇ ਖੋਜਕਰਤਾ, ਕਾਰਲਟਨ ਯੂਨੀਵਰਸਿਟੀ, ਔਟਵਾ ਦੀ ਕੈਥਰੀਨ ਫੋਰਡ ਦਾ ਕਹਿਣਾ ਹੈ - ਇੰਗਲੈਂਡ ਵਿੱਚ 50 ਤੋਂ 89 ਸਾਲ ਦੀ ਉਮਰ ਦੇ 3,335 ਲੋਕਾਂ 'ਤੇ ਕੀਤੀ ਗਈ ਖੋਜ ਵਿੱਚ ਇਕੱਠੇ ਰਹਿਣ ਵਾਲਿਆਂ ਵਿੱਚ ਸ਼ੂਗਰ ਦਾ ਰੋਗ ਘੱਟ ਦੇਖਿਆ ਗਿਆ, ਪਰ ਇਸ ਦਾ ਸਪੱਸ਼ਟ ਕਾਰਨ ਪਤਾ ਨਹੀਂ ਲੱਗ ਸਕਿਆ।

ਦਾ ਇੰਡੀਪੈਂਡਡੈਂਟ ਡਾਟ ਕਾਮ ਡਾਟ ਯੂ.ਕੇ. ਦੀ ਖਬਰ ਅਨੁਸਾਰ ਅਧਿਐਨ ਦਰਸਾਉਂਦੇ ਹਨ ਕਿ ਇਕੱਠੇ ਰਹਿਣ ਨਾਲ ਨਾ ਸਿਰਫ ਸ਼ੂਗਰ ਬਿਮਾਰੀ ਤੋਂ ਬਚਾਅ ਹੁੰਦਾ ਹੈ, ਬਲਕਿ ਬਲੱਡ ਪ੍ਰੈਸ਼ਰ ਵੀ ਕੰਟਰੋਲ ਵਿੱਚ ਰਹਿੰਦਾ ਹੈ। ਇਕੱਲੇ ਰਹਿਣ ਵਾਲੇ ਲੋਕਾਂ ਵਿੱਚ ਸ਼ੂਗਰ ਅਤੇ ਬੀਪੀ ਦੋਵਾਂ ਦੇ ਉੱਚ ਪੱਧਰ ਹੁੰਦੇ ਹਨ। ਜੋ ਜੋੜੇ ਇਕੱਠੇ ਰਹਿੰਦੇ ਹਨ ਉਨ੍ਹਾਂ ਨੂੰ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ। ਖੋਜ ਨੇ ਇਹ ਵੀ ਸਿੱਧ ਕੀਤਾ ਹੈ ਕਿ ਵਿਆਹੇ ਪੁਰਸ਼ਾਂ ਦੀ ਔਸਤ ਉਮਰ ਇਕੱਲੇ ਰਹਿਣ ਵਾਲੇ ਮਰਦਾਂ ਨਾਲੋਂ ਲਗਭਗ 10 ਸਾਲ ਜ਼ਿਆਦਾ ਹੁੰਦੀ ਹੈ।

ਯੂਨੀਵਰਸਿਟੀ ਆਫ ਈਸਟ ਐਂਗਲੀਆ ਦੇ ਖੋਜਕਰਤਾ ਕ੍ਰਿਸ ਐਮ ਵਿਲਸਨ ਨੇ ਆਪਣੀ ਖੋਜ 'ਹਾਊ ਡਜ਼ ਮੈਰਿਜ ਇਫੈਕਟ ਫਿਜ਼ੀਕਲ ਐਂਡ ਸਾਈਕੋਲੋਜੀਕਲ ਹੈਲਥ' ਵਿੱਚ ਕਿਹਾ ਹੈ- ਵਿਆਹ ਦਾ ਫਾਇਦਾ ਮਨੋਵਿਗਿਆਨਕ ਪੱਧਰ 'ਤੇ ਔਰਤਾਂ ਦੇ ਮੁਕਾਬਲੇ ਮਰਦਾਂ ਨੂੰ ਜ਼ਿਆਦਾ (ਬਾਕੀ ਸਫ਼ਾ 30 'ਤੇ)

## ਪੈਂਕ੍ਰਿਆਜ਼ ਦੇ ਕੈਂਸਰ ਤੋਂ ਪੀੜ੍ਹਤ ਹੋ ਰਹੀਆਂ ਨੇ ਔਰਤਾਂ

ਨਿਊਯਾਰਕ/ਏ.ਟੀ.ਨਿਊਜ਼ :- ਪੈਂਕ੍ਰਿਆਜ਼ ਦੇ ਕੈਂਸਰ ਨੂੰ ਲੈ ਕੇ ਨਵਾਂ ਅਧਿਐਨ ਕੀਤਾ ਗਿਆ ਹੈ। ਇਸ ਦਾ ਦਾਅਵਾ ਹੈ ਕਿ ਇਸ ਖ਼ਤਰਨਾਕ ਬਿਮਾਰੀ ਨਾਲ ਮਰਦਾਂ ਤੋਂ ਜ਼ਿਆਦਾ ਔਰਤਾਂ ਪੀੜਤ ਹੋ ਰਹੀਆਂ ਹਨ। ਵੱਡੇ ਪੱਧਰ 'ਤੇ ਕੀਤੇ ਗਏ ਇਕ ਸਰਵੇ 'ਚ ਔਰਤਾਂ 'ਚ ਪੈਂਕ੍ਰਿਏਟਿਕ ਕੈਂਸਰ ਦੀ ਦਰ 'ਚ ਤੇਜ਼ੀ ਨਾਲ ਵਾਧੇ ਦਾ ਪਤਾ ਲੱਗਾ ਹੈ ਜਦਕਿ ਇਸ ਦੇ ਮੁਕਾਬਲੇ ਮਰਦਾਂ 'ਚ ਇਹ ਦਰ ਘੱਟ ਪਾਈ ਗਈ ਹੈ।

ਅਮਰੀਕਾ ਦੇ ਸੀਡਰਸ-ਸਿਨਾਈ ਕੈਂਸਰ ਸੈਂਟਰ ਦੇ ਖੋਜਕਰਤਾਵਾਂ ਨੇ ਇਹ ਅਧਿਐਨ ਕੀਤਾ ਹੈ। ਨਤੀਜਿਆਂ ਨੂੰ ਗੈਸਟ੍ਰੋਐਂਟਰੋਲਾਜੀ ਮੈਗਜ਼ੀਨ 'ਚ ਛਾਪਿਆ ਗਿਆ ਹੈ। ਸੀਡਰਸ-ਸਿਨਾਈ 'ਚ ਪੈਂਕ੍ਰਿਏਟਿਕ ਰਿਸਰਚ ਦੇ ਐੱਮਡੀ ਤੇ ਅਧਿਐਨ ਦੇ ਮੁੱਖ ਖੋਜਕਰਤਾ ਸ੍ਰੀਨਿਵਾਸ ਗੱਦਾਮ ਨੇ ਕਿਹਾ, 'ਅਸੀਂ ਨਤੀਜਿਆਂ ਦੇ ਆਧਾਰ 'ਤੇ ਕਹਿ ਸਕਦੇ ਹਾਂ ਕਿ ਔਰਤਾਂ 'ਚ ਪੈਂਕ੍ਰਿਏਟਿਕ ਕੈਂਸਰ ਦੀ ਦਰ ਬਹੁਤ ਤੇਜ਼ ਰਫ਼ਤਾਰ ਨਾਲ ਵਧ ਰਹੀ ਹੈ। ਇਸ 'ਤੇ ਡੂੰਘਾਈ ਨਾਲ ਖੋਜ ਕਰਨ ਦੀ ਲੋੜ ਹੈ। ਇਸ ਦੇ ਕਾਰਨ ਨੂੰ ਸਮਝਣ ਦੀ ਲੋੜ ਹੈ ਜਿਸ ਨਾਲ ਔਰਤਾਂ ਨੂੰ ਇਸ ਦੇ ਪ੍ਰਭਾਵ ਤੋਂ ਬਚਾਇਆ ਜਾ ਸਕੇ। (ਬਾਕੀ ਸਫ਼ਾ 30 'ਤੇ)

## ਸੜਕ ਹਾਦਸੇ 'ਚ ਜ਼ਖ਼ਮੀ ਹੋਈ ਭਾਰਤੀ ਵਿਦਿਆਰਥਣ ਦੀ ਹਾਲਤ ਗੰਭੀਰ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਬੈਨਟੋਨਵਿਲੇ, ਅਰਕੰਸਾਸ ਨੇੜੇ ਇਕ ਰਾਸ਼ਟਰੀ ਮਾਰਗ ਉਪਰ ਪਿਛਲੇ ਮਹੀਨੇ ਕਾਰ ਨੂੰ ਪੇਸ਼ ਆਏ ਹਾਦਸੇ ਵਿੱਚ ਗੰਭੀਰ ਰੂਪ ਵਿਚ ਜ਼ਖਮੀ ਹੋਈ ਭਾਰਤੀ ਵਿਦਿਆਰਥਣ ਸ੍ਰੀ ਲੀਕਿਤਾ ਪਿਨਾਮ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਉਹ ਵਿਚੀਤਾ ਸਟੇਟ ਯੁਨੀਵਰਸਿਟੀ ਕੰਸਾਸ ਵਿਚ ਕੰਪਿਊਟਰ ਸਾਇੰਸ ਦੀ ਵਿਦਿਆਰਥਣ ਹੈ। ਕਾਰ ਵਿੱਚ ਉਸ ਦੀ ਇਕ ਸਹੇਲੀ ਵੀ ਸੀ ਜਦਕਿ ਪਿਨਾਮ ਖੁਦ ਕਾਰ ਚਲਾ ਰਹੀ ਸੀ ਕਿ ਅਚਾਨਕ ਕਾਰ ਨਿਯੰਤਰਣ ਤੋਂ ਬਾਹਰ ਹੋ ਕੇ ਉਲਟ ਗਈ। ਪਿਨਾਮ ਦੇ ਸਿਰ ਵਿਚ ਗੰਭੀਰ ਸੱਟਾਂ ਲੱਗੀਆਂ ਤੇ ਉਹ ਬੇਹੋਸ਼ ਹੋ ਗਈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh  Manager: Pardeep Singh  Sub: Editor: Balwinderpal Singh, Sarbjeet Kaur Sarb  Online Interview Host: Balraj Pannu
Proof Editor: Prabhjot Kaur  Designer: Anil Kumar  Content Composer: Amritpal Singh  US Distributor: Amritsar Times Inc.  Owner: Amritsar Times Pvt Ltd

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਸਿੱਖ ਪੰਚਾਇਤ ਦੇ ਉਮੀਦਵਾਰ ਨੂੰ ਵੋਟਾਂ ਪਾ ਕੇ ਕਾਮਯਾਬ ਕਰੋ

SIKH PANCHAYAT ਸਿੱਖ ਪੰਚਾਇਤ



ਭਾਈ ਹਰਪ੍ਰੀਤ ਸਿੰਘ ਬੈਂਸ, ਭਾਈ ਜਸਵੰਤ ਸਿੰਘ, ਬੀਬੀ ਸੁਰਿੰਦਰਜੀਤ ਕੌਰ, ਭਾਈ ਰਾਜਿੰਦਰ ਸਿੰਘ, ਭਾਈ ਜਸਪ੍ਰੀਤ ਸਿੰਘ ਅਟਵਾਲ

**ਸਮੂਹ ਸੰਗਤਾਂ ਨੂੰ ਬੇਨਤੀ ਕਿ ਗੁਰਦੁਆਰਾ ਫਰੀਮਾਂਟ ਦੀਆਂ 12 ਮਾਰਚ ਨੂੰ ਹੋ ਰਹੀਆਂ ਚੋਣਾਂ ਵਿਚ ਗੁਰੂ ਘਰ ਅਤੇ ਗੁਰੂ ਪੰਥ ਦੀ ਚੜ੍ਹਦੀ ਕਲਾ ਲਈ ਆਓ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਕਾਮਯਾਬ ਕਰੀਏ।**



ਸ੍ਰ. ਰਵਿੰਦਰ ਸਿੰਘ ਧਾਲੀਵਾਲ



ਸ੍ਰ. ਹਰਨੇਕ ਸਿੰਘ ਨੇਕੀ



ਸ੍ਰ. ਅਮਰਜੀਤ ਸਿੰਘ ਤੂੰਗ



ਸ੍ਰ. ਗੁਰਭਿੰਦਰ ਸਿੰਘ ਭਿੰਦਾ ਗਾਖਲ



ਸ੍ਰ. ਮੇਜਰ ਸਿੰਘ ਨਿੱਝਰ



ਸ੍ਰ. ਗੁਰਨਾਮ ਸਿੰਘ ਵੜੈਚ



ਸ੍ਰ. ਗੁਰਨਾਮ ਸਿੰਘ ਟਿੱਕਾ



ਸ੍ਰ. ਕੁਲਜੀਤ ਸਿੰਘ ਨਿੱਝਰ



ਸ੍ਰ. ਪਰਮਪ੍ਰੀਤ ਸਿੰਘ ਨਿੱਝਰ



ਸ੍ਰ. ਬਲਜਿੰਦਰ ਸਿੰਘ



ਸ੍ਰ. ਜਗਜੀਤ ਸਿੰਘ ਰੱਕੜ



ਸ੍ਰ. ਰਣਜੀਤ ਸਿੰਘ ਮਾਂਗਟ



ਸ੍ਰ. ਬਲਜਿੰਦਰ ਸਿੰਘ ਧਾਲੀਵਾਲ



ਸ੍ਰ. ਮਨਜੀਤ ਸਿੰਘ ਮੁਕੇਰੀਆਂ



ਸ੍ਰ. ਬਲਕਾਰ ਸਿੰਘ



ਸ੍ਰ. ਸੁਖਪਾਲ ਸਿੰਘ ਭੂਰਾ



ਸ੍ਰ. ਇਕਬਾਲ ਸਿੰਘ ਗਿੱਲ

**ਸੈਨ ਵਾਕਿਨ ਕਾਉਂਟੀ (San Joaquin County) ਦੇ ਸਿੱਖ ਆਗੂਆਂ ਵਲੋਂ ਸਿੱਖ ਪੰਚਾਇਤ ਨੂੰ ਵੋਟਾਂ ਪਾਉਣ ਦੀ ਅਪੀਲ**

# ਗੁਰਦੁਆਰਾ ਛੇਹਰਟਾ ਸਾਹਿਬ ਦਾ ਖੂਹ ਪ੍ਰਬੰਧਕਾਂ ਦੀਆਂ ਖ਼ਾਮੀਆਂ ਕਾਰਨ ਹਰਟਾਂ ਤੋਂ ਹੋਇਆ ਵਿਹੂਣਾ

## ਗੁਰੂ ਅਰਜਨ ਦੇਵ ਜੀ ਦੇ ਉਸਾਰੇ ਖੂਹ ਨੂੰ ਇੰਜੀਨੀਅਰ ਦੀ ਰਾਏ ਅਨੁਸਾਰ ਮੁਕੰਮਲ ਕਰ ਦਿੱਤਾ ਜਾਵੇਗਾ : ਸਕੱਤਰ





ਅੰਮ੍ਰਿਤਸਰ/ਏ.ਟੀ.ਨਿਊਜ਼ :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਅੰਮ੍ਰਿਤਸਰ ਸਥਿਤ ਗੁਰਦੁਆਰਾ ਛੇਹਰਟਾ ਸਾਹਿਬ ਦਾ ਖੂਹ ਪ੍ਰਬੰਧਕਾਂ ਦੀਆਂ ਖਾਮੀਆਂ ਕਾਰਨ ਹਰਟਾਂ ਤੋਂ ਵਿਹੂਣਾ ਹੋ ਗਿਆ ਹੈ। ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਜੀ ਦੇ ਖੂਹ ਦੇ ਇਤਿਹਾਸ ਅਨੁਸਾਰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਇਸ ਇਲਾਕੇ ਦੀਆਂ ਸੰਗਤਾਂ ਵੱਲੋਂ ਖੇਤੀਯੋਗ ਪਾਣੀ ਦੀ ਘਾਟ ਕਰ ਕੇ ਸੁੱਕ ਰਹੀਆਂ ਫਸਲਾਂ ਦੇ ਹੋ ਰਹੇ ਨੁਕਸਾਨ ਦਾ ਯੋਗ ਹੱਲ ਕਰਨ ਲਈ ਬੇਨਤੀ ਕੀਤੀ ਗਈ। ਉਨ੍ਹਾਂ ਦਿਨਾਂ ਵਿਚ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁੱਖੋਂ ਲੰਮੇ ਅਰਸੇ ਬਾਅਦ 1595 ਈਸਵੀਂ ਨੂੰ ਗੁਰੂ ਹਰਗੋਬਿੰਦ ਜੀ ਨੇ ਅਵਤਾਰ ਧਾਰਿਆ ਸੀ। ਬਾਲਕ ਦੇ ਜਨਮ ਦੀ ਖੁਸ਼ੀ ਵਿਚ ਅਤੇ ਫਸਲਾਂ ਲਈ ਪਾਣੀ ਦੀ ਘਾਟ ਨੂੰ ਦੂਰ ਕਰਨ ਲਈ ਇਸ ਪਵਿੱਤਰ ਖੂਹ ਦੀ ਪੁਟਾਈ ਕਰਵਾਈ ਗਈ।

ਮਾਘ ਸੁਦੀ ਪੰਚਮੀ 1597 ਈਸਵੀ ਨੂੰ ਪੰਚਮ ਪਾਤਸ਼ਾਹ ਜੀ ਵੱਲੋਂ ਇਸ ਖੂਹ ਵਿਚ ਛੇ-ਹਰਟਾਂ (ਛੇ-ਮਾਹਲਾਂ) ਪਾ ਕੇ ਚਲਾਇਆ ਗਿਆ ਜਿਸ ਨਾਲ ਇਹ ਇਲਾਕਾ ਹਰਿਆ-ਭਰਿਆ ਹੋਇਆ, ਸੰਗਤਾਂ ਨਿਹਾਲ ਹੋਈਆਂ। ਇੱਥੇ ਛੇ-ਹਰਟਾਂ ਵਾਲੇ ਖੂਹ ਚਲਾਉਣ ਕਰ ਕੇ ਹੀ ਇਸ ਨਗਰ ਅਤੇ ਗੁਰਦੁਆਰਾ ਸਾਹਿਬ ਦਾ ਨਾਮ ਛੇਹਰਟਾ ਸਾਹਿਬ ਪਿਆ।

ਦੇਸ਼-ਵਿਦੇਸ਼ ਦੀਆਂ ਸੰਗਤਾਂ ਇਸ ਅਸਥਾਨ 'ਤੇ ਨਤਮਸਤਕ ਹੁੰਦੀਆਂ ਹਨ ਅਤੇ ਹਰ ਸਾਲ ਬਸੰਤ ਪੰਚਮੀ 'ਤੇ ਭਾਰੀ ਜੋੜ ਮੇਲਾ ਲੱਗਦਾ ਹੈ। ਇਸ ਇਤਿਹਾਸ ਨਾਲ ਸਬੰਧਤ ਖੂਹ ਵੀ ਵਰਤੋਂ ਨੂੰ ਨਿਰੰਤਰ ਰੱਖਣ ਲਈ ਪ੍ਰਬੰਧਕਾਂ ਵੱਲੋਂ ਛੇਹਰਟਾ ਵਿਚੋਂ ਪੰਜ ਹਰਟਾਂ ਪਹਿਲਾਂ ਹੀ ਬੰਦ ਕਰ ਦਿੱਤੀਆਂ ਹਨ ਜਦਕਿ ਰਹਿੰਦੀ ਇਕ ਹਰਟ ਵੀ ਟੱਟ ਜਾਣ ਕਾਰਨ ਬਾਹਰ ਕੱਢ ਦਿੱਤੀ ਹੈ ਜਿਸ ਦਾ ਸੰਗਤਾਂ ਵਿਚ ਰੋਸ ਹੈ। ਸੰਗਤਾਂ ਦੀ ਮੰਗ ਹੈ ਕਿ ਇਸ ਇਤਿਹਾਸਿਕ ਅਸਥਾਨ ਦੀ ਅਹਿਮੀਅਤ ਛੇਹਰਟਾ ਵਾਲੇ ਖੂਹ ਨਾਲ ਹੈ, ਜਿਸ ਨੂੰ ਸਦੀਵੀ ਬਰਕਰਾਰ ਰੱਖਣਾ ਜ਼ਰੂਰੀ ਹੈ।ਗੁਰਦੁਆਰਾ ਛੇਹਰਟਾ ਸਾਹਿਬ ਦੇ ਮੈਨੇਜਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਖੂਹ ਦੀਆਂ ਪੰਜ ਹਰਟਾਂ ਪਹਿਲਾਂ ਹੀ ਬੰਦ ਕਰ ਦਿੱਤੀਆਂ ਸਨ। ਇਕ ਹਰਟ ਨਾਲ ਅੰਮ੍ਰਿਤ ਜਲ ਬਾਹਰ ਕੱਢਿਆ ਜਾਂਦਾ ਹੈ, ਜੋ ਕਿ ਪਿਛਲੇ ਦਿਨੀਂ ਟੱਟ ਜਾਣ ਕਾਰਨ ਖੂਹ ਵਿਚ ਡਿੱਗ ਗਈ ਸੀ ਜਿਸ ਨੂੰ ਸੇਵਾ ਲਈ ਬਾਹਰ ਕੱਢਿਆ ਹੈ। ਇਸ ਖੂਹ ਦੀ ਸੇਵਾ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਨੂੰ ਦਿੱਤੀ ਹੈ। ਛੇਹਰਟਾ ਖੂਹ ਵਿਚ ਪੰਜ ਹਰਟਾਂ ਖ਼ਤਮ ਕਰ ਕੇ ਕੇਵਲ ਇਕ ਹਰਟ ਚਲਾਉਣ ਦਾ ਵੀ ਮੈਨੇਜਰ ਗੁਰਪ੍ਰੀਤ ਸਿੰਘ ਨੇ ਜਵਾਬ ਨਹੀਂ ਦਿੱਤਾ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਗੁਰਦੁਆਰਾ ਛੇਹਰਟਾ ਸਾਹਿਬ ਦਾ ਇਤਿਹਾਸ ਇਸ ਖੂਹ ਦੀਆਂ ਛੇਹਰਟਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸਮੇਂ ਕਾਰਨ ਜਲ ਨੀਵਾਂ ਚੱਲਿਆ ਗਿਆ ਹੈ ਪਰ ਖੂਹ ਵਿਚ ਛੇ-ਹਰਟਾਂ ਸਥਾਪਤ ਰਹਿਣਗੀਆਂ ਅਤੇ ਜਲਦ ਹੀ ਇਸ ਦੀ ਸੇਵਾ ਇੰਜੀਨੀਅਰ ਦੀ ਰਾਏ ਅਨੁਸਾਰ ਮੁਕੰਮਲ ਕਰ ਦਿੱਤੀ ਜਾਵੇਗੀ।

# ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਖ਼ਾਲਸਾ ਕਾਲਜ ਵਿਖੇ ਅੰਮ੍ਰਿਤਸਰ ਪੁਸਤਕ ਮੇਲੇ ਦਾ ਉਦਘਾਟਨ

## 70 ਦੇ ਕਰੀਬ ਪ੍ਰਕਾਸ਼ਕਾਂ ਵੱਲੋਂ ਪੁਸਤਕ ਸਟਾਲ ਲਗਾਏ





ਅੰਮ੍ਰਿਤਸਰ/ਏ.ਟੀ.ਨਿਊਜ਼ :- ਇਤਿਹਾਸਕ ਖ਼ਾਲਸਾ ਕਾਲਜ 'ਚ ਲਗਾਏ 8 ਦਿਨਾ ਅੰਮ੍ਰਿਤਸਰ ਸਾਹਿਤ ਉਤਸਵ ਤੇ ਪੁਸਤਕ ਮੇਲੇ ਦਾ ਰਸਮੀਂ ਉਦਘਾਟਨ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਕੀਤਾ ਗਿਆ।

ਇਹ ਪੁਸਤਕ ਮੇਲਾ ਜੋ 18 ਫਰਵਰੀ ਤੱਕ ਜਾਰੀ ਰਹੇਗਾ, ਵਿੱਚ ਵੱਖ-ਵੱਖ ਭਾਸ਼ਾਵਾਂ ਦੇ 70 ਦੇ ਕਰੀਬ ਪ੍ਰਕਾਸ਼ਕਾਂ ਵਲੋਂ ਪੁਸਤਕ ਸਟਾਲ ਲਗਾਏ ਗਏ ਹਨ। ਇਸ ਮੌਕੇ ਨੌਜਵਾਨਾਂ ਤੇ ਪੁਸਤਕ ਪ੍ਰੇਮੀਆਂ ਨੂੰ ਸੰਬੋਧਨ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਪੰਜਾਬੀਆਂ ਵਿੱਚ ਪੜ੍ਹਨ ਦੀ ਰੁਚੀ ਘਟਦੀ ਜਾ ਰਹੀ ਹੈ, ਜੋ ਚਿੰਤਾ ਦਾ ਵਿਸ਼ਾ ਹੈ।ਉਨ੍ਹਾਂ ਕਿਹਾ ਕਿ ਇਲੈਕਟ੍ਰੋਨਿਕ ਯੁੱਗ 'ਚ ਵੀ ਕਿਤਾਬਾਂ ਦਾ ਕੋਈ ਬਦਲ ਨਹੀਂ ਹੈ। ਪੁਸਤਕ ਮੇਲੇ ਦੀ ਪ੍ਰਧਾਨਗੀ ਕਰ ਰਹੇ ਖ਼ਾਲਸਾ ਕਾਲਜ ਗਵ: ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ ਨੌਜਵਾਨ ਵਰਗ ਨੂੰ ਪੁਸਤਕਾਂ ਨਾਲ ਜੋੜਨ ਦੇ ਮੰਤਵ ਤਹਿਤ ਹੀ ਕੌਂਸਲ ਵਲੋਂ ਸਾਲ 2015 ਤੋਂ ਵੱਡੇ ਪੱਧਰ ਦਾ ਸਾਹਿਤਕ ਪੁਸਤਕ ਮੇਲਾ ਲਗਾਇਆ ਜਾ ਰਿਹਾ ਹੈ ਤੇ ਅਸੀਂ ਅੱਜ ਕਾਫ਼ੀ ਹੱਦ ਤੱਕ ਬੱਚਿਆਂ ਨੂੰ ਪੁਸਤਕਾਂ ਨਾਲ ਜੋੜਨ 'ਚ ਸਫ਼ਲ ਹੋਏ ਹਾਂ। ਇਸ ਮੌਕੇ ਕਾਲਜ ਦਾ ਖੋਜ ਰਸਾਲਾ 'ਸੰਵਾਦ-17', 'ਖ਼ਾਲਸਾ ਕਾਲਜ ਅੰਮ੍ਰਿਤਸਰ-ਚਾਨਣ ਮੁਨਾਰਾ' (ਕੌਫੀ ਟੇਬਲ ਬੁੱਕ), ਹਰਭਜਨ ਸਿੰਘ ਚੀਮਾ ਦੀ ਪੁਸਤਕ 'ਮਹਾਰਾਜਾ ਰਣਜੀਤ ਸਿੰਘ-ਸਿੱਖ ਰਾਜ ਦੀਆਂ ਬਾਤਾਂ', ਡਾ. ਹਰਦੇਵ ਸਿੰਘ ਦੀ ਪੁਸਤਕ 'ਭਾਈ ਨੰਦ ਲਾਲ ਦੀਆਂ ਰਚਨਾਵਾਂ ਅਤੇ ਸਿੱਖ ਫ਼ਲਸਫ਼ਾ' ਅਤੇ ਅਜੈਪਾਲ ਸਿੰਘ ਢਿਲੋਂ ਦੀ ਕਾਵਿ ਪੁਸਤਕ 'ਅਜਮਲ' ਨੂੰ ਲੋਕ ਅਰਪਿਤ ਕੀਤਾ ਗਿਆ। ਪੁਸਤਕ ਮੇਲੇ ਦੇ ਦੂਜੇ ਸੈਸ਼ਨ ਵਿਚ ਡਾ. ਸੁਰਜੀਤ ਪਾਤਰ, ਲਖਵਿੰਦਰ ਜੌਹਲ, ਕੇਵਲ ਧਾਲੀਵਾਲ, ਗੁਨਬੀਰ ਸਿੰਘ, ਗਾਇਕ ਬੀਰ ਸਿੰਘ ਅਤੇ ਹਰਮਿੰਦਰ ਸਿੰਘ ਸੰਧੂ ਆਦਿ ਨੇ ਵੀ ਸ਼ਿਰਕਤ ਕੀਤੀ ਤੇ ਸਮਾਗਮ ਦਾ ਸੰਚਾਲਨ ਪੰਜਾਬੀ ਵਿਭਾਗ ਦੇ ਮੁਖੀ ਡਾ. ਆਤਮ ਸਿੰਘ ਰੰਧਾਵਾ ਤੇ ਡਾ. ਪਰਮਿੰਦਰ ਸਿੰਘ ਨੇ ਕੀਤਾ। ਡਾ. ਰੰਧਾਵਾ ਨੇ ਦੱਸਿਆ ਕਿ ਇਸ ਦੌਰਾਨ ਬੀਰ ਸਿੰਘ ਨੇ ਗਾਇਕੀ ਦੇ ਨਮੂਨੇ ਵੀ ਪੇਸ਼ ਕੀਤੇ। 'ਸੁਖਨ ਦੇ ਸੂਰਜ' ਪ੍ਰੋਗਰਾਮ ਦੌਰਾਨ ਸ਼ਾਇਰਾਂ ਡਾ. ਸੁਰਜੀਤ ਪਾਤਰ, ਡਾ. ਲਖਵਿੰਦਰ ਜੌਹਲ, ਸੁਖਵਿੰਦਰ ਅੰਮ੍ਰਿਤ, ਅਮਰਜੀਤ ਕੌਂਕੇ, ਵਿਜੇ ਵਿਵੇਕ, ਸਵਰਨਜੀਤ ਸਵੀ, ਜਸਵੰਤ ਜ਼ਫਰ, ਗੁਰਤੇਜ ਕੁਹਾਰਵਾਲਾ, ਚਰਨ ਸਿੰਘ ਕੈਨੇਡਾ, ਸਰਬਜੀਤ ਕੌਰ ਜੱਸ, ਅਰਤਿੰਦਰ ਸੰਧੂ, ਹਰਮੀਤ ਵਿਦਿਆਰਥੀ, ਬੀਬਾ ਬਲਵੰਤ ਅਤੇ ਮਦਨ ਵੀਰਾ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

# ਸ਼੍ਰੋਮਣੀ ਕਮੇਟੀ ਇਸ ਵਾਰ ਸੰਗਤ ਦੇ ਸੁਝਾਅ ਅਨੁਸਾਰ ਤਿਆਰ ਕਰੇਗੀ ਬਜਟ

ਅੰਮ੍ਰਿਤਸਰ/ਏ.ਟੀ.ਨਿਊਜ਼:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲਾਨਾ ਬਜਟ ਤਿਆਰ ਕਰਨ ਲਈ ਇਸ ਸਾਲ ਸੰਗਤ ਦੇ ਸੁਝਾਅ ਵੀ ਲਏ ਜਾਣਗੇ ਅਤੇ ਬਜਟ ਸਬੰਧੀ ਵਿਚਾਰ ਤੇ ਸੁਝਾਅ ਭੇਜਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਕ ਈਮੇਲ ਜਾਰੀ ਕੀਤੀ ਗਈ ਹੈ ਜੋ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ 'ਤੇ ਵੀ ਦਰਸਾਈ ਗਈ ਹੈ। ਸ਼੍ਰੋਮਣੀ ਕਮੇਟੀ ਦਾ ਬਜਟ ਇਜਲਾਸ ਅਗਲੇ ਮਹੀਨੇ ਮਾਰਚ ਵਿੱਚ ਸੱਦਿਆ ਜਾਣਾ ਹੈ ਜਿਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਇਕ ਸਬ-ਕਮੇਟੀ ਬਣਾਈ ਗਈ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗਰੇਵਾਲ ਨੇ ਦੱਸਿਆ ਕਿ ਇਸ ਵਾਰ ਬਜਟ ਤਰਜੀਹਾਂ ਨਿਰਧਾਰਤ ਕਰਨ ਵਾਸਤੇ ਸਬ-ਕਮੇਟੀ ਦੇ ਵਿਚਾਰ ਅਤੇ ਸੁਝਾਅ ਤੋਂ ਇਲਾਵਾ ਸੰਗਤ ਦੇ ਸੁਝਾਅ ਵੀ ਲਏ ਜਾ ਰਹੇ ਹਨ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਹੈ ਕਿ ਬਜਟ ਨੂੰ ਲੈ ਕੇ ਆਪੋ-ਆਪਣੇ ਕੀਮਤੀ ਸੁਝਾਅ ਭੇਜਣ ਤਾਂ ਜੋ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਬਜਟ ਤਿਆਰ ਕੀਤਾ ਜਾ ਸਕੇ।

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਦਾਅਵਾ ਕਿ ਪਾਵਨ ਸਰੂਪ ਲਾਪਤਾ ਨਹੀਂ ਹੋਏ, ਸਿਰਫ ਭੇਟਾ ਦੀ ਹੇਰਾਫੇਰੀ ਹੋਈ



ਅੰਮ੍ਰਿਤਸਰ/ਏ.ਟੀ.ਨਿਊਜ਼ :- ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਜਿਨ੍ਹਾਂ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੀ ਗੱਲ ਕਹੀ ਜਾ ਰਹੀ ਹੈ, ਉਹ ਅਸਲ ਵਿੱਚ ਲਾਪਤਾ ਨਹੀਂ ਹੋਏ ਹਨ ਤੇ ਨਾ ਹੀ ਕੋਈ ਬੇਅਦਬੀ ਹੋਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦਾਅਵਾ ਕੀਤਾ ਹੈ ਕਿ ਉਸ ਵੇਲੇ ਦੇ ਜ਼ਿੰਮੇਵਾਰ ਅਮਲੇ ਵੱਲੋਂ ਇਹ ਸਰੂਪ ਸੰਗਤ ਨੂੰ ਦਿੱਤੇ ਗਏ, ਪਰ ਇਨ੍ਹਾਂ ਦੀ ਭੇਟਾ ਦਰਜ ਨਹੀਂ ਕੀਤੀ ਗਈ ਤੇ ਇਹ ਭੇਟਾ ਉਨ੍ਹਾਂ ਦੀ ਜੇਬ ਵਿੱਚ ਚਲੀ ਗਈ। ਉਨ੍ਹਾਂ ਕਿਹਾ ਕਿ ਇਹ ਸਿੱਧੇ ਤੌਰ 'ਤੇ ਧੋਖਾਧੜੀ ਦਾ ਮਾਮਲਾ ਹੈ ਤੇ ਇਸ ਸਬੰਧੀ ਲਗਭਗ ਦਰਜਨ ਮੁਲਾਜ਼ਮਾਂ ਨੂੰ ਜੁਰਮਾਨਾ ਲਾਉਣ ਤੇ ਸੇਵਾਵਾਂ ਖਤਮ ਕਰਨ ਦੀ ਕਾਰਵਾਈ ਕੀਤੀ ਗਈ ਹੈ। ਇਸ ਮਾਮਲੇ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਕਰਵਾਈ ਗਈ ਜਾਂਚ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਧਾਮੀ ਨੇ ਕਿਹਾ ਕਿ ਰਿਪੋਰਟ ਵਿੱਚ ਸਪੱਸ਼ਟ ਹੈ ਇਹ ਸਰੂਪ ਸੰਗਤ ਨੂੰ ਭੇਜੇ ਗਏ ਹਨ।ਜ਼ਿਕਰਯੋਗ ਹੈ ਕਿ ਇਸ ਮਾਮਲੇ 'ਚ ਹੁਣ ਤੱਕ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਾਫ਼ੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਮੁੱਦੇ ਸਬੰਧੀ ਸਿੱਖ ਸਦਭਾਵਨਾ ਦਲ ਦਾ ਧਰਨਾ ਹੁਣ ਵੀ ਜਾਰੀ ਹੈ। ਇਸ ਤੋਂ ਇਲਾਵਾ ਹੋਰ ਕਈ ਸਿੱਖ ਜਥੇਬੰਦੀਆਂ ਵੀ ਲਗਾਤਾਰ ਸਵਾਲ ਖੜ੍ਹੇ ਕਰ ਰਹੀਆਂ ਹਨ।

# ਏ. ਐੱਸ. ਆਈ. ਨੇ ਚਾਵਾਂ ਨਾਲ ਕੈਨੇਡਾ ਭੇਜੀ ਨੂੰਹ, ਵਰਕ ਪਰਮਿਟ ਮਿਲਦਿਆਂ ਧੋਖਾ ਦੇ ਗਈ

## ਕਿਸੇ ਹੋਰ ਲੜਕੇ ਨਾਲ ਕੈਨੇਡਾ ਵਿੱਚ ਲਿਵ ਇਨ ਰਿਲੇਸ਼ਨ 'ਚ ਰਹਿਣ ਲੱਗੀ

ਜਲੰਧਰ/ਏ.ਟੀ.ਨਿਊਜ਼ :- ਜਲੰਧਰ ਕਮਿਸ਼ਨਰੇਟ ਪੁਲਿਸ ਦੇ ਏ. ਐੱਸ. ਆਈ. ਦੇ ਬੇਟੇ ਨੂੰ ਵਿਦੇਸ਼ ਲੈ ਕੇ ਜਾਣ ਦੇ ਸੁਫ਼ਨੇ ਵਿਖਾ ਕੇ ਇਕ ਸਾਲ ਪਹਿਲਾਂ ਵਿਆਹ ਕਰਵਾ ਕੇ ਆਈ ਨੂੰਹ ਧੋਖਾ ਦੇ ਗਈ। ਖੁਦ ਕੈਨੇਡਾ ਜਾ ਕੇ ਉਹ ਉਦੋਂ ਤੱਕ ਆਪਣੇ ਸਹੁਰਾ ਪਰਿਵਾਰ ਦੇ ਸੰਪਰਕ ਵਿਚ ਰਹੀ, ਜਦੋਂ ਤੱਕ ਉਸਦਾ ਸਹੁਰਾ ਅਤੇ ਪਤੀ ਉਸਦੇ ਰਹਿਣ ਅਤੇ ਪੜ੍ਹਾਈ ਲਈ ਖਰਚਾ ਭੇਜਦੇ ਰਹੇ ਪਰ ਜਦੋਂ ਪੜ੍ਹਾਈ ਪੂਰੀ ਹੋਣ ਉਪਰੰਤ ਉਸ ਨੂੰ ਵਰਕ ਪਰਮਿਟ ਮਿਲਿਆ ਤਾਂ ਉਹ ਕਿਸੇ ਹੋਰ ਲੜਕੇ ਨਾਲ ਕੈਨੇਡਾ ਵਿਚ ਲਿਵ ਇਨ ਰਿਲੇਸ਼ਨ ਵਿੱਚ ਰਹਿਣ ਲੱਗੀ। ਏ. ਐੱਸ. ਆਈ. ਦੇ ਬੇਟੇ ਦਾ ਦੋਸ਼ ਹੈ ਕਿ ਉਸਦੀ ਪਤਨੀ ਆਪਣੇ ਨਾਲ ਗਹਿਣੇ, ਲੈਪਟਾਪ ਅਤੇ ਪੈਸੇ ਵੀ ਲੈ ਗਈ ਸੀ, ਜਦੋਂ ਕਿ ਵਿਦੇਸ਼ ਭੇਜਣ ਦਾ ਖਰਚਾ ਵੀ ਉਨ੍ਹਾਂ ਨੇ ਹੀ ਚੁੱਕਿਆ ਸੀ।

ਉਧਰ ਥਾਣਾ ਮਕਸੂਦਾਂ ਦੀ ਪੁਲਿਸ ਨੇ ਏ. ਐੱਸ. ਆਈ. ਦੀ ਨੂੰਹ ਹਰਮਨ ਪੁੱਤਰੀ ਸ਼ਰਨਦਾਸ ਮਕਸੂਦਾਂ ਸਮੇਤ ਪਿਤਾ ਹਰਨ ਦਾਸ ਅਤੇ ਮਾਂ ਕਮਲੇਸ਼ ਨਿਵਾਸੀ ਸਿੱਧਵਾਂ ਦੋਨਾ (ਕਪੂਰਥਲਾ) ਵਿਰੁੱਧ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ।



ਏ. ਐੱਸ. ਆਈ. ਦੇ ਬੇਟੇ ਭੁਪਿੰਦਰ ਸਿੰਘ ਨੇ ਦੱਸਿਆ ਕਿ ਹਰਮਨ ਨਾਲ ਉਸਦਾ ਵਿਆਹ 21 ਸਤੰਬਰ 2018 ਨੂੰ ਸਾਦੇ ਢੰਗ ਨਾਲ ਹੋਇਆ ਸੀ, ਹਾਲਾਂਕਿ ਉਨ੍ਹਾਂ ਹਰਮਨ ਨੂੰ ਗਹਿਣੇ ਪਹਿਨਾਏ ਸਨ, ਜਦੋਂ ਕਿ ਹੋਰ ਖਰਚਾ ਵੀ ਉਨ੍ਹਾਂ ਨੇ ਹੀ ਕੀਤਾ ਸੀ ਕਿਉਂਕਿ ਲੜਕੀ ਧਿਰ ਨੇ ਕਿਹਾ ਸੀ ਕਿ ਉਨ੍ਹਾਂ ਦੀ ਧੀ ਦੇ ਆਈਲੈੱਟਸ ਵਿਚ 6 ਬੈਂਡ ਆਏ ਹਨ, ਉਸਨੂੰ ਕੈਨੇਡਾ ਭੇਜਣ ਦਾ ਖਰਚਾ ਕਰ ਦੇਣਗੇ ਤਾਂ ਉਹ ਉਨ੍ਹਾਂ ਦੇ ਬੇਟੇ ਭੁਪਿੰਦਰ ਸਿੰਘ ਨੂੰ ਵੀ ਕੈਨੇਡਾ ਬੁਲਾ ਲੈਣਗੇ। ਏ. ਐੱਸ. ਆਈ. ਦੇ ਪਰਿਵਾਰ ਨੇ ਲੜਕੀ ਵਾਲਿਆਂ ਦੀ ਗੱਲ ਮੰਨ ਲਈ। ਹਰਮਨ ਲਗਭਗ ਇਕ ਸਾਲ ਤੱਕ ਆਪਣੇ ਪੇਕੇ ਰਹੀ, ਜਿਸ ਦੌਰਾਨ ਉਸ ਵੱਲੋਂ ਡਿਪਲੋਮੇ ਦਾ ਖਰਚਾ ਵੀ ਏ. ਐੱਸ. ਆਈ. ਨੇ ਕੀਤਾ। 21 ਅਗਸਤ 2019 ਨੂੰ ਹਰਮਨ ਕੈਨੇਡਾ ਚਲੀ ਗਈ। ਦੋਸ਼ ਹੈ ਕਿ ਕੈਨੇਡਾ ਜਾਣ ਲਈ ਵੀਜ਼ਾ, ਮੈਡੀਕਲ, ਏਅਰ ਟਿਕਟ ਅਤੇ ਐਡਮਿਸ਼ਨ ਆਦਿ 'ਤੇ ਜੋ ਵੀ ਖਰਚਾ ਆਇਆ, ਉਹ ਉਨ੍ਹਾਂ ਨੇ ਕੀਤਾ। ਉਸਦੀ ਪੜ੍ਹਾਈ ਅਤੇ ਰਹਿਣ-ਖਾਣ ਲਈ ਖਰਚਾ ਵੀ ਪਤੀ ਹੀ ਭੇਜਦਾ ਰਿਹਾ।

ਉਨ੍ਹਾਂ ਕਿਹਾ ਕਿ ਇਸ ਦੌਰਾਨ ਹਰਮਨ ਨੇ 5 ਵਾਰ ਪੇਪਰ ਭੇਜੇ ਪਰ ਪੰਜਾਂ 'ਤੇ ਵੀਜ਼ਾ ਰਿਜੈਕਟ ਕਰਵਾ ਦਿੱਤਾ ਗਿਆ। ਦੋਸ਼ ਹੈ ਕਿ ਜਦੋਂ ਹਰਮਨ ਦੀ ਪੜ੍ਹਾਈ ਖਤਮ ਹੋਈ ਅਤੇ ਉਸਨੂੰ ਵਰਕ ਪਰਮਿਟ ਮਿਲਿਆ ਤਾਂ ਉਸਨੇ ਸੰਪਰਕ ਤੋੜ ਦਿੱਤਾ ਅਤੇ ਫੋਨ ਤੱਕ ਚੁੱਕਣੇ ਬੰਦ ਕਰ ਦਿੱਤੇ। ਪੀੜਤ ਪਰਿਵਾਰ ਨੇ ਹਰਮਨ ਦੇ ਮਾਤਾ-ਪਿਤਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਵੀ ਗੱਲ ਨਹੀਂ ਸੁਣੀ। ਭੁਪਿੰਦਰ ਸਿੰਘ ਨੇ ਕਿਹਾ ਕਿ ਲੜਕੀ ਵਾਲਿਆਂ ਨੇ ਪੂਰੀ ਪਲਾਨਿੰਗ ਨਾਲ ਇਹ ਵਿਆਹ ਕਰਵਾਇਆ ਸੀ ਤਾਂ ਕਿ ਉਨ੍ਹਾਂ ਦੀ ਧੀ ਨੂੰ ਵਿਦੇਸ਼ ਜਾਣ ਲਈ ਖਰਚਾ ਮਿਲ ਜਾਵੇ।

# ਰਾਸ਼ਟਰੀ ਘੱਟਗਿਣਤੀ ਕਮਿਸ਼ਨ ਨੇ ਪ੍ਰੋ. ਸਰਚਾਂਦ ਸਿੰਘ ਨੂੰ ਸਲਾਹਕਾਰ ਬਣਾਇਆ



ਅੰਮ੍ਰਿਤਸਰ/ਏ.ਟੀ.ਨਿਊਜ਼ :- ਭਾਰਤ ਸਰਕਾਰ ਨੇ ਘੱਟਗਿਣਤੀ ਭਾਈਚਾਰੇ ਦੀਆਂ ਵੱਖ-ਵੱਖ ਸਮੱਸਿਆਵਾਂ ਨੂੰ ਸਰਕਾਰ ਤਕ ਪਹੁੰਚਾਉਣ ਲਈ ਇਕ ਮਹੱਤਵਪੂਰਨ ਨਿਯੁਕਤੀ ਕੀਤੀ ਹੈ।

ਭਾਰਤ ਸਰਕਾਰ ਦੇ ਰਾਸ਼ਟਰੀ ਘੱਟਗਿਣਤੀ ਕਮਿਸ਼ਨ ਨੇ ਉੱਘੇ ਸਿੱਖ ਬੁੱਧੀਜੀਵੀ ਅਤੇ ਭਾਜਪਾ ਦੇ ਸਿੱਖ ਆਗੂ ਪ੍ਰੋ: ਸਰਚਾਂਦ ਸਿੰਘ ਖਿਆਲਾ ਨੂੰ ਸਲਾਹਕਾਰ ਵਜੋਂ ਨਾਮਜ਼ਦ ਕੀਤਾ ਹੈ। ਰਾਸ਼ਟਰੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਇਹ ਨਿਯੁਕਤੀ ਉਨ੍ਹਾਂ ਦੀ ਯੋਗਤਾ ਨੂੰ ਧਿਆਨ ਵਿੱਚ ਰੱਖਦਿਆਂ ਕੀਤੀ ਗਈ ਹੈ। ਉਹ ਆਪਣੇ ਰਾਜ ਵਿੱਚ ਸਬੰਧਤ ਘੱਟਗਿਣਤੀ ਭਾਈਚਾਰਿਆਂ ਦੇ ਮੁੱਦਿਆਂ ਨੂੰ ਸਰਕਾਰ ਤਕ ਪਹੁੰਚਾਉਣਗੇ ਅਤੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਕਮਿਸ਼ਨ ਨੂੰ ਆਪਣੀਆਂ ਸਲਾਹਾਂ ਦੇਣਗੇ।

### ਗ੍ਰਹਿ ਵਿਭਾਗ ਖ਼ਾਲਿਸਤਾਨ ਦੇ ਹਮਦਰਦਾਂ 'ਤੇ ਰੱਖੇਗਾ ਤਿੱਖੀ ਨਜ਼ਰ

# ਅਮਿਤ ਸ਼ਾਹ ਵੱਲੋਂ ਚੋਣਾਂ ਤੋਂ ਬਾਅਦ ਜੰਮੂ ਕਸ਼ਮੀਰ ਦੇ ਰਾਜ ਦਾ ਦਰਜਾ ਬਹਾਲ ਕਰਨ ਦਾ ਐਲਾਨ



ਨਵੀਂ ਦਿੱਲੀ/ਏ.ਟੀ.ਨਿਊਜ਼ :- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਬਾਅਦ ਜੰਮੂ-ਕਸ਼ਮੀਰ ਦੇ ਰਾਜ ਦਾ ਦਰਜਾ ਬਹਾਲ ਕੀਤਾ ਜਾਵੇਗਾ ਅਤੇ ਚੋਣਾਂ ਦੇ ਸਮੇਂ ਬਾਰੇ ਫੈਸਲਾ ਚੋਣ ਕਮਿਸ਼ਨ ਵੱਲੋਂ ਲਿਆ ਜਾਵੇਗਾ। ਸ਼ਾਹ ਨੇ ਇਹ ਵੀ ਕਿਹਾ ਕਿ ਜੰਮੂ-ਕਸ਼ਮੀਰ ਵਿੱਚ ਸਥਿਤੀ ਵਿੱਚ ਸੁਧਾਰ ਹੋਇਆ ਹੈ ਅਤੇ ਅਤਿਵਾਦ ਨਾਲ ਸਬੰਧਤ ਅੰਕੜੇ ਸਭ ਤੋਂ ਘੱਟ ਹਨ। ਉਨ੍ਹਾਂ ਸ਼ਾਹ ਨੇ ਕਿਹਾ, 'ਸਰਕਾਰ ਨੇ ਖਾਲਿਸਤਾਨ ਦੇ ਹਮਦਰਦਾਂ ਦੀਆਂ ਗਤੀਵਿਧੀਆਂ 'ਤੇ ਨੇੜਿਓਂ ਨਜ਼ਰ ਰੱਖੀ ਹੋਈ ਹੈ। ਇਸ ਮੁੱਦੇ 'ਤੇ ਪੰਜਾਬ ਸਰਕਾਰ ਨਾਲ ਵੀ ਚਰਚਾ ਕੀਤੀ ਹੈ। ਵੱਖ-ਵੱਖ ਏਜੰਸੀਆਂ ਵਿਚਕਾਰ ਚੰਗਾ ਤਾਲਮੇਲ ਹੈ। ਮੈਨੂੰ ਭਰੋਸਾ ਹੈ ਕਿ ਅਸੀਂ ਇਸ ਨੂੰ ਵਧਣ-ਫੁੱਲਣ ਨਹੀਂ ਦੇਵਾਂਗੇ।

### ਮਾਮਲਾ ਪੰਜਵੜ ਦੀ ਮਾਤਾ ਨੂੰ ਲਾਪਤਾ ਕਰਨ ਤੇ ਅਰੂੜ ਸਿੰਘ ਦਾ ਝੂਠਾ ਪੁਲਿਸ ਮੁਕਾਬਲਾ ਬਣਾਉਣ ਦਾ

# ਸੀ.ਬੀ.ਆਈ. ਅਦਾਲਤ ਵੱਲੋਂ ਸੇਵਾਮੁਕਤ ਏ. ਆਈ. ਜੀ. ਨੂੰ ਭਗੌੜਾ ਕਰਨ ਦੀ ਕਾਰਵਾਈ ਸ਼ੁਰੂ

## ਜਸਟਿਸ ਬੈਂਸ ਦੀ ਸ਼ਿਕਾਇਤ ਉੱਪਰ 1994 'ਚ ਸੀ.ਬੀ.ਆਈ. ਨੇ ਡੀ.ਐੱਸ.ਪੀ. ਅਸ਼ੋਕ ਤੇ ਏ. ਆਈ. ਜੀ. ਜਗਦੀਪ ਸਿੰਘ ਦੇ ਖ਼ਿਲਾਫ਼ ਦਰਜ ਕੀਤਾ ਸੀ ਮਾਮਲਾ

ਤਰਨ ਤਾਰਨ/ਏ.ਟੀ.ਨਿਊਜ਼ :- ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਪਰਮਜੀਤ ਸਿੰਘ ਪੰਜਵੜ੍ਹ ਦੀ ਮਾਤਾ ਮਹਿੰਦਰ ਕੌਰ ਨੂੰ 1992 ਵਿਚ ਘਰੋਂ ਚੁੱਕ ਕੇ ਲਾਪਤਾ ਕਰਨ ਦੇ ਮਾਮਲੇ 'ਚ ਸੀ.ਬੀ.ਆਈ. ਮੋਹਾਲੀ ਦੀ ਅਦਾਲਤ ਵਿੱਚ ਸਾਬਕਾ ਏ.ਆਈ.ਜੀ. ਜਗਦੀਪ ਸਿੰਘ ਦੇ ਖ਼ਿਲਾਫ਼ ਚੱਲ ਰਹੇ ਕੇਸ 'ਚ ਗੈਰਹਾਜ਼ਰ ਰਹਿਣ 'ਤੇ ਸੀ.ਬੀ.ਆਈ. ਦੀ ਅਦਾਲਤ ਦੇ ਸਪੈਸ਼ਲ ਜੁਡੀਸ਼ੀਅਲ ਮੈਜਿਸਟ੍ਰੇਟ ਅਮਨਦੀਪ ਕੰਬੋਜ ਵਲੋਂ ਉਸ ਵਿਰੁਧ ਇਸ ਮਾਮਲੇ ਵਿੱਚ ਭਗੌੜਾ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਿੰਡ ਪੰਜਵੜ ਦੇ ਰਹਿਣ ਵਾਲੇ ਸੇਵਾਮੁਕਤ ਫ਼ੌਜੀ ਬਲਦੇਵ ਸਿੰਘ ਨੇ ਦੱਸਿਆ ਕਿ ਉਸ ਦੀ ਮਾਤਾ ਮਹਿੰਦਰ ਕੌਰ ਨੂੰ 1992 ਵਿਚ ਜ਼ਿਲ੍ਹਾ ਤਰਨ ਤਾਰਨ ਵਿੱਚ ਉਸ ਸਮੇਂ ਦੇ ਡੀ.ਐਸ.ਪੀ. ਅਸ਼ੋਕ ਕੁਮਾਰ ਅਤੇ ਤਤਕਾਲੀ ਥਾਣਾ ਝਬਾਲ ਦੇ ਐਸ.ਐਚ.ਓ. ਜਗਦੀਪ ਸਿੰਘ ਨੇ ਘਰੋਂ ਚੁੱਕ ਕੇ ਕਈ ਮਹੀਨੇ ਹਿਰਾਸਤ 'ਚ ਰੱਖਿਆ ਤੇ ਬਾਅਦ ਵਿੱਚ ਲਾਪਤਾ ਕਰ ਦਿੱਤਾ ਸੀ। ਇਸ ਮਾਮਲੇ 'ਚ ਸੀ.ਬੀ.ਆਈ. ਵਲੋਂ 1994 ਵਿੱਚ ਅਸ਼ੋਕ ਕੁਮਾਰ ਅਤੇ ਜਗਦੀਪ ਸਿੰਘ ਦੇ ਖ਼ਿਲਾਫ਼ ਮਾਮਲਾ ਦਰਜ ਕਰਕੇ ਸਾਲ 2001 ਵਿਚ ਚਾਰਜਸ਼ੀਟ ਸੀ.ਬੀ.ਆਈ. ਅਦਾਲਤ ਮੁਹਾਲੀ ਵਿੱਚ ਪੇਸ਼ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਅਸ਼ੋਕ ਕੁਮਾਰ ਦੀ ਮੌਤ ਹੋ ਚੁੱਕੀ ਹੈ, ਜਦਕਿ ਜਗਦੀਪ ਸਿੰਘ ਨੇ ਏ.ਆਈ.ਜੀ. ਦੇ ਅਹੁਦੇ 'ਤੇ ਰਹਿੰਦਿਆਂ 'ਪ੍ਰੀ-ਮਚਿਓਰ' ਲੈ ਲਈ ਸੀ। ਇਸ ਸਬੰਧ ਵਿੱਚ ਹੁਣ ਸੀ.ਬੀ.ਆਈ. ਅਦਾਲਤ ਨੇ ਜਗਦੀਪ ਸਿੰਘ ਨੂੰ ਭਗੌੜੇ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿੱਚ ਜਸਟਿਸ ਅਜੀਤ ਸਿੰਘ ਬੈਂਸ ਚੇਅਰਮੈਨ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਸੰਗਠਨ ਵਲੋਂ ਹਾਈਕੋਰਟ ਵਿਚ ਪਾਈ ਪਟੀਸ਼ਨ ਦੇ ਆਧਾਰ 'ਤੇ ਉਕਤ ਕੇਸ ਸੀ. ਬੀ. ਆਈ. ਨੂੰ ਸੌਂਪਿਆ ਗਿਆ ਸੀ ਅਤੇ ਸੀ. ਬੀ. ਆਈ. ਵਲੋਂ ਇਸ ਮਾਮਲੇ ਵਿਚ ਸਾਬਕਾ ਐਸ.ਪੀ. ਜਗਦੀਪ ਸਿੰਘ ਅਤੇ ਸਾਬਕਾ ਡੀ.ਐਸ.ਪੀ. ਅਸ਼ੋਕ ਕੁਮਾਰ ਖ਼ਿਲਾਫ਼ ਅਦਾਲਤ 'ਚ ਚਾਰਜਸ਼ੀਟ ਦਾਖ਼ਲ ਕੀਤੀ ਗਈ ਸੀ।

30 ਸਾਲਾਂ ਬਾਅਦ ਸੀ.ਬੀ.ਆਈ. ਦੀ ਅਦਾਲਤ ਦੇ ਸਪੈਸ਼ਲ ਜੁਡੀਸ਼ੀਅਲ ਮੈਜਿਸਟ੍ਰੇਟ ਅਮਨਦੀਪ ਕੰਬੋਜ਼ ਵਲੋਂ ਸਾਬਕਾ ਪੁਲਿਸ ਅਧਿਕਾਰੀ ਜਗਦੀਪ ਸਿੰਘ ਦੇ ਖ਼ਿਲਾਫ਼ ਇਸ ਮਾਮਲੇ ਵਿੱਚ ਭਗੌੜਾ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਅਦਾਲਤ ਵਲੋਂ ਇਸ ਕੇਸ ਵਿਚ ਆਖਰੀ ਹੁਕਮ ਸੁਣਾਉਣ ਤੋਂ ਪਹਿਲਾਂ ਹੀ ਜਗਦੀਪ ਸਿੰਘ ਅਦਾਲਤ ਵਿਚੋਂ ਗ਼ੈਰ-ਹਾਜ਼ਰ ਹੋ ਗਿਆ ਸੀ। ਇੰਨਾ ਹੀ ਨਹੀਂ ਜਗਦੀਪ ਸਿੰਘ ਦੇ ਵਕੀਲਾਂ ਵਲੋਂ ਵੀ ਆਪਣੀ ਅਟਾਰਨੀ ਵਾਪਸ ਲੈ ਲਈ ਗਈ ਸੀ ਅਤੇ ਅਦਾਲਤ ਵਲੋਂ ਇਸ ਮਾਮਲੇ ਵਿੱਚ ਸਾਬਕਾ ਅਫ਼ਸਰ ਜਗਦੀਪ ਸਿੰਘ ਦੀ ਜ਼ਮਾਨਤ ਦੇਣ ਵਾਲੇ ਵਿਅਕਤੀ ਨੂੰ ਵੀ ਨੋਟਿਸ ਜਾਰੀ ਕੀਤਾ ਗਿਆ ਸੀ।

(ਬਾਕੀ ਸਫ਼ਾ 30 'ਤੇ)


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਲਾਲ ਕਿਲ੍ਹੇ ਦੀ ਹਿੰਸਾ ਬਾਰੇ ਪੁਲਿਸ ਨੇ ਸਿੱਖ ਨੌਜਵਾਨਾਂ ਤੇ ਕਿਸਾਨਾਂ ਉੱਪਰ ਕੀਤੇ ਸਨ ਝੂਠੇ ਕੇਸ ਦਰਜ

## ➢ ਪੁਲਿਸ ਅਦਾਲਤ ਵਿੱਚ ਸਬੂਤ ਪੇਸ਼ ਕਰਨ 'ਚ ਰਹੀ ਅਸਫਲ

### ☛ਅਦਾਲਤ ਨੇ ਪੁਲਿਸ ਨੂੰ ਨੋਟਿਸ ਜਾਰੀ ਕਰਕੇ 4 ਮਾਰਚ 2023 ਨੂੰ ਸਟੇਟਸ ਰਿਪੋਰਟ ਪੇਸ਼ ਕਰਨ ਲਈ ਕਿਹਾ

ਪ੍ਰਭਜੀਤ ਸਿੰਘ







2021 ਵਿੱਚ ਗਣਤੰਤਰ ਦਿਵਸ ਮੌਕੇ ਖੇਤੀ ਵਿਰੋਧੀ ਕਾਨੂੰਨ ਅੰਦੋਲਨਕਾਰੀਆਂ ਕਿਸਾਨਾਂ ਅਤੇ ਸੁਰੱਖਿਆ ਅਧਿਕਾਰੀਆਂ ਵਿਚਾਲੇ ਹੋਈ ਝੜਪ ਅਤੇ ਲਾਲ ਕਿਲ੍ਹੇ ਤੋਂ ਕੇਸਰੀ ਨਿਸ਼ਾਨ ਸਾਹਿਬ ਲਹਿਰਾਉਣ ਤੋਂ ਬਾਅਦ ਕਿਸਾਨ ਅੰਦੋਲਨ 'ਤੇ ਕਈ ਦੋਸ਼ ਪੁਲਿਸ ਵਲੋਂ ਲਗਾਏ ਗਏ ਸਨ। ਇੱਕ ਕੇਂਦਰੀ ਮੰਤਰੀ ਨੇ ਕਿਹਾ ਕਿ ਇੱਕ 'ਅਪਰਾਧਿਕ ਸਾਜ਼ਿਸ਼' ਨੇ ਕਿਸਾਨ ਅੰਦੋਲਨ ਨੂੰ 'ਹਾਈਜੈਕ" ਕਰ ਲਿਆ ਸੀ। ਦਿੱਲੀ ਪੁਲਿਸ ਨੇ ਕਿਸਾਨਾਂ ਉਪਰ ਕਥਿਤ ਤੌਰ 'ਤੇ ਦੇਸ਼ਧ੍ਰੋਹ ਦਾ ਮਾਮਲਾ ਦਰਜ ਕੀਤਾ ਸੀ ਅਤੇ ਹਿੰਸਾ ਨੂੰ 'ਸਭ ਤੋਂ ਖਤਰਨਾਕ, ਦੇਸ਼ ਵਿਰੋਧੀ ਕਾਰਵਾਈ' ਕਰਾਰ ਦਿੰਦੇ ਹੋਏ ਇੱਕ ਕਿਸਾਨ ਨੇਤਾ ਨੂੰ ਨੋਟਿਸ ਜਾਰੀ ਕੀਤਾ ਸੀ। ਰਾਸ਼ਟਰੀ ਮੀਡੀਆ ਨੇ ਪੁਲਿਸ ਦੀ ਇਸ ਕਹਾਣੀ ਨੂੰ ਅੱਗੇ ਤੋਰਿਆ। ਭਾਜਪਾ ਪੱਖੀ ਚੈਨਲ ਟਾਈਮਜ਼ ਨਾਓ ਨੇ ਰਿਪੋਰਟ ਦਿੱਤੀ ਕਿ ਦਿੱਲੀ ਪੁਲਿਸ ਦੇ ਸੂਤਰਾਂ ਨੇ ਹਿੰਸਾ ਨੂੰ 'ਪੂਰਵ-ਯੋਜਨਾਬੱਧ' ਕਰਾਰ ਦਿੱਤਾ ਸੀ ਅਤੇ ਇਹ ਖ਼ਬਰ ਦਿੱਤੀ ਸੀ ਕਿ ਇਸ ਪਿੱਛੇ 'ਵਿਦੇਸ਼ੀ ਹੱਥ' ਦੀ ਜਾਂਚ ਕੀਤੀ ਜਾ ਰਹੀ ਹੈ। ਨਿਊਜ਼ ਏਜੰਸੀ ਏਐਨਆਈ ਨੇ ਇੱਕ ਕਦਮ ਅੱਗੇ ਜਾ ਕੇ ਇੱਕ ਲੇਖ ਪ੍ਰਕਾਸ਼ਿਤ ਕੀਤਾ ਸੀ ਜਿਸਦਾ ਸਿਰਲੇਖ ਸੀ, 'ਪਾਕਿਸਤਾਨ ਸਪਾਂਸਰਡ ਤੱਤ ਅਤੇ ਖਾਲਿਸਤਾਨ ਦੇ ਹਮਦਰਦ ਕਿਸਾਨ ਅੰਦੋਲਨ ਵਿੱਚ ਸਰਗਰਮੀ ਨਾਲ ਸ਼ਾਮਲ ਹਨ।'

ਦੋ ਸਾਲ ਬੀਤ ਜਾਣ 'ਤੇ ਵੀ ਇਨ੍ਹਾਂ ਵਿਚੋਂ ਕੋਈ ਵੀ ਦੋਸ਼ ਸਾਬਤ ਨਹੀਂ ਹੋਇਆ, ਜਦੋਂ ਕਿ ਖੇਤੀ ਸਬੰਧੀ ਕਾਨੂੰਨਾਂ ਨੂੰ ਵਾਪਸ ਲੈਣ ਲਈ ਲੰਬਾ ਸਮਾਂ ਬੀਤ ਚੁੱਕਾ ਹੈ। ਦਰਅਸਲ, ਹਿੰਸਾ ਦੇ ਸਬੰਧ ਵਿੱਚ ਦਰਜ ਕੀਤੇ ਗਏ ਸਭ ਤੋਂ ਸਨਸਨੀਖੇਜ਼ ਮਾਮਲਿਆਂ ਵਿੱਚੋਂ ਇੱਕ ਦੀ ਜਾਂਚ ਤੋਂ ਪਤਾ ਲਗਦਾ ਹੈ ਕਿ ਦਿੱਲੀ ਪੁਲਿਸ ਅਜੇ ਤੱਕ ਢੁਕਵੇਂ ਸਵਾਲਾਂ ਦੇ ਜਵਾਬ ਅਦਾਲਤ ਨੂੰ ਨਹੀਂ ਦੇ ਸਕੀ ਕਿ ਉਸ ਦਿਨ ਕੀ ਵਾਪਰਿਆ ਸੀ। ਇਸ ਵਿੱਚ ਕਈ ਸਿੱਖ ਨੌਜਵਾਨਾਂ ਤੇ ਕਿਸਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਕਈਆਂ ਨੂੰ ਲੱਗੀਆਂ ਗੋਲੀਆਂ ਬਾਰੇ ਸਵਾਲ ਵੀ ਸ਼ਾਮਲ ਹਨ।

2021 ਦੇ ਗਣਤੰਤਰ ਦਿਵਸ ਨੂੰ ਯਾਦ ਕਰੀਏ ਤਾਂ, ਦੋ ਸਾਲ ਹੋ ਗਏ ਹਨ, ਜਦ ਦਸ ਹਜ਼ਾਰ ਕਿਸਾਨਾਂ ਨੇ 2020 ਦੇ ਖੇਤੀਬਾੜੀ ਕਾਨੂੰਨਾਂ ਦੇ ਵਿਰੁੱਧ ਹਜ਼ਾਰਾਂ ਦਿੱਲੀ ਦੀਆਂ ਸਰਹੱਦਾਂ ਉਪਰ ਵਿਸ਼ਾਲ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤਾ ਸੀ। ਸਰਕਾਰ ਅਤੇ ਗੋਦੀ ਮੀਡੀਆ ਨੇ ਅੰਦੋਲਨ ਨੂੰ ਬਦਨਾਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਉਦੋਂ ਤੱਕ ਵਿਰੋਧ ਪ੍ਰਦਰਸ਼ਨਾਂ ਨੂੰ ਲੋਕਾਂ ਦਾ ਭਾਰੀ ਸਮਰਥਨ ਮਿਲਣਾ ਸ਼ੁਰੂ ਹੋ ਗਿਆ ਸੀ। ਇਸ ਦੌਰਾਨ ਕਿਸਾਨਾਂ ਨੇ 26 ਜਨਵਰੀ 2021 ਨੂੰ ਦਿੱਲੀ ਵਿੱਚ ਟਰੈਕਟਰ ਰੈਲੀ ਕੱਢਣ ਦਾ ਐਲਾਨ ਕੀਤਾ ਸੀ। ਉਸ ਦਿਨ ਹਫੜਾ-ਦਫੜੀ ਮਚ ਜਾਵੇਗੀ, ਇਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਸੀ। ਪ੍ਰਦਰਸ਼ਨਕਾਰੀਆਂ ਦੇ ਇੱਕ ਹਿੱਸੇ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਉਹ ਕਿਸਾਨ ਆਗੂਆਂ ਦੁਆਰਾ ਦਿੱਲੀ ਪੁਲਿਸ ਦੇ ਨਾਲ-ਨਾਲ ਤੈਅ ਕੀਤੇ ਰਸਤੇ 'ਤੇ ਨਹੀਂ ਚੱਲਣਗੇ



ਦਿੱਲੀ ਪੁਲਿਸ ਦੇ 'ਸੂਤਰਾਂ' ਨੇ ਇੱਕ ਦਿਨ ਪਹਿਲਾਂ ਮੀਡੀਆ ਨੂੰ ਦੱਸਿਆ ਸੀ ਕਿ ਰੈਲੀ ਦੌਰਾਨ 'ਖਾਲਿਸਤਾਨੀ ਜਥੇਬੰਦੀਆਂ ਨਾਲ ਜੁੜੇ ਅਨਸਰਾਂ' ਅਤੇ ਹੋਰਾਂ ਦੁਆਰਾ 'ਵੱਡੀ ਸਾਜਿਸ਼' ਰਚੇ ਜਾਣ ਦੀ ਸੰਭਾਵਨਾ ਹੈ। ਬਾਅਦ ਵਿੱਚ ਇੱਕ ਮੀਡੀਆ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਗਣਤੰਤਰ ਦਿਵਸ ਤੋਂ 20 ਦਿਨ ਪਹਿਲਾਂ, ਦਿੱਲੀ ਪੁਲਿਸ ਅਤੇ ਖੁਫੀਆ ਏਜੰਸੀਆਂ ਦੇ ਉੱਚ ਅਧਿਕਾਰੀਆਂ ਨੇ ਪਾਬੰਦੀਸ਼ੁਦਾ ਖਾਲਿਸਤਾਨੀ ਸੰਗਠਨ ਦੁਆਰਾ ਲਾਲ ਕਿਲੇ 'ਤੇ 'ਖਾਲਿਸਤਾਨੀ ਝੰਡਾ' ਲਹਿਰਾਉਣ ਦੀਆਂ ਯੋਜਨਾਵਾਂ ਬਾਰੇ ਚਰਚਾ ਕੀਤੀ ਸੀ। ਸੁਆਲ ਇਹ ਹੈ ਕਿ ਰੈਲੀ ਤੋਂ ਪਹਿਲਾਂ ਇਨ੍ਹਾਂ ਇਸ਼ਾਰਿਆਂ ਦੇ ਬਾਵਜੂਦ ਸੁਰੱਖਿਆ ਏਜੰਸੀਆਂ ਹਿੰਸਾ ਨੂੰ ਰੋਕਣ ਵਿੱਚ ਕਿਵੇਂ ਨਾਕਾਮ ਰਹੀਆਂ ?

ਪ੍ਰਸ਼ਾਸਨ ਦੀ ਇਜਾਜ਼ਤ ਤੋਂ ਬਿਨਾਂ ਪ੍ਰਦਰਸ਼ਨਕਾਰੀ ਲਾਲ ਕਿਲ੍ਹੇ ਵਿੱਚ ਕਿਵੇਂ ਵੜ ਗਏ ਅਤੇ ਸੁਰੱਖਿਆ ਅਧਿਕਾਰੀਆਂ ਨਾਲ ਕਿਵੇਂ ਭਿੜ ਗਏ, ਜਿਸ 'ਚ ਇੱਕ ਸੌ ਚਾਲੀ ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਪ੍ਰਦਰਸ਼ਨਕਾਰੀ ਜੁਗਰਾਜ ਸਿੰਘ ਨੇ ਝੰਡੇ ਵਾਲੇ ਖਾਲੀ ਖੰਭੇ ਉਪਰ ਚੜ੍ਹ ਕੇ ਨਿਸ਼ਾਨ ਸਾਹਿਬ ਨੂੰ ਲਹਿਰਾਇਆ ਨਾ ਕਿ ਰਾਸ਼ਟਰੀ ਝੰਡੇ ਦਾ ਅਪਮਾਨ ਕੀਤਾ। ਲਾਲ ਕਿਲ੍ਹੇ 'ਤੇ ਪ੍ਰਦਰਸ਼ਨਕਾਰੀਆਂ ਦੇ ਦ੍ਰਿਸ਼ ਚੈਨਲਾਂ ਦੀਆਂ ਖ਼ਬਰਾਂ ਵਿਚ ਛਾ ਗਏ। ਇਸ ਘਟਨਾ ਨੇ ਉਸ ਦਿਨ ਦੇਸ਼ ਭਰ ਵਿੱਚ ਹੋਈਆਂ ਸ਼ਾਂਤਮਈ ਖੇਤੀ-ਵਿਰੋਧੀ ਟਰੈਕਟਰ ਰੈਲੀਆਂ ਨੂੰ ਬੌਨਾ ਕਰ ਦਿੱਤਾ।

ਹਿੰਸਾ ਦੇ ਸਬੰਧ ਵਿੱਚ ਕਰੀਬ ਇੱਕ ਸੌ ਸੱਠ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ 54 ਮਾਮਲੇ ਦਰਜ ਕੀਤੇ ਗਏ ਸਨ। ਇਨ੍ਹਾਂ ਵਿੱਚੋਂ ਇੱਕ ਕੇਸ ਵਿੱਚ, 2021 ਦੀ ਪਹਿਲੀ ਸੂਚਨਾ ਰਿਪੋਰਟ ਨੰਬਰ 96 ਦੇ ਅਨੁਸਾਰ ਮਈ 2021 ਵਿੱਚ ਤਿੰਨ ਹਜ਼ਾਰ ਤੋਂ ਵੱਧ ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਗਈ ਸੀ। ਚਾਰਜਸ਼ੀਟ ਦੇ ਇੱਕ ਹਿੱਸੇ ਵਿੱਚ, 'ਸਾਜਿਸ਼' ਦੇ ਜਾਂਚ ਅਧਿਕਾਰੀ, ਪੰਕਜ ਅਰੋੜਾ ਨੇ ਲਿਖਿਆ ਸੀ ਕਿ ਪ੍ਰਦਰਸ਼ਨਕਾਰੀ ਲਾਲ ਕਿਲ੍ਹੇ ਨੂੰ 'ਫਤਿਹ/ਕਬਜ਼ਾ' ਕਰਨਾ ਚਾਹੁੰਦੇ ਸਨ ਅਤੇ ਇਸ ਨੂੰ ਕਿਸਾਨਾਂ ਲਈ ਪ੍ਰਦਰਸ਼ਨ ਵਾਲੀ ਥਾਂ ਬਣਾਉਣਾ ਚਾਹੁੰਦੇ ਸਨ। ਅਰੋੜਾ ਨੇ ਰੈਲੀ ਤੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਵਿੱਚ ਟਰੈਕਟਰਾਂ ਦੀ ਵਿਕਰੀ 'ਚ ਵਾਧੇ ਨੂੰ ਇਸ ਸਾਜ਼ਿਸ਼ ਦਾ ਸੂਚਕ ਦੱਸਿਆ ਸੀ।

ਕੇਸ ਦੇ ਸੰਖੇਪ ਤੱਥਾਂ ਨੂੰ ਸੂਚੀਬਧ ਕਰਦੇ ਹੋਏ, ਅਰੋੜਾ ਨੇ ਲਿਖਿਆ ਕਿ ਕਿਵੇਂ ਪ੍ਰਦਰਸ਼ਨਕਾਰੀ 'ਦੰਗਾਕਾਰੀ ਗਤੀਵਿਧੀਆਂ ਵਿੱਚ ਸ਼ਾਮਲ' ਹੋਏ ਸਨ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨਕਾਰੀਆਂ ਨੇ ਲਾਲ ਕਿਲੇ ਦੀ ਰਾਖੀ ਕਰ ਰਹੇ ਪੁਲਿਸ ਮੁਲਾਜ਼ਮਾਂ 'ਤੇ ਹਮਲਾ ਕੀਤਾ ਸੀ, ਉਨ੍ਹਾਂ ਤੋਂ ਦੰਗਾ ਵਿਰੋਧੀ ਸਾਜ਼ੋ-ਸਾਮਾਨ ਅਤੇ ਹੋਰ ਸਾਮਾਨ ਲੁੱਟ ਲਿਆ ਸੀ ਅਤੇ ਸਰਕਾਰੀ ਜਾਇਦਾਦ ਦੀ ਭੰਨ-ਤੋੜ ਕੀਤੀ ਸੀ। ਜਿਸ ਦੇ ਆਧਾਰ 'ਤੇ ਚਾਰਜਸ਼ੀਟ ਦਾਇਰ ਕੀਤੀ ਗਈ ਸੀ, ਉਹ ਇਕ ਪੁਲਿਸ ਇੰਸਪੈਕਟਰ ਦੀ ਸ਼ਿਕਾਇਤ 'ਤੇ ਆਧਾਰਿਤ ਸੀ। ਇਸ ਕਹਾਣੀ ਮੁਤਾਬਿਕ ਇੰਸਪੈਕਟਰ ਨੇ ਪ੍ਰਦਰਸ਼ਨਕਾਰੀਆਂ ਵਲੋਂ ਪਿਸਤੌਲ ਅਤੇ ਤਲਵਾਰਾਂ ਸਮੇਤ ਹਥਿਆਰਾਂ ਨਾਲ ਪੁਲਿਸ ਕਰਮਚਾਰੀਆਂ 'ਤੇ ਹਮਲਾ ਕਰਨ ਦਾ ਜ਼ਿਕਰ ਕੀਤਾ ਸੀ। ਇਸ ਦੇ ਜਵਾਬ ਵਿੱਚ, ਪੁਲਿਸ ਨੇ 'ਉਚਿਤ ਤਾਕਤ' ਦੀ ਵਰਤੋਂ ਕੀਤੀ ਸੀ। ਚਾਰਜਸ਼ੀਟ ਵਿੱਚ ਇਹ ਨਹੀਂ ਦੱਸਿਆ ਗਿਆ ਹੈ ਕਿ ਇਹ ਉਚਿਤ ਤਾਕਤ ਕੀ ਸੀ।

ਚਾਰਜਸ਼ੀਟ ਵਿੱਚ ਕਿਹਾ ਗਿਆ ਸੀ ਕਿ ਲਾਲ ਕਿਲੇ 'ਤੇ ਗੋਲੀਆਂ ਚੱਲਣ ਨਾਲ ਕਈ ਲੋਕ ਜ਼ਖਮੀ ਵੀ ਹੋਏ ਸਨ। ਇਨ੍ਹਾਂ ਵਿੱਚੋਂ ਇੱਕ ਜਸਪ੍ਰੀਤ ਸੀ, ਜਿਸ ਦੀ ਪਛਾਣ ਨਹੀਂ ਹੋ ਸਕੀ ਸੀ। ਜਸਪ੍ਰੀਤ ਦਾ ਹਵਾਲਾ ਦਿੰਦੇ ਹੋਏ ਸੈਕਸ਼ਨ ਵਿੱਚ ਅਰੋੜਾ ਨੇ ਕਿਹਾ ਸੀ ਕਿ ਉਨ੍ਹਾਂ ਦੇ ਮਾਮਲੇ ਦੀ ਜਾਂਚ ਪੂਰੀ ਹੋਣ ਤੋਂ ਬਾਅਦ ਇੱਕ ਸਪਲੀਮੈਂਟਰੀ ਚਾਰਜਸ਼ੀਟ ਦਾਇਰ ਕੀਤੀ ਜਾਵੇਗੀ। ਹਾਲਾਂਕਿ, ਉਸ ਤੋਂ ਬਾਅਦ ਜੂਨ 2021 ਵਿੱਚ ਸਿਰਫ ਇੱਕ ਹੋਰ ਚਾਰਜਸ਼ੀਟ ਦਾਇਰ ਕੀਤੀ ਗਈ ਸੀ। ਚਾਰਜਸ਼ੀਟ ਵਿਚ ਜਸਪ੍ਰੀਤ ਜਾਂ ਗੋਲੀ ਦੇ ਜ਼ਖ਼ਮ ਦਾ ਜ਼ਿਕਰ ਕੀਤੇ ਬਿਨਾਂ, ਇਸ ਗੱਲ 'ਤੇ ਜ਼ੋਰ ਦਿਤਾ ਗਿੱਆ ਸੀ ਕਿ ਪ੍ਰਦਰਸ਼ਨਕਾਰੀਆਂ ਨੇ ਕੋਵਿਡ-19 ਮਹਾਂਮਾਰੀ ਦੇ ਮੱਦੇਨਜ਼ਰ ਲਗਾਏ ਗਏ ਨਿਯਮਾਂ ਨੂੰ ਤੋੜਿਆ ਗਿਆ ਸੀ।

19 ਸਾਲ ਦੇ ਹਿੰਮਤ ਸਿੰਘ ਦੇ ਮੈਡੀਕੋ-ਲੀਗਲ ਸਰਟੀਫਿਕੇਟ ਵਿੱਚ ਕਿਹਾ ਗਿਆ ਸੀ ਕਿ ਹੋਰ ਸੱਟਾਂ ਦੇ ਵਿਚਾਲੇ ਉਸ ਦੀ 'ਪਿੱਠ ਦੇ ਵਿਚਾਲੇ ਸੱਜੇ ਪਾਸੇ ਡੂੰਘਾ ਜ਼ਖ਼ਮ ਸੀ, ਪਰ ਸੱਟਾਂ ਨੂੰ ਗੰਭੀਰ ਦੀ ਬਜਾਏ 'ਮੱਧਮ' ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ। ਪਿਆਰੇ ਲਾਲ ਗਰਗ, ਸਰਜਰੀ ਦੇ ਸੇਵਾਮੁਕਤ ਪ੍ਰੋਫੈਸਰ ਜੋ ਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਮੈਡੀਕਲ ਸਾਇੰਸਜ਼ ਦੇ ਫੈਕਲਟੀ ਦੇ ਡੀਨ ਸਨ, ਨੇ ਐਮਐਲਸੀ ਦੀ ਜਾਂਚ ਕਰਨ ਤੋਂ ਬਾਅਦ ਕਿਹਾ ਸੀ ਕਿ ਇਹ ਸਪੱਸ਼ਟ ਸੀ ਕਿ ਇਹ ਜ਼ਖ਼ਮ ਬੰਦੂਕ ਦੀ ਗੋਲੀ ਦਾ ਜ਼ਖ਼ਮ ਸੀ, ਕਿਉਂਕਿ ਮੈਡੀਕਲ ਅਫ਼ਸਰ ਨੇ ਮਰੀਜ਼ ਦੀ ਰਿਪੋਰਟ ਵਿੱਚ ਇਹ ਲਿਖਿਆ ਸੀ ਕਿ ਪਿੱਠ 'ਤੇ ਗੋਲੀ ਲੱਗਣ ਦੀ ਸ਼ਿਕਾਇਤ ਦਰਜ ਕੀਤੀ ਹੈ।

ਅਕਾਸ਼ਪ੍ਰੀਤ ਸਿੰਘ ਨੂੰ ਵੀ ਗੋਲੀ ਲੱਗੀ ਹੈ। ਅਕਾਸ਼ਪ੍ਰੀਤ ਦੇ ਵਕੀਲ ਤੇਜ ਪ੍ਰਤਾਪ ਸਿੰਘ ਨੇ ਦੱਸਿਆ ਕਿ ਚਾਰਜਸ਼ੀਟ ਇਸ ਪਹਿਲੂ 'ਤੇ ਖਾਮੋਸ਼ ਹੈ ਕਿ 'ਗੋਲੀਆਂ ਕਿਸ ਦੀਆਂ ਸਨ।'

ਪੁਲਿਸ ਨੇ ਇਨ੍ਹਾਂ 16 'ਤੇ ਭਾਰਤੀ ਦੰਡਾਵਲੀ ਦੇ ਤਹਿਤ ਕਈ ਗੰਭੀਰ ਅਪਰਾਧਾਂ ਦੇ ਦੋਸ਼ ਲਗਾਏ ਸਨ। ਉਨ੍ਹਾਂ 'ਤੇ ਕਤਲ ਦੀ ਕੋਸ਼ਿਸ਼ ਅਤੇ ਦੰਗੇ ਕਰਨ, ਮਾਰੂ ਹਥਿਆਰ ਰੱਖਣ ਦੇ ਨਾਲ-ਨਾਲ ਆਰਮਜ਼ ਐਕਟ, ਪਬਲਿਕ ਪ੍ਰਾਪਰਟੀ ਨੂੰ ਨੁਕਸਾਨ ਰੋਕੂ ਐਕਟ, ਮਹਾਂਮਾਰੀ ਰੋਗ ਐਕਟ ਅਤੇ ਹੋਰ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਸਾਰਿਆਂ ਨੂੰ 16 ਫਰਵਰੀ ਅਤੇ ਮਾਰਚ ਦੌਰਾਨ ਗ੍ਰਿਫਤਾਰ ਕੀਤਾ ਗਿਆ ਸੀ, ਪਰ ਚਾਰਜਸ਼ੀਟ ਦਾਇਰ ਹੋਣ ਤੱਕ ਇਨ੍ਹਾਂ ਵਿਚੋਂ 13 ਜ਼ਮਾਨਤ 'ਤੇ ਬਾਹਰ ਸਨ।

ਚਾਰਜਸ਼ੀਟ ਵਿਚ ਦੋਸ਼ੀਆਂ ਤੋਂ ਇਲਾਵਾ 7 ਲੋਕਾਂ ਦੇ ਨਾਂ ਸ਼ਾਮਲ ਸਨ, ਜਿਨ੍ਹਾਂ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਸਨ। ਇਨ੍ਹਾਂ ਵਿੱਚ ਨਿਸ਼ਾਨ ਸਾਹਿਬ ਲਹਿਰਾਉਣ ਵਾਲਾ ਜੁਗਰਾਜ ਸਿੰਘ ਵੀ ਸੀ, ਜਿਸ ਦੀ ਗ੍ਰਿਫ਼ਤਾਰੀ ਲਈ ਦਿੱਲੀ ਪੁਲਿਸ ਨੇ ਇੱਕ ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਸੀ।

20 ਜੁਲਾਈ ਨੂੰ ਜੁਗਰਾਜ ਸਿੰਘ ਨੂੰ ਅਗਾਊਂ ਜ਼ਮਾਨਤ ਦੇਣ ਦੇ ਹੁਕਮ ਵਿੱਚ, ਜੱਜ ਕਾਮਿਨੀ ਲੌਅ ਨੇ ਕਿਹਾ ਸੀ ਕਿ ਜਦ ਕਿ ਜੁਗਰਾਜ ਨੇ ਹੀ ਨਿਸ਼ਾਨ ਸਾਹਿਬ ਨੂੰ ਲਹਿਰਾਇਆ ਸੀ, ਜਾਂਚ ਅਧਿਕਾਰੀ ਨੇ ਕਿਹਾ ਸੀ ਕਿ 'ਰਿਕਾਰਡ ਵਿੱਚ ਅਜਿਹੀ ਕੋਈ ਸਮੱਗਰੀ ਨਹੀਂ ਹੈ ਜੋ ਦਰਸਾਉਂਦੀ ਹੋਵੇ

(ਬਾਕੀ ਸਫ਼ਾ 30 'ਤੇ)

## ਖਹਿਰਾ ਵਿਧਾਨ ਸਭਾ ਵਿੱਚ ਚੁਕਣਗੇ ਮੁੱਦਾ ਕਿ ਪੰਜਾਬ ਵਿੱਚ ਬਾਹਰੀ ਸੂਬਿਆਂ ਵਾਲੇ ਜ਼ਮੀਨ-ਜਾਇਦਾਦ ਨਾ ਖਰੀਦਣ



ਜਲੰਧਰ -ਭੁਲੱਥ ਹਲਕੇ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਆਉਣ ਵਾਲੇ ਵਿਧਾਨ ਸਭਾ ਸੈਸ਼ਨ ਵਿੱਚ ਅਜਿਹਾ ਬਿੱਲ ਲਿਆਉਣ ਜਾ ਰਹੇ ਹਨ। ਜਿਸ ਤਹਿਤ ਪੰਜਾਬ ਰਾਜ ਵਿੱਚ ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਾਂਗ ਪੰਜਾਬ ਵਿੱਚ ਬਾਹਰੋਂ ਆਉਣ ਵਾਲਾ ਕੋਈ ਵੀ ਵਿਅਕਤੀ ਸੂਬੇ ਵਿੱਚ ਜ਼ਮੀਨ ਨਹੀਂ ਖਰੀਦ ਸਕਦਾ। ਖਹਿਰਾ ਨੇ ਦੱਸਿਆ ਕਿ ਉਹ ਇਸ ਬਿੱਲ ਸਬੰਧੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਨੂੰ ਮਿਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਿੱਖਾਂ ਅਤੇ ਪੰਜਾਬੀਆਂ ਦੇ ਮਾਣ-ਸਨਮਾਨ ਨੂੰ ਬਰਕਰਾਰ ਰੱਖਣ ਲਈ ਬਿੱਲ ਬਹੁਤ ਮਹੱਤਵਪੂਰਨ ਹੈ। ਕਿਉਂਕਿ ਪੰਜਾਬ ਤੋਂ ਲੋਕ ਵੱਡੀ ਗਿਣਤੀ ਵਿੱਚ ਵਿਦੇਸ਼ਾਂ ਵਿੱਚ ਜਾ ਰਹੇ ਹਨ ਅਤੇ ਆਉਣ ਵਾਲੇ ਕੁਝ ਸਾਲਾਂ ਵਿੱਚ ਇਹ ਸਥਿਤੀ ਗੰਭੀਰ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਖਾੜੀ ਦੇਸ਼ਾਂ ਵਿੱਚ ਅਜਿਹਾ ਕਾਨੂੰਨ ਹੈ ਕਿ ਉੱਥੇ ਕੋਈ ਵੀ ਕਾਰੋਬਾਰ ਕਰਨ ਲਈ ਸਥਾਨਕ ਵਿਅਕਤੀ ਨੂੰ ਹਿੱਸੇਦਾਰ ਬਣਾਉਣਾ ਪੈਂਦਾ ਹੈ।ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੂਬੇ ਵਿੱਚ ਅਜਿਹਾ ਕਾਨੂੰਨ ਬਣਾਉਣ ਲਈ ਕਿਹਾ ਕਿ ਦੂਜੇ ਰਾਜਾਂ ਤੋਂ ਆ ਕੇ ਪੰਜਾਬ ਵਿੱਚ ਕਾਰੋਬਾਰ ਕਰਨ ਵਾਲੇ ਵਿਅਕਤੀ ਨੂੰ ਪੰਜਾਬ ਦੇ ਕਿਸੇ ਵਿਅਕਤੀ ਨੂੰ ਆਪਣਾ ਭਾਈਵਾਲ ਬਣਾਉਣਾ ਪਵੇ। ਉਨ੍ਹਾਂ ਕਿਹਾ ਕਿ ਇਹ ਬਿੱਲ ਉਨ੍ਹਾਂ ਦਾ ਨਿੱਜੀ ਬਿੱਲ ਨਹੀਂ ਹੋਵੇਗਾ, ਇਹ ਕਾਂਗਰਸ ਪਾਰਟੀ ਵੱਲੋਂ ਬਿੱਲ ਹੋਵੇਗਾ, ਜਿਸ ਲਈ ਉਨ੍ਹਾਂ ਨੇ ਕਾਂਗਰਸ ਦੇ ਬਹੁਗਿਣਤੀ ਵਿਧਾਇਕਾਂ ਤੋਂ ਮਨਜ਼ੂਰੀ ਲਈ ਹੈ।

## ਦਰਪਣ ਝੂਠ ਨਹੀਂ ਬੋਲਦਾ

# ਪੰਜਾਬ ਭਾਜਪਾ ਦੀ ਨਵੀਂ ਸਿਆਸੀ ਸ਼ਿਕਾਰਗਾਹ

- ਮੋਦੀ ਦਾ ਭਾਜਪਾ ਨੂੰ ਹੁਕਮ ਕਿ ਸਿੱਖਾਂ ਨਾਲ ਰਾਬਤਾ ਕਾਇਮ ਰੱਖਿਆ ਜਾਵੇ
- ਪਾਰਟੀ ਵਰਕਰਾਂ ਨੂੰ 2024 ਦੀਆਂ ਆਮ ਚੋਣਾਂ ਲਈ ਡਟਣ ਦਾ ਦਿੱਤਾ ਸੱਦਾ

ਭਾਜਪਾ ਦਾ ਮਿਸ਼ਨ 2024 ਸ਼ੁਰੂ ਹੋ ਚੁੱਕਾ ਹੈ ਅਤੇ ਪੰਜਾਬ ਹੁਣ ਇਸ ਦਾ ਨਵਾਂ ਸ਼ਿਕਾਰਗਾਹ ਹੈ। ਪੰਜਾਬ ਅਤੇ ਜੰਮੂ-ਕਸ਼ਮੀਰ ਅਤੇ ਲੱਦਾਖ ਉੱਤਰੀ ਭਾਰਤ ਦੇ ਅਜਿਹੇ ਸੂਬੇ ਹਨ, ਜਿਨ੍ਹਾਂ 'ਤੇ ਰਾਜ ਕਰਨਾ ਭਾਜਪਾ ਅਤੇ ਆਰ.ਐੱਸ.ਐੱਸ. ਦਾ ਲੰਬੇ ਸਮੇਂ ਤੋਂ ਸੁਪਨਾ ਰਿਹਾ ਹੈ। ਜੰਮੂ, ਕਸ਼ਮੀਰ ਅਤੇ ਲੱਦਾਖ ਇਸ ਸਮੇਂ ਲੰਬੀ ਮਿਆਦ ਲਈ ਰਾਸ਼ਟਰਪਤੀ ਸ਼ਾਸਨ ਦੇ ਅਧੀਨ ਹਨ, ਪਰ ਉੱਥੇ ਦਾ ਸ਼ਾਸਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰਾਸ਼ਟਰੀ ਸਲਾਹਕਾਰ ਅਜੀਤ ਡੋਭਾਲ ਦੇ ਨਿਰਦੇਸ਼ਾਂ 'ਤੇ ਚੱਲਦਾ ਹੈ। ਇਸੇ ਲਈ ਭਾਜਪਾ ਦਾ ਫੌਰੀ ਧਿਆਨ ਪੰਜਾਬ 'ਤੇ ਹੈ। ਭਾਜਪਾ ਹਮੇਸ਼ਾ ਬਾਦਲ ਅਕਾਲੀ ਦਲ ਨਾਲ ਗਠਜੋੜ ਕਰਕੇ ਸੱਤਾ ਵਿੱਚ ਆਉਂਦੀ ਰਹੀ ਹੈ, ਪਰ ਹੁਣ ਉਹ ਬਾਦਲ ਨਾਲ ਸਿਆਸੀ ਤੋੜ ਵਿਛੋੜਾ ਕਰਨ ਬਾਅਦ ਵੱਖ-ਵੱਖ ਅਕਾਲੀ ਧੜਿਆਂ ਦੇ ਸਮਰਥਨ ਨਾਲ ਉਹ ਪੰਜਾਬ ਵਿਚ 'ਪੂਰਨ ਸੱਤਾ' ਚਾਹੁੰਦੀ ਹੈ। ਬੇਸ਼ੱਕ ਇਹ ਇਕ ਅਸੰਭਵ ਸੁਪਨਾ ਜਾਪਦਾ ਹੈ ਪਰ ਇਸ ਨੂੰ ਪੂਰਾ ਕਰਨ ਲਈ ਅਮਿਤ ਸ਼ਾਹ ਅਤੇ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨੱਡਾ ਨੇ ਮੁਹਿੰਮ ਸ਼ੁਰੂ ਕਰ ਦਿੱਤੀ ਹੈ।



ਨਰਿੰਦਰ ਮੋਦੀ-ਅਮਿਤ ਸ਼ਾਹ ਦੀ ਜੋੜੀ ਵਾਲੀ ਭਾਜਪਾ ਨੇ ਇਸ ਮਿਸ਼ਨ ਤਹਿਤ ਪੰਜਾਬ ਕਾਂਗਰਸ ਵਿੱਚ ਬੀਤੇ ਦਿਨੀਂ ਜ਼ਬਰਦਸਤ ਸੰਨ੍ਹ ਲਗਾਈ ਸੀ। ਕੁਝ ਸਮਾਂ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਭਾਜਪਾ ਵਿੱਚ ਸ਼ਾਮਲ ਹੋਏ ਸਨ। ਕੈਪਟਨ ਅਮਰਿੰਦਰ ਸਿੰਘ ਸੂਬਾ ਕਾਂਗਰਸ ਵਿੱਚ ਸਭ ਤੋਂ ਸੀਨੀਅਰ, ਤਜਰਬੇਕਾਰ ਅਤੇ ਵੱਡਾ ਚਿਹਰਾ ਸਨ। ਪਰ ਉਹ ਵੀ ਇਕ ਤਰ੍ਹਾਂ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਆਪਣੀ ਪਾਰਟੀ ਬਣਾਕੇ ਭਾਜਪਾ ਨਾਲ ਗਠਜੋੜ ਕਰਕੇ ਵਿਧਾਨ ਸਭਾ ਚੋਣਾਂ ਲੜੀਆਂ ਸਨ। ਹਾਲਾਂਕਿ, ਦੋਵਾਂ ਵਿੱਚੋਂ ਕਿਸੇ ਨੂੰ ਵੀ ਇਸ ਦਾ ਕੋਈ ਫ਼ੌਰੀ ਲਾਭ ਨਹੀਂ ਮਿਲਿਆ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਹਨੇਰੀ ਦੇ ਸਾਹਮਣੇ ਬਾਦਲ ਦਲ ਸਮੇਤ ਸਾਰੀਆਂ ਪਾਰਟੀਆਂ ਲਗਭਗ ਬੁਰੀ ਤਰ੍ਹਾਂ ਹਾਰੀਆਂ ਸਨ। ਕੈਪਟਨ ਅਤੇ ਉਸ ਦੀ ਪਾਰਟੀ ਦਾ ਪੂਰੀ ਤਰ੍ਹਾਂ ਸਫਾਇਆ ਹੋ ਗਿਆ ਸੀ ਅਤੇ ਭਾਜਪਾ ਸਿਰਫ਼ ਦੋ ਸੀਟਾਂ 'ਤੇ ਹੀ ਸਿਮਟ ਗਈ ਸੀ।

ਕੁਝ ਸਮਾਂ ਪਹਿਲਾਂ ਆਪਣੇ ਆਪ ਨੂੰ ਜਨਮ ਤੋਂ ਕਾਂਗਰਸੀ ਦੱਸਣ ਵਾਲੇ ਸੁਨੀਲ ਕੁਮਾਰ ਜਾਖੜ ਵੀ ਸਾਥੀਆਂ ਸਮੇਤ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਜਾਖੜ ਨੂੰ ਕਾਂਗਰਸ ਵਿੱਚ ਹਿੰਦੂ ਚਿਹਰੇ ਕਰਕੇ ਮਹੱਤਵ ਦਿੱਤਾ ਜਾਂਦਾ ਸੀ, ਕਿਉਂਕਿ ਕਾਂਗਰਸ ਵਿਚੋਂ ਬਹੁਤੇ ਸਿੱਖ ਸਨ। ਜਦਕਿ ਜਾਖੜ ਨੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਦੋਸ਼ ਲਾਇਆ ਸੀ ਕਿ ਕਾਂਗਰਸ ਸੂਬੇ ਵਿੱਚ ਹਿੰਦੂਆਂ ਨੂੰ ਨਜ਼ਰਅੰਦਾਜ਼ ਕਰਦੀ ਹੈ।

ਨੌਂ ਮਹੀਨੇ ਪਹਿਲਾਂ, ਭਾਜਪਾ ਨੇ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਅਪੀਲ 'ਤੇ ਪੰਜਾਬ ਦੇ ਸਬੰਧ ਵਿੱਚ ਇੱਕ ਮੀਟਿੰਗ ਕੀਤੀ ਸੀ ਅਤੇ ਉਸਦਾ ਉਦੇਸ਼ ਪੰਜਾਬ ਉਪਰ ਸਿਆਸੀ ਕਬਜ਼ਾ ਕਰਨ ਦਾ ਸੀ। ਭਾਜਪਾ ਦੇ ਸਿਆਸਤਦਾਨ ਚੰਗੀ ਤਰ੍ਹਾਂ ਜਾਣਦੇ ਹਨ ਕਿ ਸਿੱਖਾਂ ਦੇ ਸਮਰਥਨ ਤੋਂ ਬਿਨਾਂ ਉਹ ਪੰਜਾਬ ਵਿੱਚ ਕੁਝ ਨਹੀਂ ਕਰ ਸਕਦੇ। ਨਤੀਜੇ ਵਜੋਂ ਭਾਜਪਾ ਨੇ ਇਹ ਨੀਤੀ ਅਪਣਾ ਲਈ ਕਿ ਵੱਧ ਤੋਂ ਵੱਧ ਸਿੱਖਾਂ ਨੂੰ ਭਾਜਪਾ ਵਿੱਚ ਲਿਆਂਦਾ ਜਾਵੇ। ਮੋਦੀ ਨੇ ਭਾਜਪਾ ਨੂੰ ਹੁਕਮ ਕੀਤਾ ਕਿ ਸਿੱਖਾਂ ਨਾਲ ਰਾਬਤਾ ਕਾਇਮ ਰਖਿਆ ਜਾਵੇ।

ਬੀਤੇ ਦਿਨੀਂ ਭਾਰਤੀ ਜਨਤਾ ਪਾਰਟੀ ਦੀ ਕੌਮੀ ਕਾਰਜਕਾਰਨੀ ਨੇ ਸਰਬਸੰਮਤੀ ਨਾਲ ਪਾਰਟੀ ਦੇ ਪ੍ਰਧਾਨ ਜੇਪੀ ਨੱਢਾ ਦਾ ਕਾਰਜਕਾਲ ਜੂਨ 2024 ਤੱਕ ਵਧਾਉਣ ਦੀ ਮਨਜ਼ੂਰੀ ਦੇ ਦਿੱਤੀ ਸੀ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਸੀ ਕਿ ਭਾਜਪਾ ਨੱਢਾ ਦੀ ਅਗਵਾਈ ਹੇਠ 2024 ਦੀਆਂ ਲੋਕ ਸਭਾ ਚੋਣਾਂ ਵਿਚ 2019 ਨਾਲੋਂ ਵੀ ਵੱਡੇ ਫਰਕ ਨਾਲ ਜਿੱਤੇਗੀ। ਸ਼ਾਹ ਨੇ ਉਮੀਦ ਜ਼ਾਹਿਰ ਕੀਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਨੱਢਾ ਦੀ ਅਗਵਾਈ ਹੇਠ ਪਾਰਟੀ 2024 ਦੀਆਂ ਲੋਕ ਸਭਾ ਚੋਣਾਂ 'ਚ 2019 ਨਾਲੋਂ ਵੀ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰੇਗੀ।

ਭਾਜਪਾ ਤੋਂ ਬਹੁਤ ਪਹਿਲਾਂ ਰਾਸ਼ਟਰੀ ਸਵੈਮ ਸੇਵਕ ਸੰਘ 1947 ਤੋਂ ਪਹਿਲਾਂ ਜ਼ਮੀਨੀ ਪੱਧਰ 'ਤੇ ਸਿੱਖਾਂ ਨੂੰ ਆਪਣੇ ਨਾਲ ਜੋੜਨ ਦੀ ਮੁਹਿੰਮ ਰਚਦਾ ਰਿਹਾ ਹੈ ਪਰ ਕਦੇ ਕਾਮਯਾਬ ਨਹੀਂ ਹੋ ਸਕਿਆ। ਪਰ ਉਸ ਨੇ ਕੋਸ਼ਿਸ਼ ਜਾਰੀ ਰਖੀ ਹੋਈ ਹੈ। ਭਾਜਪਾ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਢਾਈ ਦਹਾਕੇ ਪਹਿਲਾਂ ਸਮਝੌਤਾ ਹੋਇਆ ਸੀ। ਪਰ ਸੰਘ ਆਪਣੇ ਰਾਹ 'ਤੇ ਚੱਲਦਾ ਰਿਹਾ। ਉਸ ਨੇ ਸਿੱਖਾਂ ਵਿੱਚ ਆਪਣੀ ਹੋਂਦ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।ਪਰ ਸਿਖ ਪੰਥ ਨੇ ਸੰਘ ਨੂੰ ਆਪਣੀ ਹੋਂਦ ਲਈ ਖਤਰਾ ਮੰਨਦਿਆਂ ਕੋਈ ਤਰਜੀਹ ਨਹੀਂ ਦਿੱਤੀ।

ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ ਦੌਰਾਨ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਨੇ ਪੰਜਾਬ ਦੇ ਜਿੰਨੇ ਦੌਰੇ ਕੀਤੇ ਹਨ, ਇਸ ਤੋਂ ਪਹਿਲਾਂ ਪੰਜਾਬ ਦੇ ਕਿਸੇ ਵੀ ਸਿਆਸੀ ਆਗੂ ਨੇ ਨਹੀਂ ਕੀਤੇ ਸਨ। ਆਪਣੇ ਦੌਰੇ ਦੌਰਾਨ ਸੰਘ ਮੁਖੀ ਵੱਖ-ਵੱਖ ਡੇਰੇਦਾਰਾਂ ਨੂੰ ਖੁੱਲ੍ਹ ਕੇ ਮਿਲਦੇ ਰਹੇ। ਕਰੀਬ ਚਾਰ ਸਾਲ ਪਹਿਲਾਂ ਮੌਜੂਦਾ ਸੰਘ ਮੁਖੀ ਮੋਹਨ (ਬਾਕੀ ਸਫ਼ਾ 30 'ਤੇ)

## ਸਾਲ 2017 ਤੇ 2021 ਵਿਚਾਲੇ ਕੇਂਦਰੀ ਪੁਲਿਸ ਬਲਾਂ ਦੀਆਂ 10 ਔਰਤਾਂ ਸਮੇਤ 642 ਕਰਮਚਾਰੀਆਂ ਵੱਲੋਂ ਖ਼ੁਦਕੁਸ਼ੀ

### ਆਪਣੇ ਹੀ ਸਾਥੀਆਂ ਦੀ ਹੱਤਿਆ ਕਰਨ ਦੀਆਂ 51 ਘਟਨਾਵਾਂ ਹੋਈਆਂ ਦਰਜ

### ਉੱਚ ਜੋਖ਼ਮ ਵਾਲੇ ਖੇਤਰਾਂ ਵਿੱਚ ਲੰਮੇ ਸਮੇਂ ਤੱਕ ਤਾਇਨਾਤੀ, ਪਰਿਵਾਰ ਤੋਂ ਲੰਮੇ ਸਮੇਂ ਤੱਕ ਦੂਰੀ, ਮਾਨਸਿਕ ਤਣਾਅ ਘਟਨਾਵਾਂ ਦਾ ਕਾਰਨ



ਸਾਲ 2017 ਤੇ 2021 ਵਿਚਕਾਰ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ (ਸੀਏਪੀਐੱਫ) ਜਿਨ੍ਹਾਂ ਨੂੰ ਸੁਰੱਖਿਆ ਬਲ ਵੀ ਕਿਹਾ ਜਾਂਦਾ ਹੈ, ਵਿਚ 10 ਔਰਤਾਂ ਸਮੇਤ 642 ਕਰਮਚਾਰੀਆਂ ਨੇ ਖ਼ੁਦਕੁਸ਼ੀ ਕੀਤੀ। ਆਪਣੇ ਹੀ ਸਾਥੀਆਂ ਦੀ ਹੱਤਿਆ ਕਰਨ ਦੀਆਂ 51 ਘਟਨਾਵਾਂ ਦਰਜ ਹੋਈਆਂ। ਸੀਆਰਪੀਐੱਫ 'ਚ 227 ਤੇ ਬੀਐੱਸਐੱਫ ਵਿਚ 175 ਖ਼ੁਦਕੁਸ਼ੀ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ। ਚਿੰਤਾਜਨਕ ਅੰਕੜੇ ਸੰਸਥਾਈ ਨਾਕਾਮੀਆਂ ਵੱਲ ਇਸ਼ਾਰਾ ਕਰਦੇ ਹਨ। ਮਾਮਲਿਆਂ ਦੀ ਜਾਂਚ ਲਈ ਗ੍ਰਹਿ ਮੰਤਰਾਲੇ ਦੁਆਰਾ ਗਠਿਤ ਟਾਸਕ ਫੋਰਸ ਦੀ ਰਿਪੋਰਟ ਨੇ ਇਨ੍ਹਾਂ ਵਿੱਚ ਖ਼ਾਮੀਆਂ ਦੀ ਪੁਸ਼ਟੀ ਕੀਤੀ ਹੈ। ਸਿੱਟੇ ਵਜੋਂ ਗੰਭੀਰ ਵਿਚਾਰ-ਵਟਾਂਦਰੇ ਅਤੇ ਇਨ੍ਹਾਂ ਨੂੰ ਰੋਕਣ ਲਈ ਢੰਗ-ਤਰੀਕਿਆਂ ਦੀ ਮੰਗ ਕੀਤੀ ਗਈ ਹੈ। ਨੌਕਰੀ ਦੀ ਪ੍ਰਕਿਰਤੀ ਦੇ ਮੱਦੇਨਜ਼ਰ ਸਖ਼ਤ ਮੌਸਮੀ ਹਾਲਾਤ ਅਤੇ ਉੱਚ ਜੋਖ਼ਮ ਵਾਲੇ ਖੇਤਰਾਂ ਵਿੱਚ ਲੰਮੇ ਸਮੇਂ ਤੱਕ ਤਾਇਨਾਤੀ ਦੇ ਨਾਲ-ਨਾਲ ਪਰਿਵਾਰ ਤੋਂ ਲੰਮੇ ਸਮੇਂ ਤੱਕ ਦੂਰ ਰਹਿਣਾ, ਮਾਨਸਿਕ ਸਿਹਤ ਅਤੇ ਤਣਾਅ ਦੇ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਨ ਦੇ ਗੰਭੀਰ ਨਤੀਜੇ ਨਿਕਲਦੇ ਹਨ। ਪੇਸ਼ੇਵਰਾਂ ਨੂੰ ਨਾਲ ਜੋੜਨ ਅਤੇ ਹਰ ਪੱਧਰ 'ਤੇ ਚਾਰਜ ਸੰਭਾਲਣ ਵਾਲਿਆਂ ਲਈ ਲਾਜ਼ਮੀ ਸਿਖਲਾਈ ਮੌਡਿਊਲ ਬਣਾ ਕੇ ਇਨ੍ਹਾਂ ਨੂੰ ਉੱਚ ਤਰਜੀਹ ਦੇਣ ਦੀ ਲੋੜ ਹੈ।ਜਦੋਂ ਕੰਮ ਦੇ ਜ਼ਿਆਦਾ ਘੰਟੇ ਅਤੇ ਥਕਾਵਟ ਵਰਗੀਆਂ ਨਿਯਮਤ ਸ਼ਿਕਾਇਤਾਂ ਅਣਸੁਣੀਆਂ ਹੋ ਜਾਂਦੀਆਂ ਹਨ ਤਾਂ ਨਿਰਾਸ਼ਾ ਤੇ ਇਕੱਲਤਾ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਸ਼ਿਕਾਇਤ ਨਿਵਾਰਨ ਤੰਤਰ ਕਈ ਸਮੱਸਿਆਵਾਂ ਵਿਚ ਘਿਰੇ ਹੋਣ ਕਾਰਨ ਓਨੇ ਮਜ਼ਬੂਤ ਨਹੀਂ ਜਿੰਨੇ ਸਖ਼ਤ ਡਿਊਟੀ ਕਰਨ ਵਾਲੇ ਬਲਾਂ ਲਈ ਹੋਣੇ ਚਾਹੀਦੇ ਹਨ। ਸੀਆਰਪੀਐੱਫ, ਆਈਟੀਬੀਪੀ, ਬੀਐੱਸਐੱਫ, ਐੱਸਐੱਸਬੀ ਅਤੇ ਅਸਾਮ ਰਾਈਫਲਜ਼ ਵਿਚ ਛੁੱਟੀ ਦੇਣ ਤੋਂ ਇਨਕਾਰ ਕਰਨਾ ਇਕ ਮੁੱਖ ਕਾਰਨ ਵਜੋਂ ਉੱਭਰਿਆ ਹੈ। ਕਰਮਚਾਰੀਆਂ ਵੱਲੋਂ ਸਖ਼ਤ ਕਦਮ ਚੁੱਕਣ ਦੇ ਹੋਰ ਮੁੱਖ ਕਾਰਨਾਂ ਵਿੱਚ ਭੇਦਭਾਵ, ਦੁਰਵਿਹਾਰ, ਧੱਕੇਸ਼ਾਹੀ, ਅਨੁਸ਼ਾਸਨੀ ਜਾਂ ਕਾਨੂੰਨੀ ਕਾਰਵਾਈ ਦਾ ਡਰ, ਵਾਰ-ਵਾਰ ਤਬਾਦਲੇ ਅਤੇ ਕੰਪਨੀ ਕਮਾਂਡਰਾਂ ਤੇ ਜਵਾਨਾਂ ਵਿਚਕਾਰ ਸੰਚਾਰ ਦੀ ਘਾਟ ਸ਼ਾਮਿਲ ਹਨ। ਸਪੱਸ਼ਟ ਤੌਰ 'ਤੇ ਰਿਪੋਰਟ ਵਿੱਚ ਉਜਾਗਰ ਕੀਤੇ ਗਏ ਮਾਮਲਿਆਂ ਨਾਲ ਵਿਸ਼ੇਸ਼ ਤੌਰ 'ਤੇ ਨਜਿੱਠਣ ਵਾਲੀਆਂ ਪ੍ਰਕਿਰਿਆਵਾਂ ਨੂੰ ਸਰਗਰਮ ਕਰਨ ਲਈ ਬਹੁਤ ਕੰਮ ਕਰਨ ਦੀ ਜ਼ਰੂਰਤ ਹੈ।ਅਸਲ ਵਿੱਚ ਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ ਦਾ ਇਕ ਮੁੱਖ ਕਾਰਨ ਉਨ੍ਹਾਂ ਦੇ ਘਰਾਂ ਵਿਚ ਪੈਦਾ ਹੋ ਰਹੀਆਂ ਸਮੱਸਿਆਵਾਂ ਵੀ ਹੁੰਦੀਆਂ ਹਨ। ਅੱਜ ਕੱਲ੍ਹ ਮੋਬਾਈਲ ਫੋਨਾਂ ਰਾਹੀਂ ਇਹ ਜਾਣਕਾਰੀ ਇਕਦਮ ਉਨ੍ਹਾਂ ਤੱਕ ਪਹੁੰਚ ਜਾਂਦੀ ਹੈ ਜਿਸ ਕਾਰਨ ਮਾਨਸਿਕ ਤਣਾਅ ਪੈਦਾ ਹੁੰਦਾ ਹੈ। ਜਵਾਨਾਂ ਦੀ ਵੱਡੀ ਗਿਣਤੀ ਦਿਹਾਤੀ ਖੇਤਰਾਂ ਅਤੇ ਖੇਤੀ ਕਰਨ ਵਾਲੇ ਪਰਿਵਾਰਾਂ ਨਾਲ ਸੰਬੰਧਿਤ ਹੈ ਜਿਨ੍ਹਾਂ ਦੀ ਆਰਥਿਕ ਸਥਿਤੀ ਬਹੁਤੀ ਚੰਗੀ ਨਹੀਂ ਹੁੰਦੀ। ਕੇਂਦਰੀ ਪੁਲਿਸ ਬਲ ਆਪਣੇ ਲਈ ਉੱਚ ਮਾਪਦੰਡ ਤੈਅ ਕਰਨ ਦਾ ਦਾਅਵਾ ਕਰਦੇ ਹਨ, ਪਰ ਅਧਿਕਾਰੀਆਂ ਤੇ ਜਵਾਨਾਂ 'ਚ ਰਾਬਤਾ ਵਧਾਉਣ ਅਤੇ ਸ਼ਿਕਾਇਤ ਨਿਵਾਰਨ ਤੰਤਰ ਮਜ਼ਬੂਤ ਕਰਨ ਦੀ ਲੋੜ ਹੈ।

## ਮਮਤਾ ਬੈਨਰਜੀ ਭਾਜਪਾ ਨੂੰ ਪਹੁੰਚਾਏਗੀ ਸਿਆਸੀ ਫ਼ਾਇਦਾ



ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨਗੀ ਮਮਤਾ ਬੈਨਰਜੀ ਪੂਰਬ-ਉੱਤਰ ਵਿਚ ਅਜਿਹੀ ਰਾਜਨੀਤੀ ਕਰ ਰਹੀ ਹੈ, ਜਿਸ ਤੋਂ ਭਾਜਪਾ ਨੂੰ ਸਿੱਧਾ ਫਾਇਦਾ ਹੋਵੇਗਾ। ਬੰਗਾਲ ਦੀ ਰਾਜਨੀਤੀ 'ਚ ਬਹੁਗਿਣਤੀ ਹਿੰਦੂ ਵੋਟਰਾਂ ਨੂੰ ਪੂਰੀ ਤਰ੍ਹਾਂ ਨਾਲ ਭਾਜਪਾ ਦੇ ਨਾਲ ਜਾਣ ਤੋਂ ਰੋਕਣ ਜਾਂ ਕਿਸੇ ਹੋਰ ਦਬਾਅ ਦੇ ਕਾਰਨ ਉਨ੍ਹਾਂ ਨੇ ਪਿਛਲੇ ਕੁਝ ਸਮੇਂ ਤੋਂ ਭਾਜਪਾ ਪ੍ਰਤੀ ਬਹੁਤ ਸਦਭਾਵਨਾ ਦਿਖਾਈ ਹੈ। ਉਸ ਦੀ ਅਗਲੀ ਕੜੀ ਹੁਣ ਪੂਰਬ-ਉੱਤਰ ਦੀ ਰਾਜਨੀਤੀ 'ਚ ਦਿਖ ਰਹੀ ਹੈ। ਭਾਵ ਮਮਤਾ ਵੀ ਉਸੇ ਤਰ੍ਹਾਂ ਦੀ ਰਾਜਨੀਤੀ ਕਰ ਰਹੀ ਹੈ, ਜਿਹੋ ਜਿਹੀ ਪਿਛਲੇ ਕੁਝ ਸਮੇਂ ਤੋਂ ਉੱਤਰ ਪ੍ਰਦੇਸ਼ ਵਿਚ ਮਾਇਆਵਤੀ ਕਰਦੀ ਆ ਰਹੀ ਹੈ। ਮਮਤਾ ਬੈਨਰਜੀ ਨੇ ਪਿਛਲੇ ਦਿਨੀਂ ਮੇਘਾਲਿਆ ਦਾ ਦੌਰਾ ਕੀਤਾ ਅਤੇ ਸਾਰੀਆਂ ਸੀਟਾਂ 'ਤੇ ਪੂਰੀ ਤਾਕਤ ਨਾਲ ਲੜਨ ਦਾ ਐਲਾਨ ਕੀਤਾ। ਮੁੱਖ ਮੰਤਰੀ ਕੋਨਰੇਡ ਸੰਗਮਾ ਨੇ ਭਾਜਪਾ ਦੇ ਨਾਲ ਚੋਣਾਂ ਲੜਨ ਤੋਂ ਇਨਕਾਰ ਕਰ ਦਿੱਤਾ ਹੈ। ਸੋ, ਨੈਸ਼ਨਲ ਪੀਪਲਜ਼ ਪਾਰਟੀ (ਐਨ.ਪੀ.ਪੀ.) ਅਤੇ ਭਾਜਪਾ ਦੋਵੇਂ ਸਾਰੀਆਂ ਸੀਟਾਂ 'ਤੇ ਲੜ ਰਹੇ ਹਨ। ਇਨ੍ਹਾਂ ਤੋਂ ਇਲਾਵਾ ਕਾਂਗਰਸ ਵੀ (ਬਾਕੀ ਸਫ਼ਾ 30 'ਤੇ)

## ਹੈਤੀ ਦਾ ਮਾਫ਼ੀਆ 'ਬਾਰਬਿਕਯੂ' ਜੋ ਜ਼ਿੰਦਾ ਜਲਾ ਕੇ ਲੋਕਾਂ ਨੂੰ ਦਿੰਦੇ ਮੌਤ

### ਲਗਭਗ 200 ਹਥਿਆਰਬੰਦ ਗੈਂਗ ਸ਼ਹਿਰ ਨੂੰ ਕੰਟਰੋਲ ਕਰਕੇ ਫ਼ੈਲਾ ਰਹੇ ਨੇ ਅਰਾਜਕਤਾ, ਸੰਯੁਕਤ ਰਾਸ਼ਟਰ ਨੇ ਜਤਾਈ ਚਿੰਤਾ

ਹੈਤੀ ਇਸ ਸਮੇਂ ਅਪਰਾਧੀਆਂ ਦੇ ਕੰਟਰੋਲ ਹੇਠ ਹੈ। ਸਿਆਸੀ ਉਥਲ-ਪੁਥਲ ਹੈ। ਗੈਂਗਸਟਰਾਂ ਵਿਚਕਾਰ ਲਗਾਤਾਰ ਲੜਾਈਆਂ ਵਿੱਚ ਇੱਥੇ ਆਮ ਲੋਕ ਮਾਰੇ ਜਾ ਰਹੇ ਹਨ। ਸਕੂਲ ਜਾਣ ਵਾਲੇ ਬੱਚਿਆਂ ਨੂੰ ਵੀ ਕਈ ਵਾਰ ਗੋਲੀਆਂ ਲੱਗ ਚੁਕੀਆਂ ਹਨ।

ਹੈਤੀ ਪੱਛਮੀ ਗੋਲਿਸਫਾਇਰ ਦੇ ਸਭ ਤੋਂ ਗਰੀਬ ਦੇਸ਼ਾਂ ਵਿੱਚੋਂ ਇੱਕ ਹੈ। ਵਾਰ-ਵਾਰ ਭੁਚਾਲ, ਵਧਦੀ ਮਹਿੰਗਾਈ, ਸਿਵਲ ਅਸ਼ਾਂਤੀ ਅਤੇ ਅਕਾਲ ਇੱਥੇ ਗੜਬੜ ਦੇ ਮੁੱਖ ਕਾਰਨ ਹਨ। ਪਰ ਇਸ ਤੋਂ ਵੀ ਵੱਡੇ ਦੁਸ਼ਮਣ ਇੱਥੋਂ ਦੇ ਮੌਜੂਦ ਗੈਂਗ ਹਨ।

ਹੈਤੀ ਦੀ ਰਾਜਧਾਨੀ ਵਿੱਚ ਲਗਭਗ 200 ਹਥਿਆਰਬੰਦ ਗੈਂਗ ਹਨ ਜੋ ਅੱਤਿਆਚਾਰ ਕਰਦੇ ਹਨ ਅਤੇ ਅਰਾਜਕਤਾ ਫੈਲਾਉਂਦੇ ਹਨ।4 ਮਹੀਨਿਆਂ ਵਿੱਚ 1300 ਲੋਕਾਂ ਦੀ ਮੌਤ ਹੋ ਚੁੱਕੀ ਹੈ। 'ਦਿ ਸਨ' ਦੀ



ਰਿਪੋਰਟ ਮੁਤਾਬਕ ਹਰ ਰੋਜ਼ 20 ਦੇ ਕਰੀਬ ਕਤਲ ਹੋ ਰਹੇ ਹਨ, ਜੋ ਲਗਾਤਾਰ ਦਹਿਸ਼ਤ ਪੈਦਾ ਕਰ ਰਹੇ ਹਨ। ਇਨ੍ਹਾਂ ਗੈਂਗਾਂ ਵਿੱਚੋਂ ਸਭ ਤੋਂ ਖ਼ਤਰਨਾਕ ਅਖੌਤੀ ਜੀ-9 ਗਠਜੋੜ ਹੈ, ਜਿਸ ਦੀ ਅਗਵਾਈ ਬਾਰਬਿਕਯੂ ਨਾਮਕ ਮਾਫੀਆ ਕਰਦਾ ਹੈ। ਕਿਹਾ ਜਾਂਦਾ ਹੈ ਕਿ ਇਹ ਆਪਣੇ ਸ਼ਿਕਾਰ ਨੂੰ ਸਾੜ ਕੇ ਮਾਰ ਦਿੰਦਾ ਹੈ। ਇੱਥੇ ਮੌਜੂਦ ਗੈਂਗਸਟਰਾਂ ਨੇ ਪੂਰੇ ਸ਼ਹਿਰ ਨੂੰ ਬਰਬਾਦ ਕਰ ਦਿੱਤਾ ਹੈ। ਜੁਲਾਈ ਵਿੱਚ ਰਾਸ਼ਟਰਪਤੀ ਜੋਵੇਨਲ ਮੋਸੇ ਦੀ ਹੱਤਿਆ ਤੋਂ ਬਾਅਦ ਦੇਸ਼ ਅਸਥਿਰ ਹੈ। ਰਾਸ਼ਟਰਪਤੀ ਦਾ ਕਤਲ ਅਜੇ ਵੀ ਰਹੱਸ ਬਣਿਆ ਹੋਇਆ ਹੈ।

ਇਸ ਸਮੇਂ ਹੈਤੀ ਵਿੱਚ ਸਰਕਾਰ ਨਹੀਂ ਹੈ, ਇਸ ਲਈ ਜਿਸ ਨੂੰ ਵੀ ਮੌਕਾ ਮਿਲ ਰਿਹਾ ਹੈ, ਉਹ ਮਨਮਾਨੀ ਕਰਨ ਵਿੱਚ ਰੁੱਝਿਆ ਹੋਇਆ ਹੈ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਮੁਖੀ ਮਿਸ਼ੇਲ ਬੈਚਲੇਟ ਨੇ ਕਿਹਾ ਕਿ ਗੈਂਗ ਹੁਣ 60 ਫੀਸਦੀ ਰਾਜਧਾਨੀ 'ਤੇ ਕੰਟਰੋਲ ਕਰ ਰਹੇ ਹਨ। ਗਰੋਹ ਇੱਥੇ ਬੈਰੀਕੇਡ ਲਗਾ ਕੇ ਸੜਕਾਂ 'ਤੇ ਗਸ਼ਤ ਕਰਕੇ ਲੋਕਾਂ ਨੂੰ ਲੁੱਟ ਰਹੇ ਹਨ। ਸ਼ਹਿਰ ਵਿੱਚ ਗੈਂਗਸਟਰ ਆਪਣਾ ਕਾਨੂੰਨ ਚਲਾ ਰਹੇ ਹਨ। ਇੱਥੇ ਅਕਸਰ ਫਿਰੌਤੀ ਲਈ ਅਗਵਾ ਦੀਆਂ ਵਾਰਦਾਤਾਂ ਹੁੰਦੀਆਂ ਰਹਿੰਦੀਆਂ ਹਨ।

## ਮਹਾਰਾਸ਼ਟਰ ’ਚ ਬਾਬਾ ਕਰਨੈਲ ਸਿੰਘ ਵੱਲੋਂ ਬਣਾਈ ਲੰਗਰ ਘਰ ਦੀ ਇਮਾਰਤ ਢਾਹੀ

### ਕੋਰੋਨਾ ਦੌਰਾਨ ਇਮਾਰਤ ’ਚ 20 ਲੱਖ ਤੋਂ ਪ੍ਰਵਾਸੀ ਮਜ਼ਦੂਰਾਂ ਨੂੰ ਛਕਾਇਆ ਗਿਆ ਸੀ ਲੰਗਰ





ਯਵਤਮਾਲ (ਮਹਾਰਾਸ਼ਟਰ)/ ਏ.ਟੀ.ਨਿਊਜ਼ :- ਯਵਤਮਾਲ ਕੌਮੀ ਮਾਰਗ ’ਤੇ ਇੱਕ ਲੰਗਰ ਘਰ ਦੀ ਇਮਾਰਤ, ਜਿੱਥੇ ਕਰੋਨਾ ਕਾਰਨ ਲਾਗੂ ਹੋਈ ਤਾਲਾਬੰਦੀ ਦੇ ਪਹਿਲੇ ਸਾਲ ਦੌਰਾਨ 20 ਲੱਖ ਤੋਂ ਵੱਧ ਪਰਵਾਸੀਆਂ ਨੂੰ ਲੰਗਰ ਛਕਾਇਆ ਗਿਆ ਸੀ, ਮਾਲਕਾਂ ਦੇ ਕਥਿਤ ਵਿਵਾਦ ਕਾਰਨ ਢਾਹ ਦਿੱਤੀ ਗਈ।

ਸਿੱਖ ਸੇਵਾਦਾਰ ਕਰਨੈਲ ਸਿੰਘ ਖਹਿਰਾ (84), ਜੋ ਕਿ ਯਵਤਮਾਲ ਕੌਮੀ ਮਾਰਗ-7 ’ਤੇ ਪਿਛਲੇ 35 ਸਾਲਾਂ ਤੋਂ ਲੰਗਰ ਦੀ ਸੇਵਾ ਕਰ ਰਹੇ ਸਨ ਨੂੰ ਧੱਕੇ ਨਾਲ ਉਥੋਂ ਹਟਾ ਦਿੱਤਾ ਗਿਆ ਹੈ ਅਤੇ ਉਹ ਹੁਣ ਸੜਕ ’ਤੇ ਰਹਿਣ ਲਈ ਮਜਬੂਰ ਹਨ। ਇਹ ਲੰਗਰ ਘਰ ਪਿੰਡ ਕਰਾਂਜੀ ਨੇੜੇ ਡੇਰਾ ਕਾਰ ਸੇਵਾ ਗੁਰਦੁਆਰਾ ਲੰਗਰ ਸਾਹਿਬ ਜਾਂ ‘ਗੁਰੂ ਕਾ ਲੰਗਰ’ ਵਜੋਂ ਸਥਾਪਿਤ ਕੀਤਾ ਗਿਆ ਸੀ ਅਤੇ 24 ਮਾਰਚ 2020 ਤੋਂ ਸ਼ੁਰੂ ਹੋਈ ਤਾਲਾਬੰਦੀ ਦੌਰਾਨ, ਇਹ ਲੱਖਾਂ ਗਰੀਬ ਦਿਹਾਤੀ, ਕਬਾਇਲੀਆਂ ਤੇ ਪਰਵਾਸੀਆਂ ਨੂੰ ਬਚਾਉਣ ਦਾ ਵਸੀਲਾ ਬਣਿਆ ਸੀ। ਇਸ ਲੰਗਰ ਨੂੰ ਸ੍ਰੀ ਖਹਿਰਾ, ਜਿਹੜੇ ਕਿ ਇਲਾਕੇ ਵਿੱਚ ‘ਖਹਿਰਾ ਬਾਬਾ’ ਵਜੋਂ ਜਾਣੇ ਜਾਂਦੇ ਹਨ, ਚਲਾ ਰਹੇ ਸਨ ਅਤੇ ਉਨ੍ਹਾਂ ਨੇ ਤਾਲਾਬੰਦੀ ਦੌਰਾਨ ਉਥੋਂ ਲੰਘਦੇ ਲੋਕਾਂ ਨੂੰ ਦਾਨ ਦੇ ਸਹਾਰੇ ਚੌਵੀਂ ਘੰਟੇ ਮੁਫ਼ਤ ਲੰਗਰ ਛਕਾਇਆ। ਖਹਿਰਾ ਬਾਬਾ ਨੇ ਦੱਸਿਆ, ‘ਜ਼ਮੀਨ ਮਾਲਕਾਂ ਵਿਚਾਲੇ ਵਿਵਾਦ ਕਾਰਨ ਕੁਝ ਦਿਨ ਪਹਿਲਾਂ ਅਧਿਕਾਰੀ ਇੱਥੇ ਆਏ ਅਤੇ ਉਨ੍ਹਾਂ 3000 ਹਜ਼ਾਰ ਵਰਗ ਫੁੱਟ ਵਿੱਚ ਬਣੀ ‘ਲੰਗਰ ਦੀ ਇਮਾਰਤ’ ਨੂੰ ਢਾਹ ਦਿੱਤਾ, ਜਿਹੜੀ ਉਨ੍ਹਾਂ ਨੇ 35 ਸਾਲਾਂ ਦੀ ਮਿਹਨਤ ਨਾਲ ਬਣਾਈ ਸੀ।’ ਇਸੇ ਦੌਰਾਨ ਸ਼ਿਵ ਸੈਨਾ (ਊਧਵ ਬਾਲ ਠਾਕਰੇ) ਦੇ ਕਿਸਾਨ ਨੇਤਾ ਕਿਸ਼ੋਰ ਤਿਵਾੜੀ ਨੇ ਮੌਕੇ ਦਾ ਜਾਇਜ਼ਾ ਲਿਆ ਅਤੇ ਇਸ ਲੰਗਰ ਹਾਲ ਨੂੰ ਢਾਹੁਣ ਨੂੰ ਲੈ ਕੇ ਸੂਬਾ ਸਰਕਾਰ ’ਤੇ ਸਵਾਲ ਚੁੱਕੇ। ਤਿਵਾੜੀ ਨੇ ਕਿਹਾ, ‘ਮਾਲਕਾਂ ਵਿੱਚ ਕੁਝ ਵਿਵਾਦ ਹੋ ਸਕਦੇ ਹਨ ਪਰ ਇਹ ‘ਲੰਗਰ’ 35 ਸਾਲਾਂ ਤੋਂ ਨਿਰਵਿਘਨ ਚੱਲ ਰਿਹਾ ਸੀ। ਦੂਜੇ ਪਾਸੇ ਪੰਧਰਕਾਵੜਾ ਦੇ ਸੀਨੀਅਰ ਇੰਸਪੈਕਟਰ ਜਗਦੀਸ਼ ਮੰਡਲਾਵਰ ਨੇ ਲੰਗਰ ਦੀ ਇਮਾਰਤ ਢਾਹੇ ਜਾਣ ਦੀ ਪੁਸ਼ਟੀ ਕੀਤੀ।

# ਪੰਜਾਬ ਦੀਆਂ 11 ਜੇਲ੍ਹਾਂ ਵਿੱਚ 46 ਮਾਸੂਮ ਬੱਚੇ ਆਪਣੀਆਂ ਮਾਵਾਂ ਨਾਲ ਕੱਟ ਰਹੇ ਨੇ ਜੇਲ੍ਹ

### ਜੁਵੇਨਾਈਲ ਜਸਟਿਸ ਐਕਟ ਤਹਿਤ 18 ਸਾਲ ਤੋਂ ਘੱਟ ਕਿਸੇ ਵੀ ਬੱਚੇ ਨੂੰ ਜੇਲ੍ਹ ਵਿੱਚ ਰੱਖਣਾ ਗ਼ੈਰ- ਕਾਨੂੰਨੀ

ਫ਼ਰੀਦਕੋਟ/ਏ.ਟੀ.ਨਿਊਜ਼ :- ਪੰਜਾਬ ਦੀਆਂ 11 ਜੇਲ੍ਹਾਂ ਵਿੱਚ 46 ਮਾਸੂਮ ਬੱਚੇ ਆਪਣੀਆਂ ਮਾਵਾਂ ਨਾਲ ਰਹਿ ਰਹੇ ਹਨ ਜੋ ਬਿਨਾਂ ਕੋਈ ਅਪਰਾਧ ਕੀਤਿਆਂ ਆਪਣੇ ਬਚਪਨ ਦੇ ਦਿਨ ਜੇਲ੍ਹਾਂ ਵਿੱਚ ਗੁਜ਼ਾਰ ਰਹੇ ਹਨ। ਸੂਚਨਾ ਅਧਿਕਾਰ ਤਹਿਤ ਮਿਲੀ ਜਾਣਕਾਰੀ ਅਨੁਸਾਰ ਫ਼ਰੀਦਕੋਟ ਦੀ ਕੇਂਦਰੀ ਮਾਡਰਨ ਜੇਲ੍ਹ ਵਿੱਚ ਦੋ ਬੱਚੇ ਹਨ ਜਿਨ੍ਹਾਂ ਦੀ ਉਮਰ 6 ਸਾਲ ਤੋਂ ਘੱਟ ਹੈ। ਪੁਲਿਸ ਨੇ ਇਨ੍ਹਾਂ ਬੱਚਿਆਂ ਦੀ ਮਾਵਾਂ ਨੂੰ ਅਪਰਾਧਿਕ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤਾ ਸੀ। ਬੱਚੇ ਛੋਟੇ ਹੋਣ ਕਾਰਨ ਅਤੇ ਘਰ ਵਿੱਚ ਕੋਈ ਦੇਖ-ਭਾਲ ਕਰਨ ਵਾਲਾ ਨਾ ਹੋਣ ਕਰਕੇ ਜੇਲ੍ਹ ਗਈਆਂ ਮਾਵਾਂ ਨੂੰ ਆਪਣੇ ਬੱਚੇ ਵੀ ਜੇਲ੍ਹ ਵਿੱਚ ਹੀ ਰੱਖਣੇ ਪੈ ਰਹੇ ਹਨ।

ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚ 5 ਬੱਚੇ ਰਹਿ ਰਹੇ ਹਨ। ਲੁਧਿਆਣਾ ’ਚ ਪੰਜਾਬ ਸਰਕਾਰ ਵੱਲੋਂ ਸਿਰਫ਼ ਔਰਤਾਂ ਲਈ ਬਣਾਈ ਗਈ ਜੇਲ੍ਹ ਵਿੱਚ ਅੱਠ ਬੱਚੇ ਹਨ। ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿੱਚ ਵੀ ਅੱਠ ਅਜਿਹੇ ਬੱਚਿਆਂ ਦੀ ਸ਼ਨਾਖਤ ਹੋਈ ਹੈ ਜਿਨ੍ਹਾਂ ਦੀ ਉਮਰ 3 ਤੋਂ 5 ਸਾਲ ਦੀ ਹੈ ਅਤੇ ਉਹ ਪਿਛਲੇ ਇੱਕ ਸਾਲ ਤੋਂ ਆਪਣੀਆਂ ਮਾਵਾਂ ਨਾਲ ਜੇਲ੍ਹ ਦੀਆਂ ਬੈਰਕਾਂ ਵਿੱਚ ਜ਼ਿੰਦਗੀ ਗੁਜ਼ਾਰ ਰਹੇ ਹਨ। ਕੇਂਦਰੀ ਜੇਲ੍ਹ ਬਠਿੰਡਾ ਵਿੱਚ ਵੀ ਅਜਿਹੇ ਪੰਜ ਬੱਚਿਆਂ ਦੀ ਸ਼ਨਾਖਤ ਹੋਈ ਹੈ। ਜੇਲ੍ਹ ਵਿਭਾਗ ਦੇ ਏਡੀਜੀਪੀ ਵੱਲੋਂ ਮੁਹੱਈਆ ਕਰਵਾਈ ਗਈ ਸੂਚਨਾ ਅਨੁਸਾਰ ਸੰਗਰੂਰ ਜੇਲ੍ਹ



ਵਿੱਚ ਵੀ ਚਾਰ ਬੱਚੇ ਰਹਿ ਰਹੇ ਹਨ। ਇਸ ਤੋਂ ਇਲਾਵਾ ਕਪੂਰਥਲਾ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਜੇਲ੍ਹਾਂ ਵਿੱਚ ਵੀ ਨਾਬਾਲਗ ਬੱਚੇ ਹਨ। ਪਿਛਲੇ 18 ਮਹੀਨਿਆਂ ਦੌਰਾਨ 7 ਬੱਚਿਆਂ ਦੀ ਜੇਲ੍ਹ ਵਿੱਚੋਂ ਰਿਹਾਈ ਵੀ ਹੋਈ ਹੈ ਕਿਉਂਕਿ ਅਦਾਲਤ ਨੇ ਉਨ੍ਹਾਂ ਦੀਆਂ ਮਾਵਾਂ ਨੂੰ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਹੈ। ਜੇਲ੍ਹ ਵਿਭਾਗ ਪੰਜਾਬ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਫਰੀਦਕੋਟ ਜੇਲ੍ਹ ਵਿੱਚ ਰੱਖੇ ਗਏ ਬੱਚਿਆਂ ਦੀ ਸਿਹਤ ਬਿਲਕੁਲ ਠੀਕ ਹੈ ਅਤੇ ਉਨ੍ਹਾਂ ਨੂੰ ਜੇਲ੍ਹ ਅੰਦਰ ਵੀ ਸਮਾਜਿਕ ਮਾਹੌਲ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਐਡਵੋਕੇਟ ਆਸ਼ੂ ਕੁਮਾਰ ਮਿੱਤਲ ਨੇ ਦੱਸਿਆ ਕਿ ਜੁਵੇਨਾਈਲ ਜਸਟਿਸ ਐਕਟ ਤਹਿਤ 18 ਸਾਲ ਤੋਂ ਘੱਟ ਕਿਸੇ ਵੀ ਬੱਚੇ ਨੂੰ ਜੇਲ੍ਹ ਵਿੱਚ ਨਹੀਂ ਰੱਖਿਆ ਜਾ ਸਕਦਾ ਅਤੇ ਇਨ੍ਹਾਂ ਬੱਚਿਆਂ ਲਈ ਵਿਸ਼ੇਸ਼ ਤੌਰ ’ਤੇ ਅਬਜ਼ਰਵੇਸ਼ਨ ਹੋਮ ਬਣਾਉਣੇ ਲਾਜ਼ਮੀ ਹਨ। ਫ਼ਰੀਦਕੋਟ ਵਿੱਚ ਵੀ ਨਾਬਾਲਗ ਅਤੇ ਛੋਟੇ ਬੱਚਿਆਂ ਲਈ ਅਬਜ਼ਰਵੇਸ਼ਨ ਹੋਮ ਸਥਾਪਿਤ ਕੀਤਾ ਗਿਆ ਹੈ। ਬਾਰ ਐਸੋਸੀਏਸ਼ਨ ਦੇ ਮੈਂਬਰ ਗੁਰਤਾਜ ਸੰਧੂ ਨੇ ਕਿਹਾ ਕਿ ਭਾਰਤੀ ਕਾਨੂੰਨ ਤਹਿਤ 7 ਸਾਲ ਤੋਂ ਘੱਟ ਉਮਰ ਦੇ ਬੱਚੇ ਖਿਲਾਫ਼ ਕੋਈ ਵੀ ਅਪਰਾਧਿਕ ਮਾਮਲਾ ਦਰਜ ਨਹੀਂ ਹੋ ਸਕਦਾ। ਇਸ ਲਈ ਜੇਲ੍ਹਾਂ ਵਿੱਚ ਆਪਣੀਆਂ ਮਾਵਾਂ ਨਾਲ ਰਹਿ ਰਹੇ 46 ਬੱਚਿਆਂ ਦੀ ਸਾਂਭ ਸੰਭਾਲ ਲਈ ਹੋਰ ਲੋੜੀਂਦੇ ਪ੍ਰਬੰਧ ਹੋਣੇ ਚਾਹੀਦੇ ਹਨ, ਕਿਉਂਕਿ ਜੇਲ੍ਹ ਵਿੱਚ ਪਲਣ ਵਾਲੇ ਬੱਚੇ ਇੱਕ ਤਰ੍ਹਾਂ ਨਾਲ ਸਮਾਜ ਨਾਲੋਂ ਕੱਟੇ ਜਾਂਦੇ ਹਨ।ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ (ਬਾਕੀ ਸਫ਼ਾ 30 ’ਤੇ)

## ਅਫ਼ਗਾਨਿਸਤਾਨ ’ਚ ਭਾਰਤ, ਚੀਨ ਤੇ ਈਰਾਨ ਦੇ ਦੂਤਘਰਾਂ ਨੂੰ ਇਸਲਾਮਿਕ ਸਟੇਟ ਨੇ ਤਬਾਹ ਕਰਨ ਦੀ ਦਿੱਤੀ ਧਮਕੀ

ਸੰਯੁਕਤ ਰਾਸ਼ਟਰ/ ਏ.ਟੀ.ਨਿਊਜ਼ :- ਸੰਯੁਕਤ ਰਾਸ਼ਟਰ ਨੇ ਇਕ ਰਿਪੋਰਟ ’ਚ ਕਿਹਾ ਹੈ ਕਿ ‘ਇਸਲਾਮਿਕ ਸਟੇਟ ਇਨ ਇਰਾਕ ਐਂਡ ਦਿ ਲੇਵੈਂਟ-ਖੁਰਾਸਾਨ’ ਨੇ. ਅਫ਼ਗਾਨਿਸਤਾਨ ਵਿੱਚ ਭਾਰਤ, ਈਰਾਨ ਅਤੇ ਚੀਨ ਦੇ ਦੂਤਘਰਾਂ ’ਤੇ ਅੱਤਵਾਦੀ ਹਮਲੇ ਦੀ ਧਮਕੀ ਦਿੱਤੀ ਹੈ। ਇਸ ’ਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਜੇਹਾਦੀ ਸਮੂਹ ਤਾਲਿਬਾਨ ਅਤੇ ਮੱਧ ਤੇ ਦੱਖਣੀ ਏਸ਼ੀਆ ਖੇਤਰ ’ਚ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਵਿਚਾਲੇ ਸਬੰਧਾਂ ਨੂੰ ਕਮਜ਼ੋਰ ਕਰਨਾ ਚਾਹੁੰਦਾ ਹੈ। ਆਈ. ਐੱਸ. ਆਈ. ਐੱਲ. ਵੱਲੋਂ ਪੈਦਾ ਕੀਤੇ ਗਏ ਖ਼ਤਰੇ ’ਤੇ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟਾਰੇਸ ਦੀ ਇਕ ਰਿਪੋਰਟ ਵਿੱਚ ਇਹ ਖ਼ੁਲਾਸਾ ਕੀਤਾ ਗਿਆ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਲੀਬੀਆ ਵਿਖੇ 3-3 ਹਜ਼ਾਰ ਡਾਲਰ 'ਚ ਵੇਚੇ ਗਏ ਭਾਰਤ ਦੇ ਲੋਕ

## ਪੰਜਾਬ ਦੇ ਨੌਜਵਾਨ ਦਾ ਖ਼ੁਲਾਸਾ- 18 ਘੰਟੇ ਕੰਮ ਕਰਵਾਇਆ, ਨਾਂਹ ਕਰਨ 'ਤੇ ਕੀਤੀ ਕੁੱਟਮਾਰ

ਜਲੰਧਰ/ਏ.ਟੀ.ਨਿਊਜ਼ :- ਲੀਬੀਆ ਵਿੱਚ ਫਸੇ ਪੰਜਾਬ, ਹਿਮਾਚਲ ਅਤੇ ਬਿਹਾਰ ਦੇ ਲੋਕ ਹੁਣ ਆਪੋ-ਆਪਣੇ ਘਰਾਂ 'ਚ ਪਹੁੰਚ ਗਏ ਹਨ, ਪਰ ਜੇਕਰ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਉਨ੍ਹਾਂ ਨੂੰ ਜਲਦੀ ਭਾਰਤ ਲਿਆਉਣ ਦੀ ਕੋਸ਼ਿਸ਼ ਨਾ ਕੀਤੀ ਹੁੰਦੀ ਤਾਂ ਉਹ ਉਥੋਂ ਜ਼ਿੰਦਾ ਨਾ ਪਰਤਦੇ। ਭਾਰਤੀ ਏਜੰਟ ਨੇ ਲੀਬੀਆ ਦੇ ਬੇਨਗਾਜ਼ੀ, ਸਥਿਤ ਐਲਸੀਸੀ ਸੀਮਿੰਟ ਕੰਪਨੀ ਨੂੰ ਮਜ਼ਦੂਰ ਮੁਹੱਈਆ ਕਰਵਾਉਣ ਦੀ ਥਾਂ ਉਨ੍ਹਾਂ ਸਾਰਿਆਂ ਨੂੰ ਗੁਲਾਮ ਵਜੋਂ 3,000 ਡਾਲਰ ਵਿੱਚ ਵੇਚ ਦਿੱਤਾ ਸੀ।ਲੀਬੀਆ ਦੇ ਬੇਨਗਾਜ਼ੀ ਵਿੱਚ ਐਲਸੀਸੀ ਸੀਮਿੰਟ ਫੈਕਟਰੀ ਵਿੱਚ ਬੰਦੀ ਬਣਾਏ ਗਏ ਹਿਮਾਚਲ ਅਤੇ ਬਿਹਾਰ ਤੇ ਪੰਜਾਬੀਆਂ ਨੂੰ ਨਾ ਤਾਂ ਸਮੇਂ ਸਿਰ ਖਾਣਾ ਮਿਲਿਆ ਅਤੇ ਨਾ ਹੀ ਪੀਣ ਲਈ ਪਾਣੀ। ਹਾਲਾਤ ਇਹ ਬਣ ਗਏ ਸਨ ਕਿ ਕਈਆਂ ਨੇ ਤਾਂ ਦੁਖੀ ਹੋ ਕੇ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਵੀ ਕੀਤੀ। ਉਨ੍ਹਾਂ ਨੂੰ ਕੰਪਨੀ ਵਿੱਚ ਬੰਦੀ ਬਣਾ ਕੇ ਰੱਖਿਆ ਗਿਆ ਸੀ ਅਤੇ ਗੁਲਾਮਾਂ ਵਾਂਗ ਕੰਮ ਲਿਆ ਗਿਆ ਸੀ।



ਲੀਬੀਆ ਤੋਂ ਵਾਪਸ ਆਏ ਪਿੰਡ ਨੂਰਪੁਰ ਰਾਜਪੂਤ ਜ਼ਿਲ੍ਹਾ ਕਪੂਰਥਲਾ ਦੇ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਡਰਾਈਵਰ ਦੀ ਨੌਕਰੀ ਲਈ ਪਿਛਲੇ ਸਾਲ ਦਸੰਬਰ ਵਿੱਚ ਦੁਬਈ ਗਿਆ ਸੀ ਪਰ ਦੁਬਈ ਪਹੁੰਚਦਿਆਂ ਹੀ ਉਸ ਨੂੰ ਸਾਥੀਆਂ ਸਮੇਤ ਲੀਬੀਆ ਭੇਜ ਦਿੱਤਾ ਗਿਆ। ਲੀਬੀਆ ਪਹੁੰਚ ਕੇ ਐਲ ਸੀ ਸੀ ਸੀਮਿੰਟ ਫੈਕਟਰੀ ਦੀ ਹਾਲਤ ਦੇਖ ਕੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਨਾ ਤਾਂ ਰਹਿਣ ਲਈ ਥਾਂ ਸੀ ਤੇ ਨਾ ਹੀ ਖਾਣ ਲਈ ਕੁਝ, ਫਿਰ ਕਿਸੇ ਤਰ੍ਹਾਂ ਭਾਂਡੇ ਅਤੇ ਖਾਣ-ਪੀਣ ਦਾ ਸਮਾਨ ਪ੍ਰਾਪਤ ਕੀਤਾ। ਕਈ ਦਿਨ ਬਾਸੀ ਖਾਣਾ ਖਾਧਾ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਜਦੋਂ ਉਹ ਪ੍ਰਬੰਧਕਾਂ ਕੋਲੋਂ ਪੈਸੇ ਦੀ ਮੰਗ ਕਰਦੇ ਤਾਂ ਜਵਾਬ ਮਿਲਦਾ ਸੀ ਕਿ ਪੈਸੇ ਅਗਲੇ ਮਹੀਨੇ ਮਿਲਣਗੇ, ਜਿਸ ਕਾਰਨ ਉਨ੍ਹਾਂ ਨੂੰ ਕਈ ਕਈ ਦਿਨ ਭੁੱਖੇ ਕੱਟਣੇ ਪਏ।

ਗੁਰਪ੍ਰੀਤ ਨੇ ਦੱਸਿਆ ਕਿ ਉਨ੍ਹਾਂ ਤੋਂ ਕਰੀਬ 18 ਘੰਟੇ ਕੰਮ ਕਰਵਾਇਆ ਗਿਆ ਸੀ ਅਤੇ ਜੇਕਰ ਕੋਈ ਇਸ ਦਾ ਵਿਰੋਧ ਕਰਦਾ ਤਾਂ ਉਸ ਦੀ ਕੁੱਟਮਾਰ ਕੀਤੀ ਜਾਂਦੀ ਸੀ। ਜਦੋਂ ਉਨ੍ਹਾਂ ਨੇ ਮਾਲਕਾਂ ਨੂੰ ਭਾਰਤ ਵਾਪਸ ਭੇਜਣ ਲਈ ਕਿਹਾ ਤਾਂ ਅੱਗੋਂ ਜਵਾਬ ਮਿਲਿਆ ਕਿ ਸਾਰੇ 3-3 ਹਜ਼ਾਰ ਡਾਲਰ ਵਿੱਚ ਖਰੀਦੇ ਗਏ ਹਨ। 3-3 ਹਜ਼ਾਰ ਡਾਲਰ ਦੇ ਦਿਓ ਅਤੇ ਇੱਥੋਂ ਚਲੇ ਜਾਓ। ਨਹੀਂ ਤਾਂ ਸਾਰੀ ਉਮਰ ਇਸੇ ਤਰ੍ਹਾਂ ਹੀ ਰਹਿਣਾ ਪਵੇਗਾ ਤੇ ਕੰਮ ਵੀ ਕਰਨਾ ਪਵੇਗਾ।

ਉਨ੍ਹਾਂ ਕਿਹਾ ਕਿ ਗੁਲਾਮਾਂ ਵਰਗੇ ਵਿਵਹਾਰ ਤੋਂ ਤੰਗ ਆ ਕੇ ਉਨ੍ਹਾਂ ਇਕ ਵੀਡੀਓ ਬਣਾ ਕੇ ਵਾਇਰਲ ਕੀਤੀ ਤਾਂ ਉਸ ਤੋਂ ਬਾਅਦ ਲੀਬੀਆ ਦੀ ਫ਼ੌਜ ਨੇ ਉਨ੍ਹਾਂ 'ਤੇ ਬਹੁਤ ਤਸ਼ੱਦਦ ਕੀਤਾ। ਉਨ੍ਹਾਂ ਕਿਹਾ ਕਿ ਵਾਇਰਲ ਕੀਤੀ ਵੀਡੀਓ ਵਿਚ ਉਨ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਤੋਂ ਮਦਦ ਦੀ ਮੰਗ ਕੀਤੀ ਸੀ ਜਿਸ 'ਤੇ ਕੇਂਦਰ ਸਰਕਾਰ ਤੇ 'ਇਨਸਾਨੀਅਤ ਸੰਸਥਾ ਪਹਿਲਾਂ' ਦੇ ਆਗੂ ਅਜੇਵੀਰ ਸਿੰਘ ਲਾਲਪੁਰਾ ਦੇ ਉਪਰਾਲੇ ਸਦਕਾ ਉਹ ਆਪਣੇ ਘਰ ਪਰਤਣ ਵਿਚ ਸਫ਼ਲ ਹੋਏ ਹਨ।

ਲੀਬੀਆ ਤੋਂ ਪਰਤੇ ਲੋਕਾਂ ਨੇ ਦੱਸਿਆ ਕਿ ਹਾਲਾਤ ਅਜਿਹੇ ਬਣ ਗਏ ਹਨ ਕਿ ਨਰਕ ਭਰੀ ਜ਼ਿੰਦਗੀ ਤੋਂ ਛੁਟਕਾਰਾ ਪਾਉਣ ਲਈ ਕੁਝ ਸਾਥੀਆਂ ਨੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ।

# ਬੰਦੀ ਸਿੰਘ ਗੁਰਦੀਪ ਸਿੰਘ ਖੈੜਾ ਨੂੰ ਮਿਲੀ 7 ਹਫ਼ਤਿਆਂ ਦੀ ਪੈਰੋਲ

## ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਕਿਸੇ ਕਿਸਮ ਦੀ ਰਾਜਨੀਤੀ ਨਾ ਹੋਵੇ

### ਧਾਮੀ ਨੇ ਭਾਈ ਖੈੜਾ ਨਾਲ ਕੀਤੀ ਮੁਲਾਕਾਤ



ਅੰਮ੍ਰਿਤਸਰ/ਏ.ਟੀ.ਨਿਊਜ਼ :- ਬੰਦੀ ਸਿੰਘਾਂ ਦੀ ਸੂਚੀ ਵਿੱਚ ਸ਼ਾਮਲ ਗੁਰਦੀਪ ਸਿੰਘ ਖੈੜਾ ਨੂੰ ਅੰਮ੍ਰਿਤਸਰ ਜੇਲ੍ਹ ਤੋਂ 7 ਹਫਤਿਆਂ ਦੀ ਪੈਰੋਲ ਮਿਲੀ ਹੈ। ਭਾਈ ਖੈੜਾ ਨੇ ਸਿੱਖ ਬੰਦੀਆਂ ਦੀ ਰਿਹਾਈ ਲਈ ਵੱਖ-ਵੱਖ ਸਿੱਖ ਜਥੇਬੰਦੀਆਂ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਮੁਹਿੰਮਾਂ ਸਬੰਧੀ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਸਮੇਤ ਹੋਰਨਾਂ ਧਰਮਾਂ ਦੇ ਵੀ ਸਮੂਹ ਬੰਦੀਆਂ ਨੂੰ ਰਿਹਾਅ ਕਰਵਾਉਣ ਲਈ ਇਕਜੁੱਟ ਹੋ ਕੇ ਚਾਰਾਜੋਈ ਕਰਨੀ ਚਾਹੀਦੀ ਹੈ। ਭਾਈ ਖੈੜਾ ਨੇ ਕਿਹਾ ਕਿ ਕੇਵਲ ਪੰਜਾਬ ਵਿੱਚ ਧਰਨੇ ਲਾਉਣ ਦਾ ਕੋਈ ਫਾਇਦਾ ਨਹੀਂ ਤੇ ਇਸ ਨੂੰ ਸਮੂਹ ਸਿੱਖ ਜਥੇਬੰਦੀਆਂ ਨੂੰ ਬੁੱਧੀਜੀਵੀ ਵਰਗ ਨੂੰ ਨਾਲ ਲੈ ਕੇ ਮਨੁੱਖੀ ਅਧਿਕਾਰਾਂ ਦੇ ਹਵਾਲੇ ਨਾਲ ਰਾਜਸੀ ਤੌਰ 'ਤੇ ਯਤਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਉਹ 8 ਫਰਵਰੀ ਤੋਂ ਇਸ ਵਾਰ ਪੈਰੋਲ 'ਤੇ ਆਪਣੇ ਪਿੰਡ ਆਏ ਹੋਏ ਹਨ ਪਰ ਅਜੇ ਤੱਕ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਕਰਨ ਦਾ ਦਾਅਵਾ ਕਰਨ ਵਾਲਾ ਕੋਈ ਵੀ ਸਿੱਖ ਆਗੂ ਉਨ੍ਹਾਂ ਨੂੰ ਮਿਲਣ ਤੱਕ ਨਹੀਂ ਆਇਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਬੰਦੀ ਸਿੰਘਾਂ ਨੂੰ ਹੁਣ ਕੁਝ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਹੈ ਪਰ ਉਨ੍ਹਾਂ ਨੂੰ ਕਦੇ ਕੋਈ ਸਹਾਇਤਾ ਨਹੀਂ ਮਿਲੀ ਤੇ ਉਹ ਆਪਣਾ ਕੇਸ ਵੀ ਆਪਣੇ ਕੋਲੋਂ ਵਕੀਲ ਕਰ ਕੇ ਲੜਦੇ ਰਹੇ ਹਨ। ਕੁਝ ਸਿੱਖ ਜਥੇਬੰਦੀਆਂ ਵਲੋਂ ਵੱਖਰੇ ਸਿੱਖ ਰਾਜ ਦੀ ਕੀਤੀ ਜਾ ਰਹੀ ਮੰਗ ਸਬੰਧੀ ਉਨ੍ਹਾਂ ਬੇਬਾਕੀ ਨਾਲ ਆਖਿਆ ਕਿ ਖਾੜਕੂ ਲਹਿਰ ਦੌਰਾਨ ਵੀ ਕਦੇ ਵੀ ਕਿਸੇ ਖਾੜਕੂ ਆਗੂ ਨੇ ਸਿੱਖਾਂ ਲਈ ਖ਼ਾਲਿਸਤਾਨ ਦੀ ਮੰਗ ਨਹੀਂ ਸੀ ਕੀਤੀ। ਉਨ੍ਹਾਂ ਅਜੋਕੀ ਸਿੱਖ ਪੀੜ੍ਹੀ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਬਚਣ ਅਤੇ ਚੰਗੀ ਪੜ੍ਹਾਈ ਕਰਕੇ ਦੇਸ਼ ਵਿਚ ਉੱਚ ਸਰਕਾਰੀ ਅਹੁਦੇ ਹਾਸਲ ਕਰਕੇ ਦੇਸ਼ ਕੌਮ ਦੀ ਸੇਵਾ ਕਰਨ।ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਉਹ ਕੁਝ ਸਮਾਂ ਪਹਿਲਾਂ ਪੀਜੀਆਈ ਵਿਚ ਜ਼ੇਰੇ ਇਲਾਜ ਵੀ ਰਹੇ ਹਨ। ਇਲਾਜ ਮਗਰੋਂ ਉਹ ਮੁੜ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਆ ਗਏ ਸਨ। ਦਿੱਲੀ ਵਿਚ ਸਜ਼ਾ ਪੂਰੀ ਹੋਣ ਮਗਰੋਂ ਕਰਨਾਟਕ ਸਰਕਾਰ ਨੇ ਗੁਰਦੀਪ ਸਿੰਘ ਨੂੰ ਆਪਣੇ ਸੂਬੇ ਵਿਚ ਤਬਦੀਲ ਕਰ ਲਿਆ ਸੀ। 2015 ਵਿੱਚ ਉਨ੍ਹਾਂ ਨੂੰ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਤਬਦੀਲ ਕੀਤਾ ਗਿਆ ਸੀ। ਦੱਸਣਯੋਗ ਹੈ ਕਿ ਬੰਦੀ ਸਿੱਖਾਂ ਦੀ ਰਿਹਾਈ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਮੁਹਾਲੀ ਵਿਖੇ ਇੱਕ ਪੱਕਾ ਮੋਰਚਾ ਵੀ ਲਾਇਆ ਗਿਆ ਹੈ।

**ਧਾਮੀ ਭਾਈ ਗੁਰਦੀਪ ਸਿੰਘ ਖੇੜਾ ਨੂੰ ਮਿਲੇ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਸਿੱਖ ਬੰਦੀ ਸਿੰਘ, ਭਾਈ ਗੁਰਦੀਪ ਸਿੰਘ ਖੈੜਾ ਜੋ ਕੁਝ ਦਿਨਾਂ ਤੋਂ ਪੈਰੋਲ 'ਤੇ ਘਰ ਆਏ ਹੋਏ ਹਨ, ਨਾਲ ਉਨ੍ਹਾਂ ਦੇ ਪਿੰਡ ਜੱਲੂਪੁਰ ਖੈੜਾ ਵਿਖੇ ਮੁਲਾਕਾਤ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਜਨ: ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਵੀ ਸਨ। ਐਡਵੋਕੇਟ ਧਾਮੀ ਨੇ ਭਾਈ ਖੈੜਾ ਵਲੋਂ ਸਿੱਖ ਸੰਘਰਸ਼ ਦੌਰਾਨ ਪਾਏ ਗਏ ਤੇ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਬੰਦੀ ਸਿੰਘਾਂ ਦੀਆਂ ਰਿਹਾਈਆਂ ਲਈ ਸੰਗਤਾਂ ਦੇ ਸਹਿਯੋਗ ਨਾਲ ਅਦਾਲਤਾਂ ਵਿੱਚ ਕਾਨੂੰਨੀ ਚਾਰਾਜੋਈ ਕੀਤੀ ਜਾ ਰਹੀ ਹੈ ਤੇ ਹੁਣ ਦਸਤਖ਼ਤੀ ਮੁਹਿੰਮ ਆਰੰਭ ਕਰਕੇ ਵੀ ਰਿਹਾਈਆਂ ਲਈ ਯਤਨ ਜਾਰੀ ਹਨ।

### ਮਾਮਲਾ ਰੇਲਵੇ ਦੀ ਜ਼ਮੀਨ ਉੱਪਰ ਬਣੇ ਮੰਦਰ ਦਾ

# ਹਨੂੰਮਾਨ ਨੂੰ ਜਾਰੀ ਹੋਇਆ ਨੋਟਿਸ ਕਿ ਹਫ਼ਤੇ 'ਚ ਕਬਜ਼ਾ ਨਾ ਹਟਾਇਆ ਤਾਂ ਹੋਵੇਗੀ ਕਾਰਵਾਈ



ਮੁਰੈਨੇ/ਏ.ਟੀ.ਨਿਊਜ਼ :- ਮੱਧ ਪ੍ਰਦੇਸ਼ 'ਚ ਮੁਰੈਨਾ ਜ਼ਿਲ੍ਹੇ ਦੇ ਸਬਲਗੜ੍ਹ ਕਸਬੇ ਦੇ ਗਿਆਰਾਂ ਮੁਖੀ ਹਨੂੰਮਾਨ ਜੀ ਦੇ ਨਾਂ ਰੇਲਵੇ ਨੇ ਨੋਟਿਸ ਜਾਰੀ ਕਰ ਦਿੱਤਾ। ਇਸ ਵਿੱਚ ਸੱਤ ਦਿਨਾਂ 'ਚ ਮੰਦਰ ਦਾ ਕਬਜ਼ਾ ਨਾ ਹਟਾਉਣ 'ਤੇ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ ਗਈ। ਇਸ ਦੇ ਨਾਲ ਹੀ ਕਥਿਤ ਕਬਜ਼ੇ ਹਟਾਉਣ ਲਈ ਪੋਕਲੇਨ ਮਸ਼ੀਨ ਆਦਿ ਦਾ ਖਰਚਾ ਹਨੂੰਮਾਨ ਜੀ ਤੋਂ ਵਸੂਲਣ ਲਈ ਵੀ ਲਿਖਿਆ ਗਿਆ। ਜਦੋਂ ਮੰਦਰ 'ਚ ਹਨੂੰਮਾਨ ਜੀ ਦੇ ਨਾਂ 'ਤੇ ਨੋਟਿਸ ਚਿਪਕਾਉਣ ਦਾ ਮਾਮਲਾ ਗਰਮਾ ਗਿਆ ਤਾਂ ਰੇਲਵੇ ਨੇ ਇਕ ਹੋਰ ਨੋਟਿਸ ਜਾਰੀ ਕੀਤਾ, ਜੋ ਪੁਜਾਰੀ ਦੇ ਨਾਂ 'ਤੇ ਹੈ। ਝਾਂਸੀ ਰੇਲਵੇ ਡਵੀਜ਼ਨ ਦੇ ਲੋਕ ਸੰਪਰਕ ਅਧਿਕਾਰੀ ਮਨੋਜ ਕੁਮਾਰ ਸਿੰਘ ਦਾ ਕਹਿਣਾ ਹੈ ਕਿ ਮੰਦਰ ਰੇਲਵੇ ਦੀ ਜ਼ਮੀਨ 'ਤੇ ਹੈ। ਇਸ ਤੋਂ ਪਹਿਲਾਂ ਹਨੂੰਮਾਨ ਜੀ ਦੇ ਨਾਂ 'ਤੇ ਨੋਟਿਸ ਜਾਰੀ ਕਰਨ ਵਿੱਚ ਕਲੈਰੀਕਲ ਗਲਤੀ ਸੀ, ਜਿਸ ਨੂੰ ਠੀਕ ਕਰ ਲਿਆ ਗਿਆ ਹੈ। ਹੁਣ ਰੇਲਵੇ ਨੇ ਨਵਾਂ ਨੋਟਿਸ ਜਾਰੀ ਕੀਤਾ ਹੈ। ਇਸ 'ਚ ਹਨੂੰਮਾਨ ਜੀ ਦੀ ਥਾਂ ਮੰਦਰ ਦੇ ਪੁਜਾਰੀ ਹਰੀਸ਼ੰਕਰ ਸ਼ਰਮਾ ਦਾ ਨਾਂ ਲਿਖਿਆ ਗਿਆ ਹੈ।

### ਲੰਡਨ ਯੂਨੀਵਰਸਿਟੀ ਦੇ ਮਨੋਵਿਗਿਆਨੀਆਂ ਨੇ ਕੀਤੀ ਖੋਜ

# ਨੀਂਦ ਨਾ ਆਉਣ ਕਾਰਨ ਲੋਕ ਰਾਤ ਨੂੰ ਭੂਤ ਦੇਖਣ ਦਾ ਭਰਮ ਪਾਲ ਲੈਂਦੇ ਨੇ

## ਦਾ ਗਾਰਡੀਅਨ ਡਾਟ ਕਾਮ ਅਨੁਸਾਰ ਦੁਨੀਆ ਭਰ ਦੇ 40% ਤੋਂ ਵੱਧ ਲੋਕ ਅੰਧਵਿਸ਼ਵਾਸੀ, ਭੂਤ-ਪ੍ਰੇਤਾਂ ਵਿੱਚ ਵਿਸ਼ਵਾਸ ਦੇ ਧਾਰਨੀ

ਲੰਡਨ/ਏ.ਟੀ.ਨਿਊਜ਼:- ਜਾਦੂ-ਟੂਣਿਆਂ, ਭੂਤਾਂ-ਪ੍ਰੇਤਾਂ ਅਤੇ ਆਤਮਾਵਾਂ ਬਾਰੇ ਕਿੱਸੇ-ਕਹਾਣੀਆਂ ਦਾ ਕੋਈ ਅੰਤ ਨਹੀਂ ਹੈ। ਪਖੰਡੀਆਂ ਅਤੇ ਤਾਂਤਰਿਕਾਂ ਨੇ ਆਪਣੇ ਕਪਟੀ ਮਾਇਆ ਜਾਲ ਰਾਹੀਂ ਭੂਤਾਂ ਬਾਰੇ ਭਰਮ ਨੂੰ ਭਾਰਤ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਫੈਲਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਖਾਸ ਗੱਲ ਇਹ ਹੈ ਕਿ ਭੂਤਾਂ-ਪ੍ਰੇਤਾਂ ਦੀਆਂ ਇਹ ਕਹਾਣੀਆਂ ਪੂਰੀ ਦੁਨੀਆ ਵਿੱਚ ਰਾਤ ਦੇ ਹਨੇਰੇ ਤੋਂ ਪੈਦਾ ਹੁੰਦੀਆਂ ਹਨ। ਵਿਗਿਆਨ ਇਸ ਮੁੱਦੇ 'ਤੇ ਲੋਕਾਂ ਨੂੰ ਲਗਾਤਾਰ ਜਾਗਰੂਕ ਕਰ ਰਿਹਾ ਹੈ। ਇਸ ਕੜੀ ਵਿੱਚ ਇੱਕ ਨਵੀਂ ਖੋਜ ਬਹੁਤ ਦਿਲਚਸਪ ਅਤੇ ਮਹੱਤਵਪੂਰਨ ਹੈ।ਜਰਨਲ ਆਫ਼ ਸਲੀਪ ਰਿਸਰਚ ਵਿੱਚ



ਪ੍ਰਕਾਸ਼ਿਤ ਨਵੀਂ ਖੋਜ ਦੇ ਅਨੁਸਾਰ-ਰਾਤ ਦੇ ਹਨੇਰੇ ਵਿੱਚ ਭੂਤਾਂ ਦੇ ਭਰਮ ਲਈ ਮਨੁੱਖੀ ਨੀਂਦ ਜ਼ਿੰਮੇਵਾਰ ਹੈ। ਨੀਂਦ ਵਿੱਚ ਵਿਘਨ ਨਾ ਸਿਰਫ਼ ਮਨ ਨੂੰ ਬੇਚੈਨ ਕਰਦਾ ਹੈ, ਸਗੋਂ ਡਰ ਨਾਲ ਵੀ ਭਰ ਦਿੰਦਾ ਹੈ। ਯੂਨੀਵਰਸਿਟੀ ਆਫ ਲੰਡਨ ਦੇ ਮਨੋਵਿਗਿਆਨ ਵਿਭਾਗ ਦੀ ਖੋਜਕਰਤਾ ਬੀਟਲ ਰਾਊਫ ਕਹਿੰਦੀ ਹੈ- ਜਿਨ੍ਹਾਂ ਦੀ ਨੀਂਦ ਵਾਰ-ਵਾਰ ਟੁੱਟਦੀ ਹੈ, ਉਨ੍ਹਾਂ ਨੂੰ ਬੇਚੈਨੀ ਹੋਣ ਲੱਗਦੀ ਹੈ। ਉਹ ਵਧਦੀ ਹੀ ਜਾਂਦੀ ਹੈ।ਉਹ ਡਰਨ ਲਗ ਜਾਂਦੇ ਹਨ। ਇਸ ਕਾਰਨ ਸੌਣਾ ਹੋਰ ਵੀ ਔਖਾ ਹੋ ਜਾਂਦਾ ਹੈ। ਜਿਵੇਂ-ਜਿਵੇਂ ਡਰ ਤੇ ਬੇਚੈਨੀ ਵਧਦੀ ਜਾਂਦੀ ਹੈ ਤਾਂ ਉਸ ਨੂੰ ਕਈ ਵਾਰ ਏਲੀਅਨ ਜਾਂ ਭੂਤ ਦੇਖਣ ਦਾ ਭਰਮ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ। ਡਰਿਆ ਹੋਇਆ ਵਿਅਕਤੀ ਇਸ ਨੂੰ ਇੰਨਾ ਸੱਚ ਮੰਨਣ ਲੱਗ ਪੈਂਦਾ ਹੈ ਕਿ ਉਹ ਇਸ ਨੂੰ ਭਰਮ ਮੰਨਣ ਲਈ ਤਿਆਰ ਨਹੀਂ ਹੁੰਦਾ।

ਦਾ ਗਾਰਡੀਅਨ ਡਾਟ ਕਾਮ ਅਨੁਸਾਰ ਇਹ ਖੋਜ 8,853 ਲੋਕਾਂ 'ਤੇ ਕੀਤੀ ਗਈ। ਉਨ੍ਹਾਂ ਦੇ ਅਨੁਭਵ ਸੁਣੇ ਗਏ। ਉਨ੍ਹਾਂ ਦੀ ਮਰੀਆਂ ਨਾਲ ਗੱਲਬਾਤ, ਏਲੀਅਨ ਨਾਲ ਸਾਹਮਣਾ, ਭੂਤਾਂ ਦੀ ਮੌਜੂਦਗੀ ਦੇ ਸੁਆਲ ਪੁੱਛੇ ਗਏ। ਬਹੁਤਿਆਂ ਨੂੰ ਅਜਿਹੇ ਭਰਮ ਇੱਕ ਤੋਂ ਵੱਧ ਵਾਰ ਹੋਏ ਸਨ। ਕਈਆਂ ਨੇ ਨਿਯਮਿਤ ਤੌਰ 'ਤੇ ਅਜਿਹਾ ਮਹਿਸੂਸ ਕੀਤਾ ਸੀ।

ਇਸ ਤੋਂ ਬਾਅਦ ਉਨ੍ਹਾਂ ਦੇ ਸੌਣ ਦੀ ਸਥਿਤੀ ਬਾਰੇ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਉਸ ਵਿਚ ਨੀਂਦ ਨਾ (ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

15 ਫ਼ਰਵਰੀ ਤੋਂ 21ਫਰਵਰੀ, 2023

## ਸਿੰਧ ਜਲ ਸੰਧੀ ਮੁੜ ਚਰਚਾ ਵਿੱਚ

ਸਿੰਧ ਜਲ ਸੰਧੀ (ਇੰਡਸ ਵਾਟਰ ਟਰੀਟੀ) 1960 ਇੰਡੀਆ ਅਤੇ ਪਾਕਿਸਤਾਨ ਦਰਮਿਆਨ 9 ਸਾਲ ਵਰਲਡ ਬੈਂਕ ਦੀ ਸਾਲਸੀ ਵਿਚ ਚੱਲੀ ਗੱਲਬਾਤ ਤੋਂ ਬਾਅਦ ਹੋਂਦ 'ਚ ਆਈ ਸੀ। ਸਿੰਧ ਬੇਸਨ ਦੇ ਦਰਿਆਵਾਂ ਦੇ ਪਾਣੀ ਦੀ ਵੰਡ/ਵਰਤੋਂ ਬਾਰੇ ਇਹ ਸੰਧੀ ਉੱਤੇ ਇੰਡੀਆ ਦੇ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਪਾਕਿਸਤਾਨ ਦੇ ਸਦਰ (ਪ੍ਰੈਜ਼ੀਡੈਂਟ) ਅਯੂਬ ਖਾਨ ਅਤੇ ਵਰਲਡ ਬੈਂਕ ਵੱਲੋਂ ਡਲਬਯੂ. ਏ. ਬੀ. ਇਲਫ ਨੇ 19 ਸਤੰਬਰ 1960 ਨੂੰ ਦਸਤਖਤ ਕੀਤੇ ਸਨ। ਇਸ ਸੰਧੀ ਦੇ ਆਰਟੀਕਲ 9 (16) ਤਹਿਤ ਇਸ ਨੂੰ 1 ਅਪ੍ਰੈਲ 1960 ਤੋਂ ਲਾਗੂ ਮੰਨਿਆ ਗਿਆ। ਇਸ ਸੰਧੀ ਨੇ ਦੋਵਾਂ ਵਿਰੋਧੀ ਮੁਲਕਾਂ 'ਚ ਪਾਣੀ ਕਾਰਨ ਹੋਣ ਵਾਲੀ ਸੰਭਾਵੀ ਜੰਗ ਟਾਲ ਦਿੱਤੀ। ਇਕ ਕੌਮਾਂਤਰੀ ਦਸਤਾਵੇਜ਼ ਵਜੋਂ ਇਸ ਸੰਧੀ ਨੂੰ ਇਸ ਪੱਖੋਂ ਖਾਸ ਅਹਿਮੀਅਤ ਦਿੱਤੀ ਜਾਂਦੀ ਹੈ ਕਿ ਇੰਡੀਆ ਤੇ ਪਾਕਿਸਤਾਨ ਦਰਮਿਆਨ ਹੋਈਆਂ ਜੰਗਾਂ ਦੇ ਬਾਵਜੂਦ ਇਹ ਸਮਝੌਤਾ ਹਾਲੀ ਤੱਕ ਕਾਇਮ ਹੈ।

ਹੁਣ ਇੰਡੀਆ ਵੱਲੋਂ ਵਿਉਂਤੇ ਦੋ ਪਣ-ਬਿਜਲੀ ਪ੍ਰੋਜੈਕਟਾਂ ਨੂੰ ਲੈ ਕੇ ਇੰਡੀਆ ਅਤੇ ਪਾਕਿਸਾਤਾਨ ਆਹਮੋ-ਸਾਹਮਣੇ ਹਨ। ਪਹਿਲਾ, ਕਿਸ਼ਨਗੰਗਾ ਵਗਦੀ ਨਦੀ (ਰਨ-ਟੂ-ਦਾ-ਰਿਵਰ) ਪ੍ਰੋਜੈਕਟ ਹੈ ਅਤੇ ਦੂਜਾ, ਰਤਲੇ ਪਣ-ਬਿਜਲੀ ਪ੍ਰੋਜੈਕਟ ਹੈ। ਕਿਸ਼ਨਗੰਗਾ ਪਣ-ਬਿਜਲੀ ਕਾਰਜ ਉੱਤੇ ਸਾਲ 2007 ਵਿਚ ਕੰਮ ਸ਼ੁਰੂ ਹੋਇਆ ਸੀ। ਪਾਕਿਸਤਾਨ ਨੇ ਇਸ ਉੱਤੇ ਇਤਰਾਜ ਚੁੱਕੇ ਤੇ ਪਾਕਿਸਤਾਨ ਦੇ ਕਹਿਣ ਉੱਤੇ ਸਾਲ 2010 ਵਿੱਚ ਇਹ ਮਾਮਲਾ ਸਾਲਸੀ ਅਦਾਲਤ ਕੋਲ ਚਲਾ ਗਿਆ। ਸਾਲਸੀ ਅਦਾਲਤ ਵੱਲੋਂ ਸਾਲ 2013 ਵਿਚ ਅੰਤਰਿਮ ਫੈਸਲਾ ਸੁਣਾਇਆ ਗਿਆ। ਇਸ ਫੈਸਲੇ ਵਿੱਚ ਬੰਨ੍ਹ (ਡੈਮ) ਦੀ ਉਚਾਈ 98 ਮੀਟਰ ਤੋਂ ਘਟਾ ਕੇ 37 ਮੀਟਰ ਕਰਨ ਅਤੇ '9 ਵਰਗ ਮੀਟਰ ਪ੍ਰਤੀ ਸਕਿੰਟ' (9 ਕਿਊਸਿਕ) ਦਾ ਜਲ ਬਹਾਅ ਯਕੀਨੀ ਬਣਾਉਣ ਸਮੇਤ ਕੁਝ ਤਬਦੀਲੀਆਂ ਸੁਝਾਈਆਂ ਸਨ। ਇੰਡੀਆ ਦਾ ਕਹਿਣਾ ਹੈ ਕਿ ਉਸ ਨੇ ਇਹ ਤਬਦੀਲੀਆਂ ਲਾਗੂ ਕਰ ਦਿੱਤੀਆਂ ਹਨ ਤੇ ਮਸਲਾ ਖਤਮ ਹੋ ਗਿਆ ਹੈ ਪਰ ਪਾਕਿਸਤਾਨ ਦਾ ਕਹਿਣਾ ਹੈ ਕਿ ਉਸ ਕੋਲ ਸਬੂਤ ਹਨ ਕਿ ਇਹ ਪ੍ਰੋਜੈਕਟ ਸੰਧੀ ਦੀ ਉਲੰਘਣਾ ਕਰਦਾ ਹੈ।

ਵਿਸ਼ਵ ਪੱਧਰ ਉੱਤੇ ਜਲ ਸਰੋਤਾਂ ਦੀ ਅਹਿਮੀਅਤ ਬਾਰੇ ਚਰਚਾ ਤੇਜ ਹੋ ਰਹੀ ਹੈ ਅਤੇ ਇਨ੍ਹਾਂ ਉੱਤੇ ਕਬਜ਼ੇ ਦੀ ਸਰਗਰਮੀ ਵੀ ਵਧ ਰਹੀ ਹੈ। ਇੰਡੀਆ ਵੱਲੋਂ ਸਿੰਧ ਬੇਸਨ ਦੇ ਪੱਛਮੀ ਦਰਿਆਵਾਂ ਉੱਤੇ ਬਣਾਏ ਜਾ ਰਹੇ ਬੰਨ ਅਤੇ ਚੀਨ ਵੱਲੋਂ ਸਿੰਧ, ਸਤਲੁਜ ਅਤੇ ਬ੍ਰਹਮਪੁੱਤਰ ਤੇ ਮੇਕੋਂਗ ਦਰਿਆਵਾਂ ਉੱਤੇ ਬਣਾਏ ਜਾ ਰਹੇ ਬੰਨ੍ਹ ਇਸ ਪੱਖ ਦੀਆਂ ਉੱਘੜਵੀਆਂ ਮਿਸਾਲਾਂ ਹਨ।

ਕਾਨੂੰਨੀ ਪੱਖੋਂ ਭਾਵੇਂ ਇਹ ਕਿਹਾ ਜਾ ਸਕਦਾ ਹੈ ਕਿ ਸੰਧੀ ਨੂੰ ਇਕਪਾਸੜ ਤੌਰ ਉੱਤੇ ਬਦਲਣ ਜਾਂ ਇਸ ਨੂੰ ਤੋਂ ਬਾਹਰ ਹੋ ਜਾਣ ਦੀ ਕੋਈ ਮੱਦ ਨਹੀਂ ਹੈ ਪਰ ਮੁਲਕਾਂ ਦਰਮਿਆਨ ਸੰਧੀਆਂ ਦੇ ਕਾਇਮ ਰਹਿਣ ਜਾਂ ਨਾ ਰਹਿਣ ਵਿਚ ਸਿਆਸੀ ਤੇ ਰਣਨੀਤਕ ਪੱਖ ਵਧੇਰੇ ਅਹਿਮ ਹੁੰਦੇ ਹਨ। ਇਸ ਵਿੱਚ ਸਬੰਧਤ ਧਿਰਾਂ ਦੇ ਮੁਫਾਦਾਂ ਦੀ ਪੂਰਤੀ, ਤਾਕਤ ਦਾ ਤਵਾਜ਼ਨ ਅਤੇ ਦੂਜੀਆਂ ਤਾਕਤਾਂ ਦੀ ਰੁਚੀ ਤੇ ਉਨ੍ਹਾਂ ਦੇ ਸੰਭਾਵੀ ਪ੍ਰਤੀਕਰਮ ਬਹੁਤ ਮਾਅਨੇ ਰੱਖਦੇ ਹਨ। ਇਹ ਤੱਤ ਹੀ ਸੰਧੀਆਂ/ਸਮਝੌਤਿਆਂ ਦਾ ਕਾਇਮ ਰਹਿਣਾ ਜਾਂ ਰੱਦ ਹੋਣ ਜਾਣਾ ਤਹਿ ਕਰਦੇ ਹਨ।

ਇਸ ਵੇਲੇ ਪਾਕਿਸਤਾਨ ਵਿੱਚ ਅਸਥਿਰਤਾ ਵਾਲੇ ਹਾਲਾਤ ਹਨ। ਪਾਕਿਸਤਾਨ ਖੇਤਰੀ ਅਤੇ ਅੰਦਰੂਨੀ ਤੌਰ 'ਤੇ ਸਿਆਸੀ, ਸੁਰੱਖਿਆ ਤੇ ਆਰਥਿਕ ਚੁਣੌਤੀਆਂ ਵਿੱਚ ਘਿਰਿਆ ਹੈ। ਇਸ ਕਰਕੇ ਇੰਡੀਆ ਕੋਲ ਇਹ ਮੌਕਾ ਹੈ ਕਿ ਉਹ ਸਿੰਧ ਜਲ ਸੰਧੀ ਨੂੰ ਮੁੜਵਿਚਾਰਨ ਦਾ ਮੁਹਾਜ਼ ਖੋਲ੍ਹੀ ਰੱਖੇ। ਅਜਿਹਾ ਕਰਕੇ ਇੰਡੀਆ ਪਾਕਿਸਤਾਨ ਉੱਤੇ ਇਹ ਦਬਾਅ ਬਣਾਉਣ ਦੀ ਕੋਸ਼ਿਸ਼ ਕਰੇਗਾ ਕਿ ਪਾਕਿਸਤਾਨ ਇੰਡੀਆ ਵੱਲੋਂ ਸਿੰਧ ਬੇਸਨ ਦੇ ਪੱਛਮੀ ਦਰਿਆਵਾਂ ਉੱਤੇ ਬਣਾਏ ਜਾ ਰਹੇ ਪ੍ਰੋਜੈਕਟਾਂ ਦੇ ਰਾਹ ਵਿੱਚ ਅੜਿੱਕੇ ਨਾ ਖੜ੍ਹੇ ਕਰੇ।

ਸਿਆਸੀ ਪੱਖੋਂ ਸਿੰਧ ਜਲ ਸੰਧੀ ਨੂੰ ਇੰਡੀਆ ਵੱਲੋਂ ਰੱਦ ਕਰਨ ਨੂੰ ਪਾਕਿਸਤਾਨ ਜੰਗ ਦਾ ਐਲਾਨ ਮੰਨੇਗਾ ਕਿਉਂਕਿ ਇਨ੍ਹਾਂ ਦਰਿਆਵਾਂ ਦਾ ਪਾਣੀ ਪਾਕਿਸਤਾਨ ਲਈ ਜੀਵਨ ਜਿੰਨੀ ਅਹਿਮੀਅਤ ਰੱਖਦਾ ਹੈ। ਇੰਡੀਆ ਸੰਧੀ ਬਾਰੇ ਇਕਪਾਸੜ ਫੈਸਲਾ ਲੈਣ ਤੋਂ ਪਹਿਲਾਂ ਇਸ ਪੱਖ ਨੂੰ ਜ਼ਰੂਰ ਧਿਆਨ ਵਿੱਚ ਰੱਖੇਗਾ।

ਸੰਧੀ ਵਿਚ ਸ਼ਾਮਿਲ ਇਕ ਧਿਰ ਵਰਲਡ ਬੈਂਕ ਵੀ ਹੈ। ਇੰਡੀਆ ਦੀ ਕਿਸੇ ਵੀ ਇਕਪਾਸੜ ਕਾਰਵਾਈ ਨੂੰ ਵਰਲਡ ਬੈਂਕ ਤੇ ਇਸ ਦੀਆਂ ਸੰਬੰਧਤ ਸੰਸਥਾਵਾਂ ਬਹੁਤ ਗੰਭੀਰਤਾ ਨਾਲ ਲੈਣਗੀਆਂ। ਇੰਡੀਆ ਇਨ੍ਹਾਂ ਅਦਾਰਿਆਂ ਦੇ ਸੰਭਾਵੀ ਸਿਆਸੀ, ਆਰਥਕ ਤੇ ਕੂਟਨੀਤਕ ਪ੍ਰਤੀਕਰਮ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ।

ਤੀਜਾ ਅਹਿਮ ਨੁਕਤਾ ਇਹ ਹੈ ਕਿ ਇਕੱਲਾ ਇੰਡੀਆ ਹੀ ਚੜ੍ਹਦਾ (ਅੱਪਰ) ਰਿਪੇਰੀਅਨ ਮੁਲਕ ਨਹੀਂ ਹੈ। ਇੰਡੀਆ ਵਿੱਚ ਆਉਂਦੇ ਕਈ ਦਰਿਆਵਾਂ ਦੇ ਮਾਮਲੇ ਵਿੱਚ ਚੀਨ (ਅੱਪਰ) ਰਿਪੇਰੀਅਨ ਮੁਲਕ ਹੈ। ਇੰਡੀਆ ਜੇਕਰ ਸਿੰਧ ਜਲ ਸੰਧੀ ਰੱਦ ਕਰਕੇ ਪਾਕਿਸਤਾਨ ਨੂੰ ਜਾਂਦਾ ਪਾਣੀ ਰੋਕਣ ਜਿਹੀ ਕਾਰਵਾਈ ਕਰਦਾ ਹੈ ਤਾਂ ਚੀਨ ਵੱਲੋਂ ਇੰਡੀਆ ਵਿਚ ਆਉਂਦੇ ਦਰਿਆਵਾਂ ਦਾ ਪਾਣੀ ਰੋਕਣ ਬਾਰੇ ਕੀਤੀਆਂ ਜਾ ਰਹੀਆਂ ਕਾਰਵਾਈਆਂ ਬਾਰੇ ਇੰਡੀਆ ਦਾ ਪੱਖ ਹੋਰ ਕਮਜ਼ੋਰ ਹੋ ਜਾਵੇਗਾ। ਭਾਵੇਂ ਕਿ ਚੀਨ ਪਹਿਲਾਂ ਹੀ ਸਿੰਧ, ਸਤਲੁਜ, ਬ੍ਰਹਮਪੁੱਤਰ ਅਤੇ ਮੇਕੋਂਗ ਦਰਿਆਵਾਂ ਉੱਤੇ ਬੰਨ੍ਹ ਬਣਾ ਰਿਹਾ ਹੈ ਪਰ ਇੰਡੀਆ ਵੱਲੋਂ ਸੰਧੀ ਰੱਦ ਕਰਨ ਨੂੰ ਚੀਨ ਆਪਣੇ ਪੱਖ ਵਿੱਚ ਵਰਤੇਗਾ। ਕਾਫੀ ਕੁਝ ਚੀਨ ਅਤੇ ਇੰਡੀਆ ਦੇ ਸਬੰਧਾਂ ਉੱਤੇ ਵੀ ਨਿਰਭਰ ਕਰੇਗਾ।

ਚੌਥਾ ਅਹਿਮ ਪੱਖ ਇਹ ਹੈ ਕਿ ਪੱਛਮੀ ਤਾਕਤਾਂ ਇਸ ਮਾਮਲੇ ਬਾਰੇ ਕੀ ਰਵੱਈਆ ਅਖਤਿਆਰ ਕਰਦੀਆਂ ਹਨ। ਜੇਕਰ ਇੰਡੀਆ ਦੀ ਸੰਧੀ ਰੱਦ ਕਰਨ ਦੀ ਕਾਰਵਾਈ ਇੰਡੀਆ ਅਤੇ ਪਾਕਿਸਤਾਨ ਦਰਮਿਆਨ ਸੰਭਾਵੀ ਜੰਗ ਵੱਲ ਵਧ ਰਹੀ ਹੋਈ ਤਾਂ ਪੱਛਮੀ ਤਾਕਤਾਂ ਇਸ ਵਿੱਚ ਦਖਲ ਦੇਣਗੀਆਂ। ਉਨ੍ਹਾਂ ਦਾ ਰੁਖ ਉਨ੍ਹਾਂ ਦੇ ਮੁਫਾਦਾਂ ਅਤੇ ਵਕਤ ਦੇ ਹਾਲਾਤ ਉੱਤੇ ਨਿਰਭਰ ਕਰੇਗਾ।

ਮੌਜੂਦਾ ਹਾਲਾਤ ਇਹ ਹੈ ਕਿ ਇੰਡੀਆ ਨੇ ਸਿੰਧ ਜਲ ਸੰਧੀ ਵਿੱਚ ਬਦਲਾਅ ਦਾ ਅਮਲ ਸ਼ੁਰੂ ਕਰਨ ਵੱਲ ਕਦਮ ਵਧਾਏ ਹਨ। ਇਹ ਕਾਰਵਾਈ ਲੰਘੇ 62 ਸਾਲ ਵਿਚ ਪਹਿਲੀ ਵਾਰ ਸ਼ੁਰੂ ਹੋਈ ਹੈ। ਫੌਰੀ ਤੌਰ ਉੱਤੇ ਇਹ ਵੇਖਣ ਵਾਲੀ ਗੱਲ ਹੋਵੇਗੀ ਕਿ ਕੀ ਪਾਕਿਸਤਾਨ ਇੰਡੀਆ ਵੱਲੋਂ ਸੰਧੀ ਵਿਚ ਬਦਲਾਅ ਦੇ ਅਮਲ ਦਾ ਹਿੱਸਾ ਬਣਦਾ ਹੈ ਜਾਂ ਫਿਰ ਇਸ ਨੂੰ ਰੋਕਣ ਦੀ ਕੋਸ਼ਿਸ਼ ਕਰਨ ਦਾ ਰਾਹ ਅਖਤਿਆਰ ਕਰਦਾ ਹੈ। ਪਰ ਦੋਵਾਂ ਹੀ ਸੂਰਤਾਂ ਵਿੱਚ ਸੰਧੀ ਤੇ ਇਸ ਨਾਲ ਜੁੜੇ ਪੱਖ ਆਉਂਦੇ ਸਮੇਂ ਵਿੱਚ ਕਾਨੂੰਨੀ, ਸਿਆਸੀ ਤੇ ਰਣਤੀਨਕ ਪੱਖੋਂ ਚਰਚਾ ਦਾ ਵਿਸ਼ਾ ਬਣੇ ਰਹਿਣਗੇ ਤੇ ਇਨ੍ਹਾਂ ਬਾਰੇ ਵੱਖ-ਵੱਖ ਪੱਧਰਾਂ ਉੱਤੇ ਸਰਮਰਮੀ ਜਾਰੀ ਰਹੇਗੀ।

-ਸੰਪਾਦਕ

# ਕਿਉਂ ਹੋ ਰਿਹੈ ਦੇਸ਼ ਬੇਗਾਨਾ?



ਗੁਰਮੀਤ ਸਿੰਘ ਪਲਾਹੀ
ਮੋ. 9815802070

ਭਾਰਤ ਦੇ ਵਿਦੇਸ਼ ਮੰਤਰੀ ਨੇ ਭਾਰਤੀ ਸੰਸਦ ਵਿੱਚ ਇੱਕ ਲਿਖਤੀ ਬਿਆਨ 'ਚ ਕਿਹਾ ਕਿ ਪਿਛਲੇ ਸਾਲ ਸਵਾ ਦੋ ਲੱਖ ਤੋਂ ਵੱਧ ਭਾਰਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡੀ ਅਤੇ ਭਾਰਤ ਤੋਂ ਬਾਹਰ ਵੱਖੋ-ਵੱਖਰੇ ਦੇਸ਼ਾਂ ਦੀ ਨਾਗਰਿਕਤਾ ਹਾਸਲ ਕੀਤੀ। ਇਨ੍ਹਾਂ ਲੋਕਾਂ ਨੇ ਕਾਰੋਬਾਰ ਜਾਂ ਨੌਕਰੀ ਲਈ ਭਾਰਤੀ ਨਾਗਰਿਕਤਾ ਛੱਡੀ।

ਸਾਡੇ ਦੇਸ਼ ਵਿੱਚ ਕਿਉਂਕਿ ਦੋਹਰੀ ਨਾਗਰਿਕਤਾ ਦੀ ਸਹੂਲਤ ਨਹੀਂ ਹੈ, ਇਸ ਲਈ ਜਿਹੜੇ ਲੋਕ ਦੂਜੇ ਦੇਸ਼ਾਂ 'ਚ ਵਸ ਜਾਂਦੇ ਹਨ, ਜਦੋਂ ਉਥੋਂ ਦੇ ਨਾਗਰਿਕ ਬਣ ਜਾਂਦੇ ਹਨ, ਉਨ੍ਹਾਂ ਦੀ ਭਾਰਤੀ ਨਾਗਰਿਕਤਾ ਖ਼ਤਮ ਹੋ ਜਾਂਦੀ ਹੈ। ਪਿਛਲੇ ਬਾਰਾਂ ਸਾਲਾਂ 'ਚ (2011 ਤੋਂ 2022 ਤੱਕ) ਸੋਲਾਂ ਲੱਖ ਤਰੇਹਟ ਹਜ਼ਾਰ ਚਾਰ ਸੌ ਚਾਲੀ ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡੀ ਹੈ।

ਸਾਡੇ ਦੇਸ਼ ਦੇ ਵੱਡੀ ਗਿਣਤੀ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ਾਂ ਨੂੰ ਚਾਲੇ ਪਾਉਂਦੇ ਹਨ। ਉਨ੍ਹਾਂ ਵਿਚੋਂ ਵਿਦੇਸ਼ਾਂ 'ਚ ਪੜ੍ਹਾਈ ਕਰਨ ਉਪਰੰਤ ਦੇਸ਼ ਵਾਪਿਸ ਆਉਣ ਵਾਲਿਆਂ ਦੀ ਗਿਣਤੀ ਬਹੁਤ ਹੀ ਘੱਟ ਹੁੰਦੀ ਹੈ। ਬਹੁਤੇ ਤਾਂ ਪੜ੍ਹਾਈ ਦੇ ਬਹਾਨੇ ਵਿਦੇਸ਼ ਵਿੱਚ ਹੀ ਟਿਕਦੇ ਹਨ। ਪਹਿਲਾਂ ਉਥੇ ਵਰਕ ਪਰਮਿਟ ਲੈਂਦੇ ਹਨ। ਫਿਰ ਪੀਆਰ (ਪੱਕੇ ਸ਼ਹਿਰੀ) ਨਾਗਰਿਕਤਾ ਹਾਸਲ ਕਰਨ ਦੀ ਦੌੜ 'ਚ ਲੱਗ ਜਾਂਦੇ ਹਨ। ਇਸ ਕੰਮ ਲਈ ਉਹ ਸਾਲਾਂਬੱਧੀ ਜੱਦੋ-ਜਹਿਦ ਕਰਦੇ ਹਨ। ਇਹੋ ਹਾਲ ਕਾਰੋਬਾਰ, ਖੇਤੀ ਆਦਿ 'ਚ ਲੱਗੇ ਲੋਕਾਂ ਦਾ ਹੈ, ਜੋ ਭਾਰਤ ਦੇਸ਼ ਦੀਆਂ ਕਾਰੋਬਾਰ, ਖੇਤੀ ਖੇਤਰ ਦੀਆਂ ਮਾੜੀਆਂ ਹਾਲਤਾਂ ਦੇ ਮੱਦੇਨਜ਼ਰ ਵਿਦੇਸ਼ ਜਾ ਵਸਦੇ ਹਨ ਅਤੇ ਉਥੋਂ ਦੀ ਨਾਗਰਿਕਤਾ ਹਾਸਲ ਕਰਦੇ ਹਨ।

ਪ੍ਰੰਤੂ ਅਸਲੀਅਤ ਇਹ ਹੈ ਕਿ ਦੂਜੇ ਦੇਸ਼ਾਂ ਦੀ ਨਾਗਰਿਕਤਾ ਲੈਣਾ ਸੌਖਾ ਨਹੀਂ ਹੈ। ਭਾਰਤ ਛੱਡਣ ਵਾਲਿਆਂ 'ਚ ਸਭ ਤੋਂ ਜ਼ਿਆਦਾ ਲੋਕਾਂ ਨੇ ਅਮਰੀਕਾ ਦੀ ਨਾਗਰਿਕਤਾ ਲਈ ਹੈ। ਉਥੋਂ ਦੀ ਨਾਗਰਿਕਤਾ ਲੈਣਾ ਔਖਾ ਹੈ ਫਿਰ ਵੀ ਲੱਖਾਂ ਭਾਰਤੀ ਉਥੋਂ ਦੀ ਨਾਗਰਿਕਤਾ ਲੈਣ ਲਈ ਜੱਦੋ-ਜਹਿਦ ਕਰ ਰਹੇ ਹਨ। ਇਸੇ ਜੱਦੋ-ਜਹਿਦ 'ਚ ਉਹ ਮਜ਼ਬੂਰੀ 'ਚ ਭਾਰਤੀ ਨਾਗਰਿਕ ਬਣੇ ਰਹਿੰਦੇ ਹਨ।

ਅਸਲ 'ਚ ਸਿੱਖਿਆ ਅਤੇ ਰੁਜ਼ਗਾਰ ਵਿੱਚ ਸੁਖਾਵੇਂ ਮੌਕੇ ਨਾ ਮਿਲਣ ਕਾਰਨ ਲੱਖਾਂ ਵਿਦਿਆਰਥੀ ਹਰ ਸਾਲ ਦੇਸ਼ ਛੱਡਣ ਲਈ ਮਜ਼ਬੂਰ ਹੁੰਦੇ ਹਨ। ਅੰਕੜੇ ਗਵਾਹ ਹਨ ਕਿ ਭਾਰਤੀ ਸੰਸਥਾਵਾਂ ਵਿਚੋਂ ਜਿੰਨੇ ਵਿਦਿਆਰਥੀ ਹਰ ਸਾਲ ਤਕਨੀਕੀ ਸਿੱਖਿਆ ਪ੍ਰਾਪਤ ਕਰਕੇ ਬਾਹਰ ਨਿਕਲਦੇ ਹਨ, ਉਨ੍ਹਾਂ ਵਿੱਚ ਮਸਾਂ ਇੱਕ ਤਿਹਾਈ ਲੋਕ ਹੀ ਸਨਮਾਨਜਨਕ ਨੌਕਰੀ ਪ੍ਰਾਪਤ ਕਰਨ 'ਚ ਕਾਮਯਾਬ ਹੁੰਦੇ ਹਨ। ਇਸ ਗੱਲ ਦੀਆਂ ਵੱਡੀਆਂ ਉਦਾਹਰਨਾਂ ਹਨ ਕਿ ਐਮ.ਟੈਕ, ਬੀ.ਟੈਕ, ਵਕਾਲਤ, ਡਾਕਟਰੀ ਪਾਸ ਨੌਜਵਾਨ ਵਿਦੇਸ਼ੀ ਹੋਟਲਾਂ 'ਚ ਸਾਧਾਰਨ ਨੌਕਰੀਆਂ ਕਰਦੇ ਹਨ, ਹਾਲਤ ਤੋਂ ਮਜ਼ਬੂਰ ਟੈਕਸੀ, ਟਰੱਕ ਚਲਾਉਂਦੇ ਹਨ ਅਤੇ ਆਪਣੇ ਜੀਵਨ ਦਾ ਨਿਰਬਾਹ ਕਰਦੇ ਹਨ।

ਅਸਲ 'ਚ ਦੇਸ਼ ਭਾਰਤ ਵਿੱਚ ਕਾਰੋਬਾਰ ਦਾ ਸੁਰੱਖਿਅਤ ਵਾਤਾਵਰਨ ਨਹੀਂ। ਜ਼ਿਆਦਾ ਪੜ੍ਹੇ ਵਿਦਿਆਰਥੀਆਂ, ਇੱਥੋਂ ਤੱਕ ਕਿ ਡਾਕਟਰੀ, ਇੰਜੀਨੀਰਿੰਗ, ਸਾਇੰਸ 'ਚ ਵੱਡੀਆਂ ਡਿਗਰੀਆਂ ਵਾਲਿਆਂ ਲਈ ਸਨਮਾਨਜਨਕ ਨੌਕਰੀਆਂ ਨਹੀਂ ਹਨ। ਇਸ ਕਰਕੇ ਉਹ ਵਿਦੇਸ਼ਾਂ ਵੱਲ ਭੱਜਦੇ ਹਨ। ਇਨ੍ਹਾਂ ਸਾਰੀਆਂ ਸਥਿਤੀਆਂ ਨਾਲ ਦੇਸ਼ ਦੀ ਆਰਥਿਕਤਾ ਉੱਤੇ ਉਲਟ ਅਸਰ ਪੈਂਦਾ ਹੈ। ਜਦੋਂ ਕਾਰੋਬਾਰੀ ਦੇਸ਼ ਛੱਡਦੇ ਹਨ। ਉਹ ਆਪਣਾ ਸਰਮਾਇਆ ਵਿਦੇਸ਼ਾਂ 'ਚ ਲੈ ਜਾਂਦੇ ਹਨ। ਜਦੋਂ ਵਿਦਿਆਰਥੀ ਪੜ੍ਹਨ ਲਈ ਜਾਂਦੇ ਹਨ, ਉਹ ਲੱਖਾਂ ਦੀ ਫੀਸ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਤਾਰਦੇ ਹਨ। ਇਕੱਲੇ



ਪੰਜਾਬ ਵਿੱਚੋਂ ਪਿਛਲੇ ਸਾਲ ਡੇਢ ਲੱਖ ਵਿਦਿਆਰਥੀ ਕੈਨੇਡਾ 'ਚ ਪੜ੍ਹਾਈ ਕਰਨ ਗਏ। ਔਸਤਨ 16 ਤੋਂ 20 ਲੱਖ ਪ੍ਰਤੀ ਵਿਦਿਆਰਥੀ ਨੇ ਫੀਸਾਂ ਭਰੀਆਂ। ਇਨ੍ਹਾਂ ਦਾ ਅਸਰ ਸਿਰਫ਼ ਪੰਜਾਬ ਦੀ ਆਰਥਿਕਤਾ ਉੱਤੇ ਹੀ ਨਹੀਂ ਸਗੋਂ ਪੰਜਾਬ 'ਚ ਖੁੱਲ੍ਹੇ ਇੰਜੀਨੀਰਿੰਗ ਟੈਕਨਾਲੋਜੀ, ਆਰਟਸ ਕਾਲਜਾਂ ਉੱਤੇ ਵੀ ਪਿਆ, ਜਿੱਥੇ ਵਿਦਿਆਰਥੀਆਂ ਦੀ ਗਿਣਤੀ ਘਟੀ ਅਤੇ ਕਈ ਕਾਲਜ, ਤਕਨੀਕੀ ਅਦਾਰੇ ਤਾਂ ਬੰਦ ਹੋਣ ਕਿਨਾਰੇ ਹੋ ਗਏ ਕਿਉਂਕਿ ਉਨ੍ਹਾਂ ਨੂੰ ਕਈ ਤਕਨੀਕੀ ਕੋਰਸ ਵਿਦਿਆਰਥੀਆਂ ਦੀ ਘਾਟ ਕਾਰਨ ਬੰਦ ਕਰਨੇ ਪਏ।

ਬਿਨ੍ਹਾਂ ਸ਼ੱਕ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਦੇਸ਼ ਦੇ ਕਈ ਹਿੱਸਿਆਂ ਅਤੇ ਤਬਕਿਆਂ ਵਿੱਚ ਵਿਦੇਸ਼ ਜਾ ਕੇ ਵਸਣਾ ਮਾਣ ਦੀ ਗੱਲ ਸਮਝੀ ਜਾਂਦੀ ਹੈ। ਇਹ ਵੀ ਠੀਕ ਹੈ ਕਿ ਲੱਖਾਂ ਲੋਕ ਜੋ ਵਿਦੇਸ਼ ਜਾ ਕੇ ਖ਼ਾਸ ਕਰਕੇ ਅਰਬ ਦੇਸ਼ਾਂ 'ਚ ਨੌਕਰੀ ਕਰਦੇ ਹਨ ਅਤੇ ਵੱਡੀ ਮਾਤਰਾ ਵਿੱਚ ਵਿਦੇਸ਼ੀ ਮੁਦਰਾ ਭਾਰਤ ਭੇਜਦੇ ਹਨ ਪਰ ਇਹ ਸਵਾਲ ਤਾਂ ਫਿਰ ਵੀ ਬਣਿਆ ਹੋਇਆ ਹੈ ਕਿ ਆਖ਼ਰ ਲੋਕਾਂ ਦੇ ਸਾਹਮਣੇ ਇਹ ਸਥਿਤੀ ਕਿਉਂ ਬਣੀ ਰਹਿੰਦੀ ਹੈ ਕਿ ਆਪਣੇ ਦੇਸ਼ ਦੀ ਨਾਗਰਿਕਤਾ ਛੱਡ ਕੇ ਪਰਾਈ ਜ਼ਮੀਨ ਉਤੇ ਵਸਣਾ ਜ਼ਿਆਦਾ ਸੁਰੱਖਿਅਤ ਹੈ।

ਪ੍ਰਵਾਸ ਨਵਾਂ ਵਰਤਾਰਾ ਨਹੀਂ ਹੈ। ਰੋਟੀ-ਰੋਜ਼ੀ ਲਈ ਦੁਨੀਆ ਦੇ ਇਕ ਖਿੱਤੇ ਤੋਂ ਦੂਜੇ ਖਿੱਤੇ 'ਚ ਲੋਕ ਜਾਂਦੇ ਹਨ, ਰੁਜ਼ਗਾਰ ਕਰਦੇ ਹਨ, ਉਥੇ ਹੀ ਵਸ ਜਾਂਦੇ ਹਨ, ਪਰਿਵਾਰ ਬਣਾ ਲੈਂਦੇ ਹਨ ਅਤੇ ਮੁੜ ਦੇਸ਼ ਪਰਤਦੇ ਵੀ ਨਹੀਂ। ਪਰ ਮਿੱਟੀ ਦਾ ਮੋਹ ਅਤੇ ਪ੍ਰਵਾਸ ਹੰਢਾਉਣ ਦੀ ਚੀਸ, ਉਨ੍ਹਾਂ ਦੇ ਮਨਾਂ 'ਚ ਦਰਦ ਬਣ ਜਾਂਦੀ ਹੈ।

'ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ' ਵਾਲੀ ਕਹਾਵਤ ਤਾਂ ਭਾਵੇਂ ਸੱਚੀ ਦਿਸਦੀ ਹੈ, ਪਰ ਭੁੱਖਾ ਢਿੱਡ ਭਰਨ ਅਤੇ ਅੱਜ ਦੇ ਯੁੱਗ 'ਚ ਰੁਜ਼ਗਾਰ ਦੇ ਨਵੇਂ ਮੌਕੇ ਅਤੇ ਸੌਖੀ ਜ਼ਿੰਦਗੀ ਦੀ ਭਾਲ 'ਚ ਪ੍ਰਵਾਸ ਦੇ ਰਸਤੇ ਪੈਣਾ ਆਮ ਵਰਤਾਰਾ ਹੋ ਗਿਆ ਹੈ, ਕਿਉਂਕਿ ਮਨੁੱਖੀ ਫਿਤਰਤ ਅੱਗੇ ਵਧਣਾ ਤੇ ਸੰਘਰਸ਼ ਕਰਨਾ ਹੈ। ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਸ਼ਬਦ, 'ਜੇਕਰ ਤੁਸੀਂ ਉਡ ਨਹੀਂ ਸਕਦੇ, ਤਾਂ ਭੱਜੋ, ਜੇਕਰ ਭੱਜ ਨਹੀਂ ਸਕਦੇ ਤਾਂ ਚੱਲੋ, ਜੇਕਰ ਚੱਲ ਨਹੀਂ ਸਕਦੇ ਤਾਂ ਰਿੜੋ, ਤੁਸੀਂ ਜੋ ਵੀ ਕਰੋ ਤੁਹਾਨੂੰ ਅੱਗੇ ਵੱਧਦੇ ਰਹਿਣਾ ਹੈ।'

ਭਾਰਤ ਇੱਕ ਇਹੋ ਜਿਹਾ ਦੇਸ਼ ਹੈ, ਜਿਥੋਂ ਵੱਡੀ ਗਿਣਤੀ ਲੋਕ ਪ੍ਰਵਾਸ ਦੇ ਰਾਹ ਪਏ ਹਨ। ਆਪਣਾ ਦੇਸ਼ ਛੱਡਣ ਵਾਲੇ ਭਾਰਤੀਆਂ ਦੀ ਗਿਣਤੀ ਯੂਨਾਈਟਿਡ ਨੇਸ਼ਨਜ਼ ਅਨੁਸਾਰ 2020 ਦੇ ਇੱਕ ਸਰਵੇ ਅਨੁਸਾਰ 1 ਕਰੋੜ 80 ਲੱਖ ਹੈ। ਇਹ ਦੁਨੀਆਂ ਭਰ 'ਚ ਸਭ ਤੋਂ ਜ਼ਿਆਦਾ ਹੈ। ਇਨ੍ਹਾਂ ਵਿਚੋਂ ਯੂ.ਏ.ਈ. ਵਿੱਚ 35 ਲੱਖ, ਅਮਰੀਕਾ ਵਿੱਚ 27 ਲੱਖ, ਸਾਊਦੀ ਅਰਬ 'ਚ 25 ਲੱਖ ਅਤੇ ਹੋਰ ਦੇਸ਼ਾਂ ਆਸਟ੍ਰੇਲੀਆ, ਕੈਨੇਡਾ, ਯੂ.ਕੇ., ਨਿਊਜ਼ੀਲੈਂਡ, ਕੁਵੈਤ ਆਦਿ ਦੇਸ਼ਾਂ 'ਚ ਹੈ। ਕੋਰੋਨਾ ਕਾਲ ਅਤੇ ਮੁੜ ਰੂਸ-ਯੂਕਰੇਨ ਯੁੱਧ ਤੋਂ ਪਹਿਲਾਂ 59 ਲੱਖ ਵਿਦਿਆਰਥੀ ਪੜ੍ਹਾਈ ਲਈ ਵੱਖੋ-ਵੱਖਰੇ ਦੇਸ਼ਾਂ 'ਚ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਦਾਖ਼ਲ ਹੋਏ। ਪਰ ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਨਾਨ-ਰੈਜੀਡੈਂਟ ਇੰਡੀਅਨਜ਼ (ਐਨ.ਆਰ.ਆਈ.) ਅਤੇ ਉਵਰਸੀਜ਼ ਸਿਟੀਜਨਸ ਆਫ਼ ਇੰਡੀਆ, ਜਿਹੜੇ ਭਾਰਤ ਤੋਂ ਬਾਹਰ ਰਹਿੰਦੇ ਹਨ ਉਨ੍ਹਾਂ ਦੀ ਕੁਲ ਗਿਣਤੀ 3 ਕਰੋੜ 20 ਲੱਖ ਹੈ। ਇਹ ਭਾਰਤੀ, ਦੁਨੀਆ ਦੇ 131 ਮੁਲਕਾਂ ਵਿੱਚ ਰਹਿ ਰਹੇ ਹਨ ਅਤੇ ਹਰ ਸਾਲ 25 ਲੱਖ ਦੇਸ਼ ਤੋਂ ਦੂਜੇ ਮੁਲਕਾਂ ਨੂੰ ਜਾ ਰਹੇ ਹਨ।

ਕੀ ਭਾਰਤੀਆਂ ਵਲੋਂ ਦੇਸ਼ ਛੱਡਣ ਦਾ ਮੁੱਖ ਉਦੇਸ਼ ਸਿਰਫ਼ ਪੈਸੇ ਕਮਾਉਣਾ ਹੈ? ਜਾਂ ਇਸਦੇ ਕੋਈ ਹੋਰ ਕਾਰਨ ਵੀ ਹਨ। ਭਾਰਤ ਦੇ ਸਰਹੱਦੀ ਸੂਬੇ ਪੰਜਾਬ ਦੇ ਲੋਕਾਂ ਬਾਰੇ ਇਹ ਕਿਹਾ ਜਾਂਦਾ ਰਿਹਾ ਹੈ ਕਿ ਇਥੋਂ ਦੇ ਲੋਕ ਪੈਸਾ ਕਮਾਉਣ ਲਈ ਵਿਦੇਸ਼ ਗਏ ਅਤੇ ਉਨ੍ਹਾਂ ਲੋਕਾਂ ਦੀ ਕਮਾਈ ਦੀ ਚਕਾਚੌਂਧ ਤੋਂ ਹੋਰ ਪੰਜਾਬੀ ਪ੍ਰੇਰਿਤ ਹੋਏ ਤੇ ਕੈਨੇਡਾ, ਇੰਗਲੈਂਡ, ਅਮਰੀਕਾ ਮੁਲਕਾਂ ਵਿਚ ਵੱਡੀ ਗਿਣਤੀ 'ਚ ਹਰ ਹੀਲਾ ਵਸੀਲਾ ਕਰਕੇ ਪੁੱਜੇ। ਹੁਣ ਇਹ ਵਰਤਾਰਾ ਹੋਰ ਵੀ ਜ਼ਿਆਦਾ ਹੈ, ਜਦੋਂ ਵੱਡੀ ਗਿਣਤੀ 'ਚ ਵਿਦਿਆਰਥੀ ਵਿਦੇਸ਼ਾਂ ਵਿੱਚ ਦਾਖ਼ਲਾ ਲੈ ਕੇ ਪੁੱਜ ਰਹੇ ਹਨ। ਕੀ ਇਹ ਸਿਰਫ਼ ਚੰਗੇ ਭਵਿੱਖ ਲਈ ਹੈ?

ਪੰਜਾਬ ਦੇ ਹਾਲਾਤ ਸੁਖਾਵੇਂ ਨਹੀਂ ਹਨ, ਲੋਕ ਆਰਥਿਕ ਪੱਖੋਂ ਥੁੜ ਰਹੇ ਹਨ। ਬੇਰੁਜ਼ਗਾਰੀ ਵਧੀ ਹੈ, ਨੌਕਰੀਆਂ ਨਹੀਂ ਹਨ। ਗੁੰਡਾ ਅਨਸਰ ਅਤੇ ਨਸ਼ਿਆਂ ਦਾ ਪ੍ਰਕੋਪ ਵਧਿਆ ਹੈ। ਲੋਕ ਉਪਰਾਮ ਹੋ ਰਹੇ ਹਨ। ਉਨ੍ਹਾਂ ਦਾ ਦਿਲ ਨਹੀਂ ਲੱਗ ਰਿਹਾ। ਮਾਪੇ ਆਪਣੇ ਬੱਚਿਆਂ ਦੀ ਭਵਿੱਖ ਪ੍ਰਤੀ ਚਿੰਤਤ ਹਨ ਅਤੇ ਮਜ਼ਬੂਰੀਵਸ ਬੱਚਿਆਂ ਨੂੰ ਔਝੜੇ ਰਾਹ ਤੋਰ ਰਹੇ ਹਨ। ਪੰਜਾਬ ਨੌਜਵਾਨਾਂ ਤੋਂ ਵਿਰਵਾ ਹੋ ਰਿਹਾ ਹੈ। ਪੰਜਾਬ ਬੁੱਢਾ ਹੋ ਰਿਹਾ ਹੈ।

ਸੈਕੂਲਰ ਭਾਰਤ 'ਚ ਵਧ ਰਹੀ ਬੇਰੁਜ਼ਗਾਰੀ ਭੁੱਖਮਰੀ, ਅਮੀਰ-ਗਰੀਬ ਦੇ ਪਾੜੇ, ਧੱਕਾ ਧੌਂਸ ਦੀ ਸਿਆਸਤ ਅਤੇ ਆਮ ਲੋਕਾਂ ਦੇ ਜੀਵਨ ਦੀ ਅਸੁਰੱਖਿਆ ਨੇ ਇਥੋਂ ਦੇ ਸ਼ਹਿਰੀਆਂ 'ਚ ਇੱਕ ਡਰ ਪੈਦਾ ਕੀਤਾ ਹੈ। ਇਹ ਡਰ ਸਿਰਫ਼ ਕਾਰੋਬਾਰੀਆਂ 'ਚ ਹੀ ਨਹੀਂ ਹੈ, ਜਿਹੜੇ ਕਾਰੋਬਾਰਾਂ ਸਮੇਤ ਦੁਨੀਆਂ ਵਿੱਚ ਕੋਈ ਸੁਰੱਖਿਅਤ ਕੋਨਾ ਲੱਭ ਰਹੇ ਹਨ, ਇਹ ਹੇਠਲੇ ਮੱਧ ਵਰਗ ਵਿੱਚ ਜ਼ਿਆਦਾ ਹੈ, ਜਿਨ੍ਹਾਂ ਨੂੰ ਆਪਣੇ ਭਵਿੱਖ 'ਚ ਬਿਹਤਰ ਜੀਵਨ ਦੀ ਵੱਧ ਤਮੰਨਾ ਹੁੰਦੀ ਹੈ। ਇਹ ਲੋਕ ਹਰ ਹੀਲਾ ਵਸੀਲਾ ਵਰਤਕੇ, ਆਪਣੀ ਜਮ੍ਹਾਂ ਪੂੰਜੀ, ਆਪਣੀ ਛੋਟੀ ਮੋਟੀ ਜਾਇਦਾਦ ਗਿਰਵੀ ਰੱਖ ਕੇ ਆਪਣੇ ਬੱਚਿਆਂ ਨੂੰ ਅਤੇ ਫਿਰ ਆਪ ਬਾਹਰ ਤੁਰ ਰਹੇ ਹਨ। ਮੁੱਖ ਤੌਰ 'ਤੇ ਪੰਜਾਬ ਦੀ ਨਪੀੜੀ ਜਾ ਰਹੀ ਛੋਟੀ ਕਿਸਾਨੀ ਆਰਥਿਕ ਤੰਗੀ ਕਾਰਨ ਵਧੇਰੇ ਕਰਕੇ ਇਸੇ ਰਾਹ ਪੈ ਰਹੀ ਹੈ। ਗੱਲ ਹਰਿਆਣਾ ਦੀ ਵੀ ਇਹੋ ਹੈ ਅਤੇ ਦੱਖਣੀ ਸੂਬਿਆਂ ਦੀ ਵੀ ਇਹੋ ਹੈ।ਦੇਸ਼ ਦੀ ਹਕੂਮਤ ਨੌਜਵਾਨਾਂ ਲਈ ਦੋ ਕਰੋੜ ਨੌਕਰੀਆਂ ਦਾ ਵਾਅਦਾ ਪਰੋਸਦੀ ਹੈ, ਪਰ ਪੱਲੇ ਕੁਝ ਨਹੀਂ ਪਾਉਂਦੀ। ਦੇਸ਼ ਦੀ ਹਕੂਮਤ 'ਵਿਸ਼ਵ ਗੁਰੂ' ਦਾ ਨਾਹਰਾ ਦਿੰਦੀ ਹੈ, ਪਰ ਪੱਲੇ ਗਰੀਬਾਂ ਲਈ ਹੋਰ ਗਰੀਬੀ ਪਾਉਂਦੀ ਹੈ। ਹਿੰਦੂਤਵੀ ਅਜੰਡਾ ਅਤੇ ਸਿਰਫ ਵੋਟਾਂ ਦੀ ਨੀਤ ਅਤੇ ਨੀਤੀ ਚਮਕਾਉਂਦੀ ਹੈ। ਫਿਰ ਲੋਕਾਂ ਲਈ ਇਹ ਦੇਸ਼ ਬੇਗਾਨਾ ਕਿਉਂ ਨਾ ਹੋਏਗਾ?

# ਸੱਚ, ਮਿੱਥ ਤੇ ਇਤਿਹਾਸਕ ਸੰਦਰਭ 'ਚ 'ਨਿਊ ਵਰਲਡ ਆਰਡਰ'

ਸਰਬਜੀਤ ਕੌਰ ਸਰਬ
ਭਾਗ-6

## ਵਿਸ਼ਵ ਅਟਲਸ ਅਨੁਸਾਰ ਨਿਊ ਵਰਲਡ ਆਰਡਰ ਥਿਊਰੀ

*ਖ਼ਾਸ ਤੌਰ 'ਤੇ ਵਿਸ਼ਵਵਿਆਪੀ ਚੁਣੌਤੀਆਂ ਦੀ ਪਛਾਣ ਕਰਨ, ਹੱਲ ਲੱਭਣ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਸਮੂਹਿਕ ਯਤਨਾਂ ਦੇ ਪਹਿਲੂ ਵਿੱਚ ਜਿਨ੍ਹਾਂ ਨੂੰ ਇੱਕ ਵਿਅਕਤੀਗਤ ਰਾਸ਼ਟਰ ਜਾਂ ਰਾਜ ਆਪਣੇ ਆਪ ਨਹੀਂ ਸੰਭਾਲ ਸਕਦਾ। ਲੋਕ ਸਿਆਸੀ ਤੌਰ 'ਤੇ ਸਰਗਰਮ, ਸਿਆਸੀ ਤੌਰ 'ਤੇ ਜਾਗਰੂਕ ਅਤੇ ਸਿਆਸੀ ਤੌਰ 'ਤੇ ਪਰਸਪਰ ਪ੍ਰਭਾਵੀ ਹੋ ਰਹੇ ਹਨ। ਜ਼ੁਲਮ ਦੇ ਵਿਰੁੱਧ ਗਲੋਬਲ ਸਰਗਰਮੀ ਅਤੇ ਸੱਭਿਆਚਾਰਕ ਸਨਮਾਨ ਅਤੇ ਆਰਥਿਕ ਅਜ਼ਾਦੀ ਦੀ ਲੋੜ ਦੁਨੀਆ ਭਰ ਵਿੱਚ ਲਗਾਤਾਰ ਵਧ ਰਹੀ ਹੈ। ਕੌਮਾਂ ਵਿਅਕਤੀਗਤ ਤੌਰ 'ਤੇ ਨਹੀਂ ਸਗੋਂ ਸਾਂਝੇ ਦੁਸ਼ਮਣ ਨਾਲ ਲੜਨ ਦੀ ਲੋੜ ਨੂੰ ਮਹਿਸੂਸ ਕਰ ਰਹੀਆਂ ਹਨ।*



ਵਿਸ਼ਵ ਅਟਲਸ ਨੇ ਜੋ ਨਿਊ ਵਰਲਡ ਆਰਡਰ ਨੂੰ ਪਰਿਭਾਸ਼ਤ ਕੀਤਾ ਹੈ ਉਸ ਦਾ ਘੇਰਾ ਸ਼ੁਰੂਆਤ ਤੋਂ ਲੈ ਕੇ ਅਜੋਕਾ ਸਮਾਂ ਹੈ। ਜਿਸ ਵਿੱਚ ਇਸ ਸ਼ਬਦ ਦੇ ਅਰਥ, ਵਿਸ਼ਵ ਦੀ ਸਿਆਸਤ, ਆਰਥਿਕ ਸਥਿਤੀ ਨੂੰ ਬਖ਼ੂਬੀ ਬਿਆਨ ਕੀਤਾ ਹੈ। ਅਟਲਸ ਦੇ ਅਨੁਸਾਰ ਨਿਊ ਵਰਲਡ ਆਰਡਰ (NWO) ਇੱਕ ਸ਼ਬਦ ਹੈ ਜੋ ਰਾਜਨੀਤੀ ਦੀ ਦੁਨੀਆ ਵਿੱਚ ਨਾਟਕੀ ਤਬਦੀਲੀ ਦੀ ਮਿਆਦ ਨੂੰ ਪਰਿਭਾਸ਼ਤ ਕਰਨ ਲਈ ਵਰਤਿਆ ਜਾਂਦਾ ਹੈ। ਹਾਲਾਂਕਿ ਇਸ ਸ਼ਬਦ ਦੀ ਵਿਆਖਿਆ ਵੱਖਰੇ ਤੌਰ 'ਤੇ ਕੀਤੀ ਗਈ ਹੈ, ਇਹ ਮੂਲ ਰੂਪ ਵਿੱਚ ਗਲੋਬਲ ਗਵਰਨੈਂਸ ਦੇ ਵਿਚਾਰ ਨਾਲ ਸਬੰਧਤ ਹੈ। ਖਾਸ ਤੌਰ 'ਤੇ ਵਿਸ਼ਵਵਿਆਪੀ ਚੁਣੌਤੀਆਂ ਦੀ ਪਛਾਣ ਕਰਨ, ਹੱਲ ਲੱਭਣ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਸਮੂਹਿਕ ਯਤਨਾਂ ਦੇ ਪਹਿਲੂ ਵਿੱਚ ਜਿਨ੍ਹਾਂ ਨੂੰ ਇੱਕ ਵਿਅਕਤੀਗਤ ਰਾਸ਼ਟਰ ਜਾਂ ਰਾਜ ਆਪਣੇ ਆਪ ਨਹੀਂ ਸੰਭਾਲ ਸਕਦਾ। ਲੋਕ ਸਿਆਸੀ ਤੌਰ 'ਤੇ ਸਰਗਰਮ, ਸਿਆਸੀ ਤੌਰ 'ਤੇ ਜਾਗਰੂਕ ਅਤੇ ਸਿਆਸੀ ਤੌਰ 'ਤੇ ਪਰਸਪਰ ਪ੍ਰਭਾਵੀ ਹੋ ਰਹੇ ਹਨ। ਜ਼ੁਲਮ ਦੇ ਵਿਰੁੱਧ ਗਲੋਬਲ ਸਰਗਰਮੀ ਅਤੇ ਸੱਭਿਆਚਾਰਕ ਸਨਮਾਨ ਅਤੇ ਆਰਥਿਕ ਅਜ਼ਾਦੀ ਦੀ ਲੋੜ ਦੁਨੀਆ ਭਰ ਵਿੱਚ ਲਗਾਤਾਰ ਵੱਧ ਰਹੀ ਹੈ। ਕੌਮਾਂ ਵਿਅਕਤੀਗਤ ਤੌਰ 'ਤੇ ਨਹੀਂ ਸਗੋਂ ਸਾਂਝੇ ਦੁਸ਼ਮਣ ਨਾਲ ਲੜਨ ਦੀ ਲੋੜ ਨੂੰ ਮਹਿਸੂਸ ਕਰ ਰਹੀਆਂ ਹਨ।

### 'ਨਿਊ ਵਰਲਡ ਆਰਡਰ' ਵਾਕਾਂਸ਼ ਦੀ ਵਰਤੋਂ

'ਨਿਊ ਵਰਲਡ ਆਰਡਰ' ਸ਼ਬਦ ਦੀ ਵਰਤੋਂ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਅਤੇ ਲੀਗ ਆਫ਼ ਨੇਸ਼ਨ ਦੀ ਸਿਰਜਣਾ ਦੌਰਾਨ ਵੁਡਰੋ ਵਿਲਸਨ ਦੁਆਰਾ ਚੌਦਾਂ ਪੁਆਇੰਟਸ ਦੇ ਸਬੰਧ ਵਿੱਚ ਸੀ। ਪਹਿਲੇ ਵਿਸ਼ਵ ਯੁੱਧ ਨੇ ਲੋਕਤੰਤਰ ਲਈ ਇੱਕ ਸੁਰੱਖਿਅਤ ਸੰਸਾਰ ਬਣਾਉਣ ਦੀ ਲੋੜ ਨੂੰ ਉਜਾਗਰ ਕੀਤਾ ਸੀ। ਵਿਲਸਨ ਨੇ ਇੱਕ ਨਵੀਂ ਵਿਸ਼ਵ ਵਿਵਸਥਾ ਦਾ ਪ੍ਰਸਤਾਵ ਦਿੱਤਾ ਜੋ ਆਮ ਮਹਾਨ ਸ਼ਕਤੀ ਦੀ ਰਾਜਨੀਤੀ ਤੋਂ ਪਾਰ ਹੋਣਾ ਸੀ। ਉਸਨੇ ਸਮੂਹਿਕ ਤੌਰ 'ਤੇ ਸੁਰੱਖਿਆ, ਲੋਕਤੰਤਰ ਅਤੇ ਸਵੈ-ਨਿਰਣੇ ਨੂੰ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਹਾਲਾਂਕਿ, ਅਮਰੀਕੀਆਂ ਨੇ ਲੀਗ ਆਫ ਨੇਸ਼ਨ ਦਾ ਹਿੱਸਾ ਬਣਨ ਤੋਂ ਇਨਕਾਰ ਕਰ ਦਿੱਤਾ, ਜਿਸ ਨੂੰ ਵਿਲਸਨ ਨੇ ਨਵੇਂ ਵਿਸ਼ਵ ਵਿਵਸਥਾ ਦੀ ਕੁੰਜੀ ਵਜੋਂ ਦੇਖਿਆ। ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਸੰਯੁਕਤ ਰਾਸ਼ਟਰ ਦੀ ਸਿਰਜਣਾ ਦੌਰਾਨ ਵੀ ਇਸ ਸ਼ਬਦ ਦੀ ਵਰਤੋਂ ਥੋੜ੍ਹੇ ਜਿਹੇ ਢੰਗ ਨਾਲ ਕੀਤੀ ਗਈ ਸੀ। ਲੀਗ ਆਫ਼ ਨੇਸ਼ਨਜ਼ ਦੀ ਅਸਫਲਤਾ ਦੇ ਕਾਰਨ ਇਹ ਅੰਸ਼ਕ ਤੌਰ 'ਤੇ ਵਰਤੋਂ ਤੋਂ ਡਿੱਗ ਗਿਆ ਜਦੋਂ ਕਿ ਦੂਸਰੇ ਇਸ ਨੂੰ ਅਮਰੀਕੀ ਸੁਪਨੇ ਦੇ ਅਨੁਮਾਨ ਵਜੋਂ ਸਮਝਦੇ ਹਨ।

'ਨਿਊ ਵਰਲਡ ਆਰਡਰ' ਸ਼ਬਦ ਜਿਵੇਂ ਕਿ ਸ਼ੀਤ ਯੁੱਧ ਤੋਂ ਬਾਅਦ ਵਰਤਿਆ ਗਿਆ ਸੀ, ਦਾ ਕੋਈ ਨਿਸ਼ਚਿਤ ਅਰਥ ਨਹੀਂ ਸੀ। ਹੋ ਸਕਦਾ ਹੈ ਕਿ ਇਹ ਤਿੰਨ ਵੱਖ-ਵੱਖ ਸਮੇਂ ਵਿੱਚ ਹੌਲੀ-ਹੌਲੀ ਮੁੜ ਪਰਿਭਾਸ਼ਿਤ ਕੀਤਾ ਗਿਆ ਹੋਵੇ, ਸੋਵੀਅਤ ਸੰਘ ਦੁਆਰਾ, ਮਾਲਟਾ ਕਾਨਫਰੰਸ ਤੋਂ ਪਹਿਲਾਂ ਅਤੇ ਸਤੰਬਰ 11, 1990 ਤੋਂ ਬਾਅਦ। ਸ਼ੁਰੂ ਵਿੱਚ, ਨਵੀਂ ਵਿਸ਼ਵ ਵਿਵਸਥਾ ਵਿਸ਼ੇਸ਼ ਤੌਰ 'ਤੇ ਪ੍ਰਮਾਣੂ ਨਿਸ਼ਸਤਰੀਕਰਨ ਨਾਲ ਨਜਿੱਠਦੀ ਸੀ ਪਰ ਬਾਅਦ ਵਿੱਚ ਗੋਰਬਾਚੇਵ ਦੁਆਰਾ ਸੰਯੁਕਤ ਰਾਸ਼ਟਰ ਦੀ ਮਜ਼ਬੂਤੀ ਨੂੰ ਸ਼ਾਮਲ ਕਰਨ ਲਈ ਇਸਦਾ ਵਿਸਥਾਰ ਕੀਤਾ ਗਿਆ ਸੀ।

ਨਿਊ ਵਰਲਡ ਆਰਡਰ ਸ਼ਬਦ ਦੀ ਵਰਤੋਂ ਪਹਿਲੀ ਵਾਰ 21 ਨਵੰਬਰ 1988 ਨੂੰ ਰੂਸ-ਭਾਰਤੀ ਵਾਰਤਾ ਦੌਰਾਨ ਰਾਜੀਵ ਗਾਂਧੀ ਦੁਆਰਾ ਦਿੱਲੀ ਦੇ ਐਲਾਨਨਾਮੇ ਤੋਂ ਬਾਅਦ ਯੂਐਸਐਸਆਰ ਦੁਆਰਾ ਪ੍ਰਤੀਬੱਧਤਾ ਦਾ ਹਵਾਲਾ ਦਿੰਦੇ ਹੋਏ ਪ੍ਰੈਸ ਵਿੱਚ ਕੀਤੀ ਗਈ ਸੀ। ਨਵੀਂ ਵਿਸ਼ਵ ਵਿਵਸਥਾ ਦਾ ਉਸਦਾ ਵਰਣਨ ਅਹਿੰਸਾ ਅਤੇ ਸ਼ਾਂਤੀਪੂਰਨ ਸਹਿ-ਹੋਂਦ ਦਾ ਸੀ। ਹਾਲਾਂਕਿ, ਨਵੇਂ ਵਿਸ਼ਵ ਵਿਵਸਥਾ ਦੇ ਸੰਕਲਪ ਦੇ ਗਠਨ ਦੀ ਅਗਵਾਈ ਕਰਨ ਵਾਲਾ ਸਿਧਾਂਤਕ ਬਿਆਨ ਮਿਖਾਇਲ ਗੋਰਬਾਚੇਵ ਦੁਆਰਾ 7 ਦਸੰਬਰ, 1988 ਨੂੰ ਸੰਯੁਕਤ ਰਾਸ਼ਟਰ ਮਹਾਸਭਾ ਨੂੰ ਦਿੱਤੇ ਆਪਣੇ ਭਾਸ਼ਣ ਦੌਰਾਨ ਦਿੱਤਾ ਗਿਆ ਸੀ। ਉਸਦੇ ਭਾਸ਼ਣ ਵਿੱਚ ਵਿਚਾਰਾਂ ਦੀ ਇੱਕ ਸੂਚੀ ਸ਼ਾਮਲ ਸੀ ਜੋ ਨਵੀਂ ਵਿਵਸਥਾ ਬਣਾਉਣ ਵਿੱਚ ਮਦਦ ਕਰਨਗੇ, ਸੰਯੁਕਤ ਰਾਸ਼ਟਰ ਦੀ ਭੂਮਿਕਾ ਨੂੰ ਮਜ਼ਬੂਤ ਕਰਨਾ ਅਤੇ ਮੈਂਬਰ ਦੇਸ਼ਾਂ ਦੀ ਸਰਗਰਮ ਸ਼ਮੂਲੀਅਤ ਸ਼ਾਮਲ ਹੈ। ਇੱਕ ਮਹੀਨੇ ਬਾਅਦ, ਟਾਈਮਜ਼ ਮੈਗਜ਼ੀਨ ਦੁਆਰਾ ਉਸਦੇ ਭਾਸ਼ਣ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ।




ਇਸ ਨਵੀਂ ਵਿਸ਼ਵ ਵਿਵਸਥਾ ਦਾ ਮਤਲਬ ਫੌਜੀ ਤੋਂ ਘਰੇਲੂ ਜ਼ਰੂਰਤਾਂ ਵਿੱਚ ਸਰੋਤਾਂ ਦੀ ਤਬਦੀਲੀ ਹੈ ਜੋ ਨਾਟੋ ਵਰਗੇ ਸੁਰੱਖਿਆ ਗਠਜੋੜ ਨੂੰ ਘਟਣ ਵੱਲ ਲੈ ਜਾਵੇਗਾ। ਵਿਸ਼ਵ ਅਟਲਸ ਦੇ ਲੇਖਕ ਨੇ ਮਹਿਸੂਸ ਕੀਤਾ ਕਿ ਤਤਕਾਲੀ ਅਮਰੀਕੀ ਰਾਸ਼ਟਰਪਤੀ, ਬੁਸ਼ ਨੂੰ ਗੋਰਬਾਚੇਵ ਦੇ ਵਿਚਾਰਾਂ ਦਾ ਮੁਕਾਬਲਾ ਕਰਨ ਦੀ ਲੋੜ ਸੀ ਕਿਉਂਕਿ ਉਸ ਸਾਹਮਣੇ ਗੋਰਬਾਚੇਵ ਤੋਂ ਲੀਡਰਸ਼ਿਪ ਗੁਆਉਣ ਦਾ ਮੌਕਾ ਖੜ੍ਹਾ ਸੀ। ਗੋਰਬਾਚੇਵ ਦੇ ਨਵੇਂ ਆਰਡਰ ਦੇ ਵਿਚਾਰ ਨੂੰ ਅਮਰੀਕਾ ਅਤੇ ਬੁਸ਼ ਦੀ ਅਗਵਾਈ ਲਈ ਨਤੀਜੇ ਵਜੋਂ ਮੰਨਿਆ ਗਿਆ ਸੀ। ਇਸ ਲਈ, ਬੁਸ਼ ਨੇ ਮਾਲਟਾ ਕਾਨਫਰੰਸ ਵਿੱਚ ਗੋਰਬਾਚੇਵ ਨੂੰ ਚੁਣੌਤੀ ਦੇਣ ਦੀ ਰਣਨੀਤੀ ਤਿਆਰ ਕੀਤੀ। ਕਾਨਫਰੰਸ ਦੌਰਾਨ, ਰਾਸ਼ਟਰਪਤੀ ਬੁਸ਼ ਨੇ ਪ੍ਰਸਤਾਵ ਦਿੱਤਾ ਕਿ ਸੰਯੁਕਤ ਰਾਸ਼ਟਰ ਦੇ ਅਧੀਨ ਨਵੀਂ ਵਿਸ਼ਵ ਵਿਵਸਥਾ ਦੀ ਸਥਾਪਨਾ ਕੀਤੀ ਗਈ ਹੈ। ਉਨ੍ਹਾਂ ਇਕ ਨਿਊਜ਼ ਕਾਨਫਰੰਸ ਵਿੱਚ ਨੋਟ ਕੀਤਾ ਕਿ ਜੇਕਰ ਦੁਨੀਆ ਦੇ ਦੇਸ਼ ਇਕਜੁੱਟ ਹੋ ਕੇ ਕੰਮ ਕਰਨ ਤਾਂ ਅੰਤਰਰਾਸ਼ਟਰੀ ਵਿਵਸਥਾ ਹੋਵੇਗੀ ਅਤੇ ਦੁਨੀਆ ਪਹਿਲਾਂ ਨਾਲੋਂ ਜ਼ਿਆਦਾ ਸ਼ਾਂਤੀਪੂਰਨ ਹੋਵੇਗੀ। ਨਵੇਂ ਆਰਡਰ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਵਿੱਚ, ਬੁਸ਼ ਨੇ ਸੋਵੀਅਤ ਫ਼ੌਜਾਂ ਨੂੰ ਉਨ੍ਹਾਂ ਫ਼ੌਜਾਂ ਵਿੱਚ ਸ਼ਾਮਲ ਕਰਨ ਦੀ ਪੇਸ਼ਕਸ਼ ਕੀਤੀ ਜੋ ਕੁਵੈਤ ਨੂੰ ਆਜ਼ਾਦ ਕਰ ਰਹੀਆਂ ਸਨ। ਉਸਨੇ ਸੱਦਾਮ ਹੁਸੈਨ ਦੇ ਹਮਲੇ ਦਾ ਮੁਕਾਬਲਾ ਕਰਨ ਲਈ ਅਮਰੀਕਾ ਅਤੇ ਸੋਵੀਅਤ ਯੂਨੀਅਨ ਦੀ ਸਮਰੱਥਾ ਨੂੰ ਭਵਿੱਖ ਵਿੱਚ NWO ਦਿੱਤਾ। 11 ਸਤੰਬਰ, 1990 ਨੂੰ, ਬੁਸ਼ ਨੇ ਕਾਂਗਰਸ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ, ਆਪਣੇ ਆਪ ਨੂੰ ਮਜ਼ਬੂਤ ਕਰਨ ਲਈ ਅਮਰੀਕਾ ਦੀ ਵਚਨਬੱਧਤਾ ਵੱਲ ਇਸ਼ਾਰਾ ਕੀਤਾ ਤਾਂ ਜੋ ਇਹ ਦੁਨੀਆ ਨੂੰ ਕਾਨੂੰਨ ਦੇ ਰਾਜ ਵੱਲ ਲੈ ਜਾ ਸਕੇ। ਉਸਨੇ ਸੰਸਾਰ ਨੂੰ ਲੋਕਤੰਤਰ ਲਈ ਸੁਰੱਖਿਅਤ ਬਣਾਉਣ ਲਈ ਸੋਵੀਅਤ-ਅਮਰੀਕੀ ਭਾਈਵਾਲੀ ਦੀ ਲੋੜ ਨੂੰ ਵੀ ਉਜਾਗਰ ਕੀਤਾ।

### ਪਿਛਲੇ ਨਿਊ ਵਰਲਡ ਆਰਡਰ ਦੀ ਸਮੀਖਿਆ

NWO ਦੇ ਵਿਚਾਰ ਨੂੰ ਜਿਵੇਂ ਕਿ ਬੁਸ਼ ਦੁਆਰਾ ਉਜਾਗਰ ਕੀਤਾ ਗਿਆ ਸੀ, ਨੂੰ ਤਿੰਨ ਮੁੱਖ ਪਹਿਲੂਆਂ ਵਿੱਚ ਸੰਖੇਪ ਕੀਤਾ ਜਾ ਸਕਦਾ ਹੈ : ਤਾਕਤ ਦੀ ਅਪਮਾਨਜਨਕ ਵਰਤੋਂ, ਸਮੂਹਿਕ ਸੁਰੱਖਿਆ ਅਤੇ ਮਹਾਨ ਸ਼ਕਤੀ ਸਹਿਯੋਗ। ਤਿੰਨ ਪਹਿਲੂ ਘਰੇਲੂ, ਨਿੱਜੀ ਅਤੇ ਗਲੋਬਲ ਕਾਰਕਾਂ ਦੇ ਨਤੀਜੇ ਵਜੋਂ ਸਾਹਮਣੇ ਆਏ। ਖਾੜੀ ਸੰਕਟ ਨੂੰ ਨਵੀਂ ਵਿਸ਼ਵ ਵਿਵਸਥਾ ਦੇ ਵਿਕਾਸ ਅਤੇ ਲਾਗੂ ਕਰਨ ਵਿੱਚ ਇੱਕ ਪ੍ਰਮੁੱਖ ਯੋਗਦਾਨ ਪਾਉਣ ਵਾਲੇ ਕਾਰਕ ਵਜੋਂ ਦੇਖਿਆ ਗਿਆ ਸੀ। ਉਸ ਤੋਂ ਪਹਿਲਾਂ, ਨਵੇਂ ਆਰਡਰ ਦੀ ਧਾਰਨਾ ਗੁੰਝਲਦਾਰ ਅਤੇ ਅਪ੍ਰਮਾਣਿਤ ਰਹੀ। ਖਾੜੀ ਯੁੱਧ ਨੂੰ ਸੰਯੁਕਤ ਰਾਸ਼ਟਰ ਦੀ ਭਰੋਸੇਯੋਗਤਾ ਲਈ ਇੱਕ ਟੈਸਟ ਕੇਸ ਅਤੇ ਹਮਲਾਵਰਾਂ ਦਾ ਮੁਕਾਬਲਾ ਕਰਨ ਲਈ ਇੱਕ ਮਾਡਲ ਮੰਨਿਆ ਜਾਂਦਾ ਸੀ। ਅਮਰੀਕਾ ਨੇ ਇਸ ਤਰੀਕੇ ਨਾਲ ਕੰਮ ਕਰਨਾ ਸੀ ਕਿ ਬਾਕੀ ਦੁਨੀਆ ਜੰਗ ਦੇ ਦੌਰਾਨ ਭਰੋਸਾ ਕਰੇਗੀ ਅਤੇ ਇਸ ਤਰ੍ਹਾਂ ਸੰਯੁਕਤ ਰਾਸ਼ਟਰ ਦਾ ਸਮਰਥਨ ਪ੍ਰਾਪਤ ਕਰੇਗਾ। 'ਏ ਵਰਲਡ ਟਰਾਂਸਫਾਰਮਡ' ਵਿੱਚ ਸਕੋਕ੍ਰਾਫਟ ਨੇ ਸਿੱਟਾ ਕੱਢਿਆ ਹੈ ਕਿ ਭਾਵੇਂ ਅਮਰੀਕਾ ਕੋਲ ਆਪਣੇ ਹਿੱਤਾਂ ਦੀ ਦੇਖਭਾਲ ਕਰਨ ਦੀ ਸਮਰੱਥਾ ਅਤੇ ਸਰੋਤ ਹਨ, ਇਸਨੇ ਸਾਂਝੇ ਭਲੇ ਨੂੰ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਲਈ ਹੈ। ਬਿਲ ਕਲਿੰਟਨ ਦੀ ਪ੍ਰਧਾਨਗੀ ਦੇ ਦੌਰਾਨ, ਨਵੀਂ ਵਿਸ਼ਵ ਵਿਵਸਥਾ ਵਧੇਰੇ ਪ੍ਰਮੁੱਖ ਹੋ ਗਈ, ਜਿਸ ਵਿੱਚ ਪ੍ਰਗਤੀਸ਼ੀਲ ਕਾਕਸ ਨੇ ਸਮਾਜਵਾਦ ਨੂੰ ਖੁੱਲ੍ਹੇਆਮ ਅੱਗੇ ਵਧਾਇਆ।




ਇਹ ਵਾਕੰਸ਼ ਆਪਣੀ ਸ਼ੁਰੂਆਤ ਤੋਂ ਹੀ ਵਰਤੋਂ ਵਿੱਚ ਆ ਰਿਹਾ ਹੈ, ਖਾਸ ਕਰਕੇ ਰਾਜਨੀਤਿਕ ਖੇਤਰ ਵਿੱਚ। 1994 ਵਿੱਚ, ਹੈਨਰੀ ਕਿਸਿੰਗਰ ਨੇ ਦਾਅਵਾ ਕੀਤਾ ਕਿ ਅਮਰੀਕਾ ਦੀ ਸ਼ਮੂਲੀਅਤ ਤੋਂ ਬਿਨਾਂ ਇੱਕ ਨਵਾਂ ਵਿਸ਼ਵ ਵਿਵਸਥਾ ਸੰਭਵ ਨਹੀਂ ਸੀ ਕਿਉਂਕਿ ਇਹ ਸਭ ਤੋਂ ਮਹੱਤਵਪੂਰਨ ਹਿੱਸਾ ਸੀ। ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ, ਟੋਨੀ ਬਲੇਅਰ ਨੇ ਨਵੰਬਰ 2000 ਵਿੱਚ ਅਤੇ 2001 ਤੋਂ 2003 ਵਿੱਚ ਇੱਕ ਨਵੀਂ ਵਿਸ਼ਵ ਵਿਵਸਥਾ ਦੀ ਮੰਗ ਕਰਦੇ ਹੋਏ ਇਸ ਸ਼ਬਦ ਦੀ ਵਰਤੋਂ ਕੀਤੀ ਸੀ। ਗੋਰਡਨ ਬ੍ਰਾਊਨ, ਯੂ.ਕੇ. ਦੇ ਸਾਬਕਾ ਪ੍ਰਧਾਨ ਮੰਤਰੀ ਨੇ ਵੀ ਨਵੀਂ ਦਿੱਲੀ ਦੇ ਦੌਰੇ ਦੌਰਾਨ 2008 ਵਿੱਚ ਨਵੀਂ ਵਿਸ਼ਵ ਵਿਵਸਥਾ ਦੀ ਮੰਗ ਕੀਤੀ ਸੀ। ਉਸਨੇ ਲੰਡਨ ਵਿੱਚ 2009 ਵਿੱਚ 720 ਸੰਮੇਲਨ ਵਿੱਚ ਵੀ ਪੜਾਅ ਦੀ ਵਰਤੋਂ ਕੀਤੀ ਸੀ।

ਕਈ ਹੋਰ ਵਿਸ਼ਵ ਨੇਤਾਵਾਂ ਜਿਵੇਂ ਕਿ ਮਹਿਮੂਦ ਅਹਿਮਦੀਨੇਜਾਦ, ਈਰਾਨ ਦੇ ਰਾਸ਼ਟਰਪਤੀ, ਅਤੇ ਉਸਦੇ ਜਾਰਜੀਅਨ ਹਮਰੁਤਬਾ, ਮਿਖਾਇਲ ਸਾਕਸ਼ਵਿਲੀ ਨੇ ਵੀ ਨਵੇਂ ਵਿਸ਼ਵ ਵਿਵਸਥਾ ਦੀ ਮੰਗ ਕੀਤੀ ਹੈ। ਕੁਝ ਵਿਦਵਾਨਾਂ ਨੇ ਅਮਰੀਕਾ ਦੇ ਘਟਦੇ ਗਲੋਬਲ ਪ੍ਰਭਾਵ ਅਤੇ ਚੀਨ ਸਮੇਤ ਉਦਾਰਵਾਦੀ ਸ਼ਕਤੀਆਂ ਦੇ ਵਧਣ 'ਤੇ ਵੀ ਆਪਣੇ ਥੀਸਿਸ ਨੂੰ ਅੱਗੇ ਵਧਾਇਆ ਹੈ। ਰੂਸ ਦੇ ਲਿਓਨਿਡ ਗ੍ਰਿਨਿਨ ਵਰਗੇ ਸਿਆਸੀ ਵਿਸ਼ਲੇਸ਼ਕ ਮੰਨਦੇ ਹਨ ਕਿ ਅਮਰੀਕਾ ਨਵੀਂ ਵਿਸ਼ਵ ਵਿਵਸਥਾ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਰਹੇਗਾ।

ਚਲਦਾ ...

# ਜ਼ਮੀਨਦੋਜ਼ ਪਾਣੀ ਮੁੱਕਣ ਕਾਰਨ ਪੰਜਾਬ ਰੇਗਿਸਤਾਨ ਬਣਨ ਵੱਲ

- ਭਾਰਤ ਭਰ ਵਿੱਚੋਂ ਪੰਜਾਬ ’ਚ ਨਿਸ਼ਚਿਤ ਮਿਕਦਾਰ ਤੋਂ ਜ਼ਿਆਦਾ ਪਾਣੀ ਦੀ ਹੋ ਰਹੀ ਏ ਨਿਕਾਸੀ
- ਕੇਂਦਰੀ ਗਰਾਊਂਡ ਵਾਟਰ ਬੋਰਡ ਵੱਲੋਂ ਜਾਰੀ ਕੀਤੀ 2022 ਦੀ ਤਾਜ਼ਾ ਰਿਪੋਰਟ ਹਲੂਣਾ ਦੇਣ ਵਾਲੀ
- ਸਰਕਾਰ ਧਰਤੀ ਹੇਠਲਾ ਪਾਣੀ ਬਚਾਉਣ ਲਈ ਅੱਗੇ ਆਵੇ ਤੇ ਕਿਸਾਨਾਂ ਅੱਗੇ ਬਦਲ ਪੇਸ਼ ਕਰੇ : ਰਜਿੰਦਰ ਸਿੰਘ ਦੀਪ ਵਾਲਾ

ਪੰਜਾਬ ਦੇ ਘਟਦੇ ਜ਼ਮੀਨਦੋਜ਼ ਪਾਣੀ ਦੀ ਚਰਚਾ ਸਮੇਂ-ਸਮੇਂ ’ਤੇ ਹੁੰਦੀ ਹੀ ਰਹਿੰਦੀ ਹੈ।ਖੇਤੀਬਾੜੀ ਮਾਹਿਰ, ਸਰਕਾਰ ਅਤੇ ਵਾਤਾਵਰਨ ਪ੍ਰੇਮੀ ਸੂਬੇ ਦੇ ਘਟਦੇ ਪਾਣੀ ਦੇ ਪੱਤਣ ਉਤੇ ਲਗਾਤਾਰ ਚਿੰਤਾ ਪ੍ਰਗਟ ਕਰਦੇ ਰਹੇ ਹਨ। ਕੇਂਦਰੀ ਗਰਾਊਂਡ ਵਾਟਰ ਬੋਰਡ ਦੀ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਮੁੱਕਦਾ ਜਾ ਰਿਹਾ ਹੈ ਜੋ ਪੰਜਾਬ ਦੇ ਭਵਿੱਖ ਲਈ ਖ਼ਤਰੇ ਦੀ ਘੰਟੀ ਤੋਂ ਘੱਟ ਨਹੀਂ ਹੈ। ਕੇਂਦਰੀ ਗਰਾਊਂਡ ਵਾਟਰ ਬੋਰਡ ਵੱਲੋਂ ਜਾਰੀ ਕੀਤੀ ਗਈ 2022 ਦੀ ਤਾਜ਼ਾ ਰਿਪੋਰਟ ਅਨੁਸਾਰ ਦੇਸ਼ ਭਰ ਵਿਚੋਂ ਇਕਲੌਤਾ ਪੰਜਾਬ ਸੂਬਾ ਹੈ ਜਿੱਥੇ ਸਾਲਾਨਾ ਸੇਫ਼ ਮਿਕਦਾਰ ਤੋਂ ਕਿਤੇ ਵੱਧ ਧਰਤੀ ਹੇਠੋਂ ਪਾਣੀ ਕੱਢਿਆ ਜਾ ਰਿਹਾ ਹੈ।

ਕੇਂਦਰੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਸਾਲਾਨਾ ਰਿਚਾਰਜ 18.94 ਬਿਲੀਅਨ ਕਿਊਬਿਕ ਮੀਟਰ ਹੈ। ਜੇ ਪੰਜਾਬ ਸਾਲਾਨਾ 17.07 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਹੇਠੋਂ ਕੱਢਦਾ ਹੈ ਤਾਂ ਸੂਬੇ ਦੇ ਧਰਤੀ ਹੇਠਲੇ ਪਾਣੀ ਸੁਰੱਖਿਅਤ ਜ਼ੋਨ ਵਿੱਚ ਰਹਿਣਗੇ ਪ੍ਰੰਤੂ ਹਕੀਕਤ ਵਿੱਚ ਪੰਜਾਬ ਵਿਚ ਸਾਲਾਨਾ 28.02 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਦੇ ਹੇਠੋਂ ਕੱਢਿਆ ਜਾ ਰਿਹਾ ਹੈ। ਭਾਵ ਸਾਲਾਨਾ 10.95 ਬਿਲੀਅਨ ਕਿਊਬਿਕ ਮੀਟਰ ਪਾਣੀ ਵੱਧ ਕੱਢਿਆ ਜਾ ਰਿਹਾ ਹੈ। ਸਮੁੱਚੇ ਦੇਸ਼ ਦੀ ਗੱਲ ਕਰੀਏ ਤਾਂ ਮੁਲਕ ਵਿੱਚੋਂ ਸਾਲਾਨਾ 398.08 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਹੇਠਾਂ ਤੋਂ ਕੱਢਿਆ ਜਾ ਸਕਦਾ ਹੈ ਪ੍ਰੰਤੂ ਦੇਸ਼ ਭਰ ਵਿਚ ਧਰਤੀ ਹੇਠੋਂ ਸਾਲਾਨਾ 239.16 ਬਿਲੀਅਨ ਕਿਊਬਿਕ ਮੀਟਰ ਪਾਣੀ ਹੀ ਕੱਢਿਆ ਜਾ ਰਿਹਾ ਹੈ। ਇਸ ਕਰਕੇ ਇਹ ਕੋਈ ਖ਼ਤਰੇ ਵਾਲੀ ਗੱਲ ਨਹੀਂ, ਕਿਉਂਕਿ ਨਿਸ਼ਚਿਤ ਮਿਕਦਾਰ ਤੋਂ ਕਿਤੇ ਘੱਟ ਪਾਣੀ ਦੀ ਨਿਕਾਸੀ ਹੋ ਰਹੀ ਹੈ। ਦੇਸ਼ ਦੇ ਸਿਰਫ਼ ਤਿੰਨ ਸੂਬੇ ਹੀ ਹਨ ਜੋ ਧਰਤੀ ਹੇਠੋਂ ਕਿਤੇ ਵੱਧ ਪਾਣੀ ਖਿੱਚ ਰਹੇ ਹਨ। ਹਰਿਆਣਾ ਸਾਲਾਨਾ 8.16 ਬਿਲੀਅਨ ਕਿਊਬਿਕ ਮੀਟਰ ਦੀ ਥਾਂ 11.54 ਬਿਲੀਅਨ ਕਿਊਬਿਕ ਮੀਟਰ ਅਤੇ ਰਾਜਸਥਾਨ 10.96 ਬਿਲੀਅਨ ਕਿਊਬਿਕ ਮੀਟਰ ਦੀ ਜਗ੍ਹਾ 16.56 ਬਿਲੀਅਨ ਕਿਊਬਿਕ ਮੀਟਰ ਪਾਣੀ ਦਾ ਧਰਤੀ ਹੇਠੋਂ ਨਿਕਾਸ ਕਰ ਰਿਹਾ ਹੈ। ਇਕੱਲਾ ਪੰਜਾਬ ਸੂਬਾ ਅਜਿਹਾ ਹੈ ਜਿਹੜਾ ਬੇਕਿਰਕੀ ਨਾਲ ਧਰਤੀ ਹੇਠੋਂ ਪਾਣੀ ਨਿਕਾਸ ਕਰ ਰਿਹਾ ਹੈ। ਮਾਲਵਾ ਖਿੱਤੇ ਦੀ ਸਥਿਤੀ ਇਸ ਵਿਚ ਸਭ ਤੋਂ ਗੰਭੀਰ ਹੈ।

ਝੋਨੇ ਨੂੰ ਪੰਜਾਬ ਦੇ ਪਾਣੀ ਖਤਮ ਦਾ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਪੰਜਾਬ ਵਿੱਚ 28.02 ਬਿਲੀਅਨ ਕਿਊਬਿਕ ਮੀਟਰ ਵਿੱਚੋਂ ਸਾਲਾਨਾ 26.69 ਬਿਲੀਅਨ ਕਿਊਬਿਕ ਮੀਟਰ (ਬੀਸੀਐਮ) ਸਿੰਜਾਈ, 1.17 ਬੀਸੀਐਮ ਸਾਲਾਨਾ ਘਰੇਲੂ ਵਰਤੋਂ ਅਤੇ 0.16 ਬੀਸੀਐਮ ਸਾਲਾਨਾ ਸਨਅੱਤੀ ਖੇਤਰ ਲਈ ਪਾਣੀ ਵਰਤਿਆ ਜਾ ਰਿਹਾ ਹੈ। ਪੰਜਾਬ ਵਿੱਚ ਕਰੀਬ 14.50 ਲੱਖ ਟਿਊਬਵੈੱਲ ਕੁਨੈਕਸ਼ਨ ਹਨ। ਪਾਣੀ ਦੀ ਸਭ ਤੋਂ ਵੱਡੀ ਖਪਤ ਝੋਨੇ ਦੀ ਫ਼ਸਲ ਵਿੱਚ ਹੁੰਦੀ ਹੈ। ਉੱਤਰ ਪ੍ਰਦੇਸ਼ ਸਭ ਤੋਂ ਵੱਡਾ ਸੂਬਾ ਹੈ ਜਿਹੜਾ ਸਾਲਾਨਾ 46.14 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਹੇਠਾਂ ਤੋਂ ਕੱਢ ਰਿਹਾ ਹੈ ਜਦੋਂ ਕਿ ਇਹ ਸੂਬਾ ਸਾਲਾਨਾ 65.30 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਵਿਚੋਂ ਨਿਕਾਸ ਕਰਨ ਦੇ ਯੋਗ ਹੈ। ਸਾਲ 2022 ਦੀ ਰਿਪੋਰਟ ਮੁਤਾਬਿਕ ਪੰਜਾਬ ਵਿੱਚ 153 ਬਲਾਕਾਂ ਵਿੱਚੋਂ 117 ਬਲਾਕ ਡਾਰਕ ਜ਼ੋਨ ਵਿੱਚ ਸ਼ਾਮਿਲ ਹੋ ਗਏ ਹਨ ਜਿੱਥੇ ਸਭ ਤੋਂ ਵੱਧ ਪਾਣੀ ਦੀ ਨਿਕਾਸੀ ਹੋ ਰਹੀ ਹੈ। ਸਿਰਫ਼ 17 ਬਲਾਕ ਹੀ ਸੁਰੱਖਿਅਤ ਜ਼ੋਨ ਵਿੱਚ ਹਨ। ਸੰਗਰੂਰ ਜ਼ਿਲ੍ਹੇ ਵਿੱਚ ਸਾਲਾਨਾ 62837 ਬਿਲੀਅਨ ਕਿਊਬਿਕ ਮੀਟਰ ਪਾਣੀ ਕੱਢਿਆ ਜਾ ਸਕਦਾ ਹੈ ਪ੍ਰੰਤੂ ਇਸ ਜ਼ਿਲ੍ਹੇ ਵਿੱਚ ਤਿੰਨ ਗੁਣਾ ਵੱਧ ਭਾਵ 196452 ਬਿਲੀਅਨ ਕਿਊਬਿਕ ਮੀਟਰ ਪਾਣੀ ਨਿਕਾਸ ਹੋ ਰਿਹਾ ਹੈ। ਜ਼ਿਲ੍ਹਾ ਲੁਧਿਆਣਾ ’ਚ ਸਾਲਾਨਾ 140280 ਬੀਸੀਐਮ ਦੇ ਮੁਕਾਬਲੇ 302012 ਬੀਸੀਐਮ ਪਾਣੀ ਅਤੇ ਬਰਨਾਲਾ ਜ਼ਿਲ੍ਹੇ ਵਿੱਚ 49602 ਦੀ ਥਾਂ 109237 ਬੀਸੀਐਮ ਪਾਣੀ ਦੀ ਨਿਕਾਸੀ ਕੀਤੀ ਜਾ ਰਹੀ ਹੈ।



ਇਸ ਰਿਪੋਰਟ ਵਿੱਚ ਇਸ ਗੱਲ ਦਾ ਵੀ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਵਿੱਚ ਜਿਹੜੇ ਬਲਾਕ ਇਸ ਸਮੇਂ ਸੁਰੱਖਿਅਤ ਹਨ, ਉਨ੍ਹਾਂ ਦਾ ਜ਼ਮੀਨੀ ਪਾਣੀ ਖੇਤੀ ਅਤੇ ਮਨੁੱਖੀ ਖ਼ਪਤ ਲਈ ਵਰਤੋਂਯੋਗ ਨਹੀਂ ਹੈ।ਜਾਣਕਾਰ ਆਖਦੇ ਹਨ ਕਿ ਜ਼ਮੀਨੀ ਪਾਣੀ ਅਸੀਮਤ ਹੈ ਪਰ ਇਹ ਰੀਚਾਰਜ ਨਾਲ ਜੁੜਿਆ ਹੋਇਆ ਹੈ। ਜੇਕਰ ਜ਼ਮੀਨ ਵਿਚੋਂ ਪਾਣੀ ਕੱਢਦੇ ਰਹੇ, ਉਸ ਵਿੱਚ ਦੁਬਾਰਾ ਨਾ ਰੀਚਾਰਜ ਕੀਤਾ ਜਾਵੇ ਤਾਂ ਹਾਲਾਤ ਵਿਗੜ ਜਾਂਦੇ ਹਨ। ਰਿਪੋਰਟ ਮੁਤਾਬਕ ਜੇਕਰ ਜ਼ਮੀਨ ਵਿਚੋਂ ਪਾਣੀ ਇਸੇ ਰਫ਼ਤਾਰ ਨਾਲ ਕੱਢਿਆ ਗਿਆ ਤਾਂ ਆਉਣ ਵਾਲੇ ਕੁਝ ਸਾਲਾਂ ਵਿੱਚ ਸੂਬਾ ਰੇਗਿਸਤਾਨ ਬਣ ਜਾਵੇਗਾ।

ਡਾਕਟਰ ਸਮਨਪ੍ਰੀਤ ਕੌਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਮਿੱਟੀ ਅਤੇ ਪਾਣੀ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਫੈਸਰ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਤਰੀਕੇ ਨਾਲ ਜ਼ਮੀਨ ਵਿਚੋਂ ਪਾਣੀ ਜ਼ਮੀਨ ਕੱਢਿਆ ਜਾ ਰਿਹਾ ਹੈ, ਆਉਣ ਵਾਲੇ ਸਾਲਾਂ ਵਿੱਚ 300 ਫੁੱਟ ਤੱਕ ਦੀ ਡੂੰਘਾਈ ਤੱਕ ਪਾਣੀ ਖ਼ਤਮ ਹੋ ਜਾਵੇਗਾ।

ਸਮਨਪ੍ਰੀਤ ਕੌਰ ਜਿਹੜਾ ਦਾਅਵਾ ਕਰਦੇ ਹਨ, ਉਸ ਦੀ ਪੁਸ਼ਟੀ ਸੈਂਟਰਲ ਗਰਾਊਂਡ ਵਾਟਰ ਬੋਰਡ ਨੇ ਆਪਣੀ ਰਿਪੋਰਟ ਵਿੱਚ ਪਹਿਲਾਂ ਹੀ ਕਰ ਦਿੱਤੀ ਹੈ।

## ਪੰਜਾਬ ਨੇ ਸਨਅਤੀ ਸੈਕਟਰ ਵਾਸਤੇ ਪਾਣੀ ਦੀ ਵਰਤੋਂ ਲਈ ਕੀਮਤ ਕੀਤੀ ਤੈਅ

ਪੰਜਾਬ ਵਾਟਰ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਅਥਾਰਟੀ ਨੇ ਨੋਟੀਫ਼ਿਕੇਸ਼ਨ ਜਾਰੀ ਕਰ ਕੇ ਪਹਿਲੀ ਫਰਵਰੀ ਤੋਂ ਸਨਅਤੀ ਸੈਕਟਰ ਵਿੱਚ ਧਰਤੀ ਹੇਠਲੇ ਪਾਣੀ ਦੀ ਵਰਤੋਂ ਦੀ ਕੀਮਤ ਤੈਅ ਕਰ ਦਿੱਤੀ ਹੈ। ਕੇਂਦਰ ਸਰਕਾਰ ਨੇ ਵੀ 2019 ਵਿੱਚ ਜਲ ਸ਼ਕਤੀ ਮੁਹਿੰਮ ਸ਼ੁਰੂ ਕੀਤੀ ਹੈ ਜਿਸ ਵਿੱਚ 256 ਜ਼ਿਲ੍ਹੇ ਦੇਸ਼ ਭਰ ਵਿੱਚ ਸ਼ਨਾਖ਼ਤ ਕੀਤੇ ਗਏ ਹਨ ਜਿੱਥੇ ਧਰਤੀ ਹੇਠਲੇ ਪਾਣੀ ਦੀ ਵੱਧ ਨਿਕਾਸੀ ਹੋ ਰਹੀ ਹੈ। ਇਨ੍ਹਾਂ ਵਿੱਚ ਪੰਜਾਬ ਦੇ 20 ਜ਼ਿਲ੍ਹਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਵੇਂ ਹੀ ਪੰਜਾਬ ਸਰਕਾਰ ਨੇ ‘ਪਾਣੀ ਬਚਾਓ, ਪੈਸਾ ਕਮਾਓ’ ਦੀ ਸ਼ੁਰੂਆਤ ਕੀਤੀ ਹੋਈ ਹੈ।

ਕਿਸਾਨ ਧਿਰਾਂ ਨੇ ਆਪੋ ਆਪਣੇ ਪੱਧਰ ’ਤੇ ਪਾਣੀਆਂ ਦੇ ਮੁੱਦੇ ’ਤੇ ਬਿਗਲ ਵਜਾਉਣਾ ਸ਼ੁਰੂ ਕਰ ਦਿੱਤਾ ਹੈ। ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਦਾ ਕਹਿਣਾ ਹੈ ਕਿ ਪੰਜਾਬ ਦਾ ਕਿਸਾਨ ਦੇਸ਼ ਦੇ ਅਨਾਜ ਦਾ ਕਟੋਰਾ ਭਰਨ ਵਾਸਤੇ ਆਪਣੀ ਆਬੋ-ਹਵਾ ਨੂੰ ਦਾਅ ’ਤੇ ਲਾ ਰਿਹਾ ਹੈ ਜਦੋਂ ਕਿ ਚੌਲ ਪੰਜਾਬ ਦੀ ਖ਼ੁਰਾਕ ਦਾ ਹਿੱਸਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਨਾਲਾਇਕੀ ਹੈ ਕਿ ਖੇਤੀ ਵਿੱਚ ਕੋਈ ਬਦਲਵੇਂ ਮਾਡਲ ਪੇਸ਼ ਨਹੀਂ ਕੀਤੇ ਗਏ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਧਰਤੀ ਹੇਠਲਾ ਪਾਣੀ ਬਚਾਉਣ ਲਈ ਅੱਗੇ ਆਵੇ ਤੇ ਕਿਸਾਨਾਂ ਅੱਗੇ ਬਦਲ ਪੇਸ਼ ਕਰੇ।

## ਪੰਜਾਬ ’ਚ ਜ਼ਮੀਨਦੋਜ਼ ਪਾਣੀ ਦਾ ਸੰਕਟ ਬਹੁਤ ਗੰਭੀਰ ਅਤੇ ਵੱਡਾ ਹੋਣ ਦਾ ਕਾਰਨ ਝੋਨਾ : ਕਾਹਨ ਸਿੰਘ ਪੰਨੂ

### ਸਰਕਾਰ ਦੂਜੀਆਂ ਫ਼ਸਲਾਂ ’ਤੇ ਦੇਵੇ ਐਮ.ਐਸ.ਪੀ.



ਜਲੰਧਰ : ਪੰਜਾਬ ਖੇਤੀਬਾੜੀ ਵਿਭਾਗ ਦੇ ਸਾਬਕਾ ਸਕੱਤਰ ਅਤੇ ਸੇਵਾ ਮੁਕਤ ਆਈਏਐਸ ਅਧਿਕਾਰੀ ਕਾਹਨ ਸਿੰਘ ਪੰਨੂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਜ਼ਮੀਨਦੋਜ਼ ਪਾਣੀ ਦਾ ਸੰਕਟ ਬਹੁਤ ਗੰਭੀਰ ਅਤੇ ਇਸ ਦਾ ਇਕ ਵੱਡਾ ਕਾਰਨ ਝੋਨਾ ਹੈ। ਉਨ੍ਹਾਂ ਨੇ ਕਿਹਾ ਕਿ ਕਿਸਾਨ ਝੋਨਾ ਇਸ ਕਰਕੇ ਪੈਦਾ ਕਰਦਾ ਹੈ ਕਿਉਂਕਿ ਇਸ ਉਤੇ ਐੱਮਐੱਸਪੀ ਮਿਲਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਲਈ ਝੋਨਾ ਮਾੜਾ ਨਹੀਂ ਹੈ ਸਗੋਂ ਝੋਨੇ ਨੂੰ ਲੱਗਣ ਵਾਲਾ ਪਾਣੀ ਮਾੜਾ ਹੈ, ਇਸ ਲਈ ਝੋਨਾ ਲਾਉਣ ਦੀ ਤਕਨੀਕ ਵਿਚ ਬਦਲਾਅ ਕਰਨਾ ਜ਼ਰੂਰੀ ਹੈ। ਉਨ੍ਹਾਂ ਪਾਣੀ ਦੀ ਬੱਚਤ ਲਈ ਸਿੱਧੀ ਬਿਜਾਈ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ ਪਰ ਨਾਲ ਹੀ ਸਪੱਸ਼ਟ ਕੀਤਾ ਕਿ ਅਜਿਹਾ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ ਕਿਉਂਕਿ ਪੰਜਾਬ ਦਾ ਕਿਸਾਨ ਕੱਦੂ ਕਰਕੇ ਹੀ ਝੋਨਾ ਲਗਾਉਣ ਦਾ ਆਦੀ ਹੈ।

ਕਾਹਨ ਸਿੰਘ ਪੰਨੂ ਮੁਤਾਬਕ ਇਸ ਦਾ ਦੂਜਾ ਕਾਰਨ ਹੈ ਪੰਜਾਬ ਦੇ ਕਿਸਾਨ ਦੀ ਮਾੜੀ ਵਿੱਤੀ ਹਾਲਤ, ਜੋ ਉਸ ਨੂੰ ਖੇਤੀ ਵਿੱਚ ਤਜਰਬੇ ਕਰਨ ਤੋਂ ਰੋਕਦੀ ਹੈ ਅਤੇ ਨਵੇਂ ਤਜਰਬਿਆਂ ਵਿਚ ਜੋਖ਼ਮ ਹੁੰਦਾ ਹੈ।

ਪੰਨੂ ਨੇ ਦੱਸਿਆ ਕਿ ਕਿਸਾਨਾਂ ਨੂੰ ਝੋਨੇ ਤੋਂ ਹਟਾਉਣ ਦੇ ਲਈ ਉਸ ਨੂੰ ਦੂਜੀਆਂ ਫਸਲਾਂ ਉਤੇ ਐੱਮਐੱਸਪੀ ਦੇਣੀ ਹੋਵੇਗੀ, ਜਿਵੇਂ ਇਸ ਵਾਰ ਪੰਜਾਬ ਸਰਕਾਰ ਨੇ ਮੂੰਗੀ ਦੀ ਫ਼ਸਲ ਉਤੇ ਦਿੱਤੀ ਹੈ। ਉਨ੍ਹਾਂ ਨੇ ਆਖਿਆ ਕਿ ਕਿਸਾਨਾਂ ਦੇ ਨਾਲੋਂ ਜਿਆਦਾ ਸਰਕਾਰਾਂ ਨੂੰ ਇਸ ਪਾਸੇ ਆਉਣਾ ਹੋਵੇਗਾ ਤਾਂ ਹੀ ਪੰਜਾਬ ਦੀ ਖੇਤੀ ਅਤੇ ਪਾਣੀ ਬਚ ਸਕੇਗਾ।

## ਪਾਣੀਆਂ ਨੂੰ ਬਚਾਉਣ ਲਈ ਪੰਜਾਬ ਤੇ ਕੇਂਦਰ ਸਰਕਾਰ ਕੀ ਕਰੇ ?

ਸਾਡੇ ਘਰਾਂ ਵਿੱਚ ਵਰਤਿਆ ਜਾਣ ਵਾਲ਼ਾ ਲਗਭਗ 80 ਫੀਸਦੀ ਪਾਣੀ ਦੀ ਮੁੜ-ਵਰਤੋਂ ਦਾ ਕੋਈ ਪੁਖਤਾ ਇੰਤਜਾਮ ਨਾ ਹੋਣ ਕਰਕੇ ਇਹ ਸੀਵਰੇਜ ਰਾਹੀਂ ਰੁੜ ਜਾਂਦਾ ਹੈ। ਜਦਕਿ ਦੁਨੀਆਂ ਵਿੱਚ ਇਜਰਾਇਲ ਤੇ ਆਸਟ੍ਰੇਲੀਆ ਵਰਗੇ ਮੁਲਕਾਂ ਵਾਂਗ, ਜਿੱਥੇ 100 ਫੀਸਦੀ ਵਰਤੇ ਗਏ ਘਰੇਲੂ ਪਾਣੀ ਨੂੰ ਸੋਧ ਕੇ ਮੁੜ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ, ਸੋਧ ਕੇ ਮੁੜ-ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਪਰ ਅਜਿਹੇ ਪ੍ਰੋਜੈਕਟਾਂ ਉੱਤੇ ਖਰਚਾ ਕਰਨ ਤੋਂ ਹਮੇਸ਼ਾ ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਬਚਦੀਆਂ ਰਹਿੰਦੀਆਂ ਹਨ।



ਖੇਤੀ ਲਈ ਜ਼ਮੀਨਦੋਜ਼ ਪਾਣੀ ਦੀ ਥਾਂ ਉੱਤੇ ਨਹਿਰੀ ਪਾਣੀ ਦੀ ਸਹੂਲਤ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ। ਪੰਜਾਬ ਵਿੱਚ ਦਰਿਆਈ ਪਾਣੀ ਸਿਰਫ 28 ਫੀਸਦੀ ਜ਼ਮੀਨ ਨੂੰ ਸਿੰਜਦੇ ਹਨ, ਬਾਕੀ 72 ਫੀਸਦੀ ਲਈ ਜ਼ਮੀਨਦੋਜ਼ ਪਾਣੀ ਉੱਤੇ ਹੀ ਨਿਰਭਰਤਾ ਬਣੀ ਹੋਈ ਹੈ। ਇਸ ਕਰਕੇ ਸਿੰਜਾਈ ਲਈ ਸੂਏ, ਕੱਸੀਆਂ, ਖਾਲਾਂ ਆਦਿ ਦਾ ਆਲ਼-ਜੰਜਾਲ ਬਣਾਇਆ ਜਾਣਾ ਚਾਹੀਦਾ ਹੈ। ਪਰ ਇਸ ਵਿੱਚ ਸਭ ਤੋਂ ਵੱਡਾ ਅੜਿੱਕਾ ਪੰਜਾਬ ਦੇ ਦਰਿਆਈ ਪਾਣੀਆਂ ਦੀ ਦਹਾਕਿਆਂ ਤੋਂ ਚੱਲਦੀ ਆ ਰਹੀ ਬੇਰੋਕ ਲੁੱਟ ਹੈ। ਜਿਸ ਕਰਕੇ ਖੇਤੀ ਨਿਰਭਰਤਾ ਦਰਿਆਈ ਪਾਣੀਆਂ ਉੱਤੇ ਨਾ ਹੋਕੇ, ਮੁੱਖ ਤੌਰ ਉੱਤੇ ਦਿਨੋਂ ਦਿਨ ਧਰਤੀ ਹੇਠਲੇ ਪਾਣੀ ਉੱਤੇ ਵਧਦੀ ਜਾ ਰਹੀ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦਾ ਵੱਡਾ ਹਿੱਸਾ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਚਲਾ ਜਾਂਦਾ ਹੈ, ਜਿਸ ਨਾਲ਼ ਪੰਜਾਬ ਹਿੱਸੇ ਬਹੁਤ ਥੋੜਾ ਪਾਣੀ ਬਚਦਾ ਹੈ, ਜੋ ਇੱਥੋਂ ਦੀਆਂ ਆਪਣੀਆਂ ਲੋੜਾਂ ਲਈ ਵੀ ਪੂਰਾ ਨਹੀਂ ਪੈਂਦਾ। ਦਰਿਆਈ ਪਾਣੀਆਂ ਦੀ ਇਹ ਲੁੱਟ ਪਾਣੀ ਸੰਕਟ ਦਾ ਇੱਕ ਹੋਰ ਵੱਡਾ ਕਾਰਨ ਬਣਦੀ ਹੈ। ਹਾਕਮ ਪਾਰਟੀਆਂ ਇਸ ਮਸਲੇ ਨੂੰ ਪੰਜਾਬ ਦੇ ਲੋਕਾਂ ਨੂੰ ਦੂਜੇ ਸੂਬੇ ਦੇ ਲੋਕਾਂ ਨਾਲ਼ ਲੜਾਉਣ ਤੇ ਨਫਰਤ ਫੈਲਾਉਣ ਲਈ ਵਰਤਦੀਆਂ ਰਹੀਆਂ ਹਨ, ਇਸ ਮਸਲੇ ਨੂੰ ਸੁਲਝਾਉਣ ਦੀ ਥਾਂ ਹੋਰ ਜ਼ਿਆਦਾ ਲਟਕਾ ਕੇ ਲੋਕਾਂ ਦਾ ਧਿਆਨ ਭਟਕਾਉਂਦੀਆਂ ਰਹੀਆਂ ਹਨ। ਇਸ ਲਈ ਲਾਜ਼ਮੀ ਹੀ ਪੰਜਾਬ ਦੀਆਂ ਪੰਥਕ, ਇਨਕਲਾਬੀ ਅਤੇ ਜਮਹੂਰੀ ਤਾਕਤਾਂ ਨੂੰ ਇਸ ਮਸਲੇ ਨੂੰ ਸੰਬੋਧਨ ਹੋਣਾ ਚਾਹੀਦਾ ਹੈ ਅਤੇ ਇਸ ਦਾ ਜਿੰਨੀ ਛੇਤੀ ਹੋ ਸਕੇ ਸਥਾਈ ਹੱਲ ਦੀ ਮੰਗ ਕਰਨੀ ਚਾਹੀਦੀ ਹੈ। ਇਸ ਮਸਲੇ ਦੇ ਹੱਲ ਲਈ ਕੌਮਾਂਤਰੀ ਪੱਧਰ ਉੱਤੇ ਮਾਨਤਾ ਪ੍ਰਾਪਤ ਰਿਪੇਰੀਅਨ ਕਾਨੂੰਨ ਮੁਤਾਬਕ ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਨਜਿੱਠਿਆ ਜਾਣਾ ਚਾਹੀਦਾ ਹੈ।

ਸਰਕਾਰ ਵੱਲੋਂ ਸ਼ਹਿਰਾਂ-ਪਿੰਡਾਂ ਵਿੱਚ ਜਲ-ਸੋਧਕ ਪਲਾਂਟ ਬਣਾਏ ਜਾਣੇ ਚਾਹੀਦੇ ਹਨ ਅਤੇ ਇਨ੍ਹਾਂ ਰਾਹੀਂ ਪਾਣੀ ਨੂੰ ਸੋਧਕੇ ਮੁੜ ਘਰਾਂ ’ਚ ਜਾਂ ਖੇਤਾਂ ਵਿੱਚ ਸਿੰਜਾਈ ਲਈ ਭੇਜਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਮੀਂਹ ਦੇ ਪਾਣੀ ਦੀ ਸੰਭਾਲ ਲਈ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਸਰਕਾਰ ਵੱਲੋਂ ਪਿੰਡਾਂ-ਸ਼ਹਿਰਾਂ ਵਿੱਚ ਵੱਖ-ਵੱਖ ਥਾਈਂ ਜਿਵੇਂ ਸਰਕਾਰੀ ਉਸਾਰੀਆਂ, ਦਫਤਰਾਂ ਅਤੇ ਹੋਰ ਸਾਂਝੀਆਂ ਥਾਵਾਂ ਆਦਿ ਵਿੱਚ ਮੀਹਾਂ ਦੇ ਪਾਣੀ ਨੂੰ ਧਰਤੀ ਵਿੱਚ ਭੇਜਣ ਲਈ ਪ੍ਰਬੰਧ ਕਰਨੇ ਚਾਹੀਦੇ ਹਨ, ਜਿਸ ਨਾਲ਼ ਡਿੱਗ ਰਹੇ ਜ਼ਮੀਨੀ ਪਾਣੀ ਦੇ ਪੱਧਰ ਨੂੰ ਕੁੱਝ ਉੱਚਾ ਚੁੱਕਿਆ ਜਾ ਸਕੇ। ਲੋਕਾਂ ਨੂੰ ਘਰਾਂ ਵਿੱਚ ਅਜਿਹੇ ਪ੍ਰਬੰਧ ਕਰਨ ਲਈ ਪ੍ਰੇਰਿਤ ਕੀਤੇ ਜਾਣ ਦੀ ਵੀ ਲੋੜ ਹੈ। ਪਾਣੀ ਰੀਚਾਰਜ ਦੇ ਕੁਦਰਤੀ ਪ੍ਰਬੰਧ ਜਿਵੇਂ ਛੱਪੜਾਂ, ਝੀਲਾਂ ਆਦਿ ਦੀ ਉਸਾਰੀ ਕਰਵਾਈ ਜਾਣੀ ਚਾਹੀਦੀ ਹੈ। ਪਿੰਡਾਂ ਦੇ ਛੱਪੜਾਂ ਉੱਤੇ ਹੋਏ ਨਾਜਾਇਜ਼ ਕਬਜਿਆਂ ਨੂੰ ਛੁਡਾ ਕੇ ਉੱਤੇ ਪਾਣੀ ਰੀਚਾਰਜ ਦੇ ਪ੍ਰਬੰਧ ਕਰਨੇ ਚਾਹੀਦੇ ਹਨ।

# ਅਡਾਨੀ ਦੀ ਆਰਥਿਕ ਤਬਾਹੀ ਨਾਲ ਭਾਰਤ ਦੀ ਆਰਥਿਕਤਾ ਉੱਪਰ ਗਲਤ ਪ੍ਰਭਾਵ ਪਵੇਗਾ



ਰਣਜੀਤ ਸਿੰਘ ਕੁਕੀ




ਹਿੰਡਨਬਰਗ ਰਿਸਰਚ, ਜਿਸ ਨੂੰ ਕ੍ਰਿਪਟੋ ਕੰਪਨੀਆਂ ਅਤੇ ਘਾਟੇ ਵਾਲੇ ਕੋਰੇ ਚੈੱਕਾਂ ਦੇ ਸਬੰਧ ਵਿੱਚ ਪ੍ਰਮੁੱਖਤਾ ਮਿਲੀ, ਆਪਣੇ ਹੁਣ ਤੱਕ ਦੇ ਸਭ ਤੋਂ ਮੁੱਖ ਟੀਚੇ ਦਾ ਪਿੱਛਾ ਕਰ ਰਿਹਾ ਹੈ। ਵੱਖ-ਵੱਖ ਭਾਰਤੀ ਕੰਪਨੀਆਂ ਦੇ ਮਿਸ਼ਰਣ ਅਡਾਨੀ ਸਮੂਹ ਅਤੇ ਇਸ ਦੇ ਅਰਬਪਤੀ ਸੰਸਥਾਪਕ ਗੌਤਮ ਅਡਾਨੀ, ਜਿਸ ਨੂੰ ਫੋਰਬਸ ਨੇ ਦੁਨੀਆਂ ਦਾ ਤੀਜਾ ਸਭ ਤੋਂ ਅਮੀਰ ਆਦਮੀ ਘੋਸ਼ਿਤ ਕੀਤਾ ਹੈ, ਪਰ ਪਿਛਲੇ ਦਿਨਾਂ ਵਿੱਚ ਘਾਟਾ ਸਹਿਣ ਕਰਕੇ ਅਡਾਨੀ ਤੀਜੇ ਸਥਾਨ ਤੋਂ ਖਿਸਕ ਕੇ ਗਿਆਰਵੇਂ ਸਥਾਨ ਉੱਪਰ ਆ ਗਿਆ ਹੈ। ਹਿੰਡਨਬਰਗ ਨੇ ਇੱਕ ਲੰਮੀ ਰਿਪੋਰਟ ਜਾਰੀ ਕੀਤੀ ਹੈ ਜਿਸ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਅਡਾਨੀ ਸਮੂਹ ਕਾਰਪੋਰੇਟ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਧੋਖਾ ਕਰ ਰਿਹਾ ਹੈ। ਹਿੰਡਨਬਰਗ ਨੇ ਅਡਾਨੀ ਉੱਪਰ ਪਿਛਲ਼ੇ ਦਹਾਕਿਆਂ ਵਿੱਚ ਮਹਿਜ ਨਾਮ ਭਰ ਦੀਆਂ ਕੰਪਨੀਆਂ ਰਾਹੀਂ ਸ਼ਰੇਆਮ ਪੂੰਜੀ ਜਾਲ਼ਸਾਜ਼ੀ ਅਤੇ ਲੇਖੇ-ਜੋਖੇ ਵਿੱਚ ਧੋਖਾਧੜੀ ਦਾ ਇਲਜ਼ਾਮ ਲਗਾਇਆ ਹੈ। ਹਿੰਡਨਬਰਗ ਨੇ ਇਹ ਵੀ ਦਰਜ ਕੀਤਾ ਹੈ ਕਿ ਅਡਾਨੀ ਸਮੂਹ ਉੱਪਰ ਭ੍ਰਿਸ਼ਟਾਚਾਰ, ਕਾਲੇ ਧਨ ਨੂੰ ਚਿੱਟਾ ਕਰਨ ਅਤੇ ਕਰ ਦੇਣ ਵਾਲਿਆਂ ਦੇ ਧਨ ਦੀ ਚੋਰੀ ਦੇ ਇਲਜ਼ਾਮ ਲਗਦੇ ਰਹੇ ਹਨ। ਅਡਾਨੀ ਸਮੂਹ ਨੇ ਸੱਤ ਉਨ੍ਹਾਂ ਕੰਪਨੀਆਂ ਨਾਲ ਵਪਾਰ ਕੀਤਾ ਜਿਸ ਵਿੱਚ ਉਨ੍ਹਾਂ ਨੂੰ ਜਿਆਦਾ ਦਰ ਦੇਣੀ ਪਈ। ਹਿੰਡਨਬਰਗ ਨੇ ਕਿਹਾ ਸੀ ਕਿ ਅਡਾਨੀ ਸਮੂਹ ਦੇ ਸ਼ੇਅਰਾਂ ਦੀਆਂ ਕੀਮਤਾਂ ਡਿੱਗ ਪੈਣਗੀਆਂ। ਅਡਾਨੀ ਇੰਟਰਪ੍ਰਾਈਜਸ ਜੋ ਕਿ ਅਡਾਨੀ ਸਮੂਹ ਦੀ ਮਹੱਤਵਪੂਰਨ ਕੰਪਨੀ ਹੈ, ਦੇ ਸ਼ੇਅਰਾਂ ਦੀਆਂ ਕੀਮਤਾਂ ਬੀਤੇ ਹਫਤੇ ਬੁਰੀ ਤਰ੍ਹਾਂ ਡਿੱਗ ਗਈਆਂ ਅਤੇ ਇਸ ਦੁਆਰਾ ਲਏ ਗਏ ਅੰਬੂਜਾ ਸੀਮੈਂਟ ਦੀਆਂ ਕੀਮਤਾਂ ਵੀ ਉਸ ਤੋਂ ਬਾਅਦ ਲਗਾਤਾਰ ਡਿੱਗ ਰਹੀਆਂ ਹਨ।

ਇੱਕ ਦਿਨ ਵਿੱਚ ਇਸ ਦੇ ਸ਼ੇਅਰ ਧਾਰਕਾਂ ਦੀਆਂ ਕੀਮਤਾਂ 9.4 ਬਿਲੀਅਨ ਡਾਲਰ ਤੱਕ ਡਿੱਗ ਗਈਆਂ। ਹੁਣ ਤੱਕ 5.61 ਲੱਖ ਕਰੋੜ ਤੋਂ ਜਿਆਦਾ ਦਾ ਪੈਸਾ ਪੂਰਨ ਰੂਪ ਵਿੱਚ ਤਬਾਹ ਹੋ ਚੁੱਕਿਆ ਹੈ। ਭਾਰਤੀ ਰਾਸ਼ਟਰੀ ਬੈਂਕ ਅਤੇ ਬੀਮਾ ਕੰਪਨੀਆਂ ਉੱਪਰ ਵੀ ਇਸ ਦਾ ਭਾਰ ਪਿਆ ਹੈ ਕਿਉਂਕਿ ਇਨ੍ਹਾਂ ਦਾ ਅਡਾਨੀ ਸਮੂਹ ਦੀਆਂ ਕੰਪਨੀਆਂ ਨਾਲ ਦੁਰਭਾਵਨਾਪੂਰਨ ਸੁਮੇਲ ਦੱਸਿਆ ਹੈ ਅਤੇ ਦੋਸ਼ ਲਗਾਇਆ ਕਿ ਪਹਿਲਾਂ ਲੱਗੇ ਸਾਰੇ ਦੋਸ਼ ਹੀ ਭਾਰਤੀ ਅਦਾਲਤਾਂ ਵਿੱਚ ਗਲਤ ਸਾਬਿਤ ਹੋ ਚੁੱਕੇ ਹਨ। ਚਾਰ ਦਹਾਕਿਆਂ ਵਿੱਚ ਅਡਾਨੀ ਨੇ ਇੱਕ ਅਜਿਹਾ ਸਾਮਰਾਜ ਖੜ੍ਹਾ ਕੀਤਾ ਹੈ ਜਿਸ ਵਿੱਚ ਉਦਯੋਗਿਕ ਕੰਪਨੀਆਂ, ਏਅਰਪੋਰਟ, ਸੂਰਜੀ ਊਰਜਾ ਅਤੇ ਦੂਰਸੰਚਾਰ ਦੀਆਂ ਕੰਪਨੀਆਂ ਸ਼ਾਮਿਲ ਹਨ। ਮੋਦੀ ਸਰਕਾਰ ਦੀ ਮਿਹਰਬਾਨੀ ਕਰਕੇ ਅਡਾਨੀ ਦੇਸ਼ ਦੀ ਆਧਾਰਭੂਤ ਸੰਰਚਨਾ ਵਿੱਚ ਮੁੱਖ ਖਿਡਾਰੀ ਦੇ ਰੂਪ ਵਿੱਚ ਉੱਭਰਿਆ। ਦੇਸ਼ ਦੀ ਪ੍ਰਮੁੱਖ ਮੀਡੀਆ ਕੰਪਨੀ ਐਨਡੀਟੀਵੀ ਉੱਪਰ ਆਪਣਾ ਨਿਯੰਤ੍ਰਣ ਕਰਨ ਤੋਂ ਬਾਅਦ ਇਸ ਨੇ ਮੀਡੀਆ ਦੀ ਅਜ਼ਾਦੀ ਨੂੰ ਲੈ ਕੇ ਸੁਆਲ ਉਠਾਏ ਹਨ। ਆਪਣੇ ਪ੍ਰਮੁੱਖ ਰੋਲ ਕਰਕੇ ਹੀ ਅਡਾਨੀ ਨੂੰ ਮੋਦੀ ਦਾ ਰੌਕਫੈਲਰ ਵੀ ਕਿਹਾ ਜਾਂਦਾ ਹੈ ਜਿਸ ਦਾ ਅਰਥ ਹੈ, ਉਹ ਵਿਅਕਤੀ ਜਿਸ ਦਾ ਉਦਯੋਗ ਵਿੱਚ ਵੱਡਾ ਆਰਥਿਕ ਹਿੱਤ ਜੁੜਿਆ ਹੋਵੇ।

ਮੋਦੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਅਡਾਨੀ ਸਮੂਹ ਦੇ ਧਨ ਵਿੱਚ 200 ਪ੍ਰਤੀਸ਼ਤ ਤੱਕ ਦਾ ਵਾਧਾ ਹੋਇਆ ਹੈ। 2020 ਤੱਕ ਨੇਥਨ ਐਂਡਰਸਨ ਦੁਆਰਾ ਸਥਾਪਿਤ ਹਿੰਡਨਬਰਗ ਰਿਸਰਚ ਬਾਰੇ ਵਾਲ ਸਟਰੀਟ ਵਿੱਚ ਕਿਸੇ ਨੂੰ ਪਤਾ ਵੀ ਨਹੀਂ ਸੀ। 2020 ਵਿੱਚ ਉਨ੍ਹਾਂ ਨੇ ਵਹੀਕਲ ਬਣਾਉਣ ਵਾਲੀ ਕੰਪਨੀ ਨਿਕੋਲ਼ਾ ਵਿੱਚ ਧੋਖਾਧੜੀ ਨੂੰ ਉਜਾਗਰ ਕੀਤਾ ਸੀ। ਇਹ ਰਿਪੋਰਟ ਕੰਪਨੀ ਦੇ ਸੰਸਥਾਪਕ ਟਰੇਵਰ ਮਿਲਟਨ ਵਿਰੁੱਧ ਬਹੁਤ ਮਹੱਤਵਪੂਰਨ ਬਣ ਕੇ ਉੱਭਰੀ ਸੀ। ਦਿਨਾਂ ਵਿੱਚ ਹੀ ਅਡਾਨੀ ਸਮੂਹ ਨੂੰ 36 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ।ਅਡਾਨੀ ਸਮੂਹ ਹੁਣ ਤੱਕ ਦੀ ਸਭ ਤੋਂ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਵਿਸ਼ਵ ਦੇ ਅਮੀਰਾਂ ਨੇ 2020 ਅਤੇ 2021 ਵਿੱਚ ਆਪਣੀ ਜਾਇਦਾਦ ਵਿੱਚ ਅਰਬਾਂ ਦਾ ਵਾਧਾ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੂੰ 12 ਮਹੀਨੇ ਉਤਰਾਅ



ਚੜ੍ਹਾਅ ਦਾ ਸਾਹਮਣਾ ਕਰਨਾ ਪਿਆ। ਯੂਰਪ ਵਿੱਚ ਯੁੱਧ ਅਤੇ ਲਗਾਤਾਰ ਵਧਦੀ ਮਹਿੰਗਾਈ ਕਰਕੇ ਦਸੰਬਰ 2022 ਦੇ ਅੰਤ ਤੱਕ ਉਨ੍ਹਾਂ ਨੂੰ 2 ਟ੍ਰਿਲੀਅਨ ਡਾਲਰ ਦਾ ਨੁਕਸਾਨ ਸਹਿਣਾ ਪਿਆ। ਫੋਰਬਸ ਮੈਗਜ਼ੀਨ ਦੇ ਅਨੁਸਾਰ ਵਿਸ਼ਵ ਦੇ ਅਰਬਪਤੀਆਂ ਦੇ ਧਨ ਵਿੱਚ ਦਸੰਬਰ ਨੌਂ ਤੋਂ ਨਵੇਂ ਸਾਲ ਤੱਕ 13.8 ਟ੍ਰਿਲੀਅਨ ਡਾਲਰ ਤੋਂ ਘਟ ਕੇ 11.6 ਟ੍ਰਿਲ਼ੀਅਨ ਡਾਲਰ ਤੱਕ ਦਾ ਫਰਕ ਪਿਆ ਹੈ। ਵਿਸ਼ਵ ਵਿੱਚ ਅਰਬਪਤੀਆਂ ਦੀ ਗਿਣਤੀ ਵਿੱਚ ਵੀ ਕਮੀ ਆਈ ਹੈ ਜੋ ਕਿ 2671 ਤੋਂ ਘਟ ਕੇ 2523 ਤੱਕ ਹੋ ਗਈ ਹੈ।ਅਡਾਨੀ ਸਮੂਹ ਨੇ ਟੇਸਲਾ ਦੇ ਐਲਨ ਮਸਕ, ਐਮਜ਼ੋਨ ਦੇ ਜੇਫ ਬੇਜੋਜ, ਬਿਲ ਗੇਟਜ਼, ਅਤੇ ਵਾਰਨ ਬਫੈਟ ਤੋਂ ਜਿਆਦਾ ਪੈਸਾ ਬਣਾਇਆ।2022 ਦੇ ਵਿੱਤੀ ਵਰ੍ਹੇ ਵਿੱਚ ਅਡਾਨੀ ਦੀ ਆਮਦਨ ਵਿੱਚ 27 ਪ੍ਰਤੀਸ਼ਤ ਦਾ ਵਾਧਾ ਹੋਇਆ।

ਅਡਾਨੀ ਦੀ ਪੂੰਜੀ ਵਿੱਚ ਇਸ ਤਰ੍ਹਾਂ ਦੇ ਵਾਧੇ ਨੇ ਭਾਰਤ ਦੇ ਆਰਥਿਕ ਪ੍ਰਬੰਧ ਉੱਪਰ ਇਸ ਦੇ ਅਸਰ ਸਬੰਧੀ ਚਿੰਤਾਵਾਂ ਨੂੰ ਵੀ ਵਧਾਇਆ ਹੈ। ਸੀਐਲਐਸਏ ਦਾ ਅਨੁਮਾਨ ਹੈ ਕਿ ਵਿੱਤੀ ਵਰ੍ਹੇ 2022 ਵਿੱਚ ਅਡਾਨੀ ਸਮੂਹ ਦੇ ਕਰਜੇ ਦਾ 40 ਪ੍ਰਤੀਸ਼ਤ ਭਾਰਤੀ ਬੈਂਕਾਂ ਉੱਪਰ ਅਸਰ ਸੀ। ਸ਼ੇਅਰਾਂ ਦੇ ਲਗਾਤਾਰ ਡਿੱਗਣ ਕਰਕੇ ਅਡਾਨੀ ਸਮੂਹ 2.5 ਬਿਲੀਅਨ ਡਾਲਰ ਦੀ ਪੂੰਜੀ ਆਫਰ ਨੂੰ ਵਾਪਸ ਲੈਣ ਲਈ ਮਜਬੂਰ ਹੋ ਗਿਆ ਜਿਸ ਨੇ ਬਾਜ਼ਾਰ ਵਿੱਚ ਇਸ ਦੇ ਨੁਕਸਾਨ ਨੂੰ ਹੋਰ ਜਿਆਦਾ ਡੂੰਘਾ ਕਰ ਦਿੱਤਾ। ਇਸ ਨੇ ਗੌਤਮ ਅਡਾਨੀ ਨੂੰ ਗਹਿਰਾ ਧੱਕਾ ਪਹੁੰਚਾਇਆ ਜੋ ਕਿ ਪਿਛਲ਼ੇ ਹੀ ਸਾਲਾਂ ਵਿੱਚ ਜਿਆਦਾ ਚਰਚਾ ਵਿੱਚ ਆਇਆ ਹੈ। ਉਸਨੇ ਆਪਣਾ ਵਪਾਰ ਵਧਾਉਣ ਵਿਦੇਸ਼ੀ ਕੰਪਨੀਆਂ ਅਤੇ ਨਿਵੇਸ਼ਕਾਂ ਨਾਲ ਸਾਂਝੇਦਾਰੀ ਕੀਤੀ ਜਿਨ੍ਹਾਂ ਦਾ ਘੇਰਾ ਖਾਣਾਂ ਦੀ ਖੁਦਾਈ ਤੋਂ ਲੈ ਕੇ ਸੀਮਿੰਟ ਅਤੇ ਭਾਰਤੀ ਹਵਾਈ ਸੈਨਾ ਲਈ ਹਵਾਈ ਜੈਟ ਬਣਾਉਣ ਤੱਕ ਫੈਲਿਆ ਹੋਇਆ ਹੈ। ਭਾਰਤੀ ਰਿਜ਼ਰਵ ਬੈਂਕ ਨੇ ਭਾਰਤੀ ਰਾਸ਼ਟਰੀ ਬੈਂਕਾਂ ਨੂੰ ਅਡਾਨੀ ਸਮੂਹ ਨਾਲ ਆਪਣੀਆਂ ਲੈਣਦਾਰੀਆਂ ਦਾ ਹਿਸਾਬ ਦੇਣ ਲਈ ਕਿਹਾ ਹੈ। ਸਿਟੀ ਗਰੁੱਪ ਨੇ ਇਸ ਤੋਂ ਬਾਅਦ ਆਪਣੇ ਗਾਹਕਾਂ ਨੂੰ ਅਡਾਨੀ ਸਮੂਹ ਦੇ ਵਿਰੁੱਧ ਸੁਰੱਖਿਆ ਪ੍ਰਦਾਨ ਕਰਨ ਲਈ ਕਰਜ਼ ਦੇਣ ਤੋਂ ਨਾਂਹ ਕਰ ਦਿੱਤੀ ਹੈ। ਇਸ ਦੇ ਨਾਲ ਹੀ ਹੋਰ ਆਰਥਿਕ ਸੰਸਥਾਵਾਂ ਜਿਵੇਂ ਸੁਈਸ ਨੇ ਵੀ ਅਡਾਨੀ ਸਮੂਹ ਨਾਲ ਸ਼ੇਅਰਾਂ ਦੇ ਲੈਣ-ਦੇਣ ਉੱਪਰ ਹਾਲ-ਫਿਲਹਾਲ ਰੋਕ ਲਗਾ ਦਿੱਤੀ ਹੈ।

ਹਿੰਡਨਬਰਗ ਨੇ ਆਪਣੀ ਰਿਪੋਰਟ ਵਿੱਚ ਅਡਾਨੀ ਸਮੂਹ ਉੱਪਰ ਆਰਥਿਕ ਹੇਰਾਫੇਰੀ ਅਤੇ ਸਭ ਤੋਂ ਵੱਡੇ ਘੋਟਾਲੇ ਦਾ ਦੋਸ਼ ਲਗਾਇਆ ਸੀ ਜਦੋਂ ਕਿ ਅਡਾਨੀ ਸਮੂਹ ਨੇ ਆਪਣੇ ਜੁਆਬ ਵਿੱਚ ਕਿਹਾ ਕਿ ਉਸ ਕੋਲ ਆਪਣੇ ਸਾਰੇ ਨਿਵੇਸ਼ਕਾਂ ਦੀ ਸੂਚੀ ਹੈ। ਪਰ ਪਿਛਲੇ ਦਿਨਾਂ ਵਿੱਚ ਨਿਵੇਸ਼ਕਾਂ ਦੇ ਵਿਸ਼ਵਾਸ ਵਿੱਚ ਕਮੀ ਆਈ ਹੈ। ਹਿੰਡਨਬਰਗ ਦੀ ਆਲੋਚਨਾ ਤਿੱਖੀ ਹੋਈ ਤਾਂ ਅਡਾਨੀ ਨੂੰ ਏਸ਼ੀਆ ਦਾ ਸਭ ਤੋਂ ਅਮੀਰ ਆਦਮੀ ਹੋਣ ਦਾ ਰੁਤਬਾ ਵੀ ਗੁਆਉਣਾ ਪਿਆ। ਇਸ ਵਿੱਚ ਦਸ ਪ੍ਰਤੀਸ਼ਤ ਦੀ ਸਿੱਧੀ ਗਿਰਾਵਟ ਦਰਜ ਕੀਤੀ ਗਈ। ਇਸ ਤੋਂ ਇਲਾਵਾ ਅਡਾਨੀ ਸਮੂਹ ਦੀਆਂ ਹੋਰ ਕੰਪਨੀਆਂ ਜਿਵੇਂ ਅਡਾਨੀ ਪੋਰਟਸ ਅਤੇ ਖਾਸ ਆਰਥਿਕ ਜ਼ੋਨ, ਅਡਾਨੀ ਟੋਟਲ ਗੈਸ, ਅਡਾਨੀ ਗਰੀਨ ਐਨਰਜੀ ਅਤੇ ਅਡਾਨੀ ਟਰਾਂਸਮਿਸ਼ਨ ਵਿੱਚ ਵੀ ਲਗਾਤਾਰ ਦਸ ਪ੍ਰਤੀਸ਼ਤ ਦਾ ਘਾਟਾ ਦਰਜ ਕੀਤਾ ਗਿਆ ਜਦੋਂ ਕਿ ਅਡਾਨੀ ਪਾਵਰ ਅਤੇ ਅਡਾਨੀ ਵਿਲਮਰ ਵਿੱਚ ਪੰਜ ਪ੍ਰਤੀਸ਼ਤ ਦਾ ਘਾਟਾ ਹੋਇਆ। ਆਉਣ ਵਾਲੇ ਦਿਨਾਂ ਵਿੱਚ ਇਸ ਵਿੱਚ ਹੋਰ ਘਾਟਾ ਦੇਖਣ ਨੂੰ ਮਿਲ ਸਕਦਾ ਹੈ। ਇਸ ਲਈ ਜਰੂਰੀ ਹੈ ਕਿ ਅਡਾਨੀ ਆਪਣੇ ਸੰਸਥਾਗਤ ਨਿਵੇਸ਼ਕਾਂ ਦਾ ਭਰੋਸਾ ਬਹਾਲ ਕਰੇ।

ਹਿੰਡਨਬਰਗ ਦੀ ਰਿਪੋਰਟ ਨੇ ਕਰਾਂ ਵਿੱਚ ਘੋਟਾਲੇ ਅਤੇ ਪੂੰਜੀ ਵਿੱਚ ਹੇਰਾਫੇਰੀ ਦਾ ਦੋਸ਼ ਲਗਾਇਆ ਸੀ ਅਤੇ ਕਰਜ਼ੇ ਅਤੇ ਲੈਣਦਾਰੀਆਂ ਬਾਰੇ ਚਿੰਤਾ ਜਤਾਈ। ਅਡਾਨੀ ਸਮੂਹ ਨੇ ਆਪਣੇ ਜੁਆਬ ਵਿੱਚ ਕਿਹਾ ਕਿ ਉਨ੍ਹਾਂ ਨੂੰ ਆਪਣੇ ਨਿਵੇਸ਼ਕਾਂ ਦਾ ਪੂਰਾ ਸਮਰਥਨ ਹੈ, ਪਰ ਇਸ ਨੂੰ ਡਾਵਾਂਡੋਲ ਹੁੰਦੇ ਦੇਖਿਆ ਜਾ ਸਕਦਾ ਹੈ। ਭਾਰਤੀ ਦੀ ਸਰਕਾਰ ਨੇ ਅਜੇ ਤੱਕ ਇਸ ਉੱਪਰ ਚੁੱਪੀ ਧਾਰਨ ਕੀਤੀ ਹੋਈ ਹੈ। ਅਡਾਨੀ ਸਮੂਹ ਨੇ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਕਿ ਹਿੰਡਨਬਰਗ ਦੀ ਰਿਪੋਰਟ ਭਾਰਤ ਉੱਪਰ ਸੋਚਿਆ ਸਮਝਿਆ ਫੈਸਲਾ ਹੈ ਅਤੇ ਇਹ ਭਾਰਤ ਦੀ ਪ੍ਰਭੂਸੱਤਾ ਉੱਪਰ ਵੀ ਹਮਲਾ ਹੈ। ਭਾਰਤ ਨੇ ਪਿਛਲ਼ੇ ਵਰ੍ਹੇ ਵਾਲ ਸਟਰੀਟ ਵਿੱਚ ਅਮਰੀਕਾ ਦੇ ਇੱਕ ਨਿਵੇਸ਼ਕ ਦੀ ਭਾਰਤ ਦੀ ਸਪੇਸ ਏਜੰਸੀ ਨਾਲ ਝਗੜੇ ਨੂੰ ਵੀ ਇਸੇ ਤਰ੍ਹਾਂ ਦੀ ਤਸ਼ਬੀਹ ਦਿੱਤੀ ਸੀ। ਅਡਾਨੀ ਸਮੂਹ ਨੇ ਆਪਣੀ 400 ਪੇਜ ਲੰਬੇ ਜੁਆਬ ਵਿੱਚ ਇਨ੍ਹਾਂ ਦੋਸ਼ਾਂ ਨੂੰ ਖਾਰਜ ਕੀਤਾ ਹੈ।ਪਰ ਹਿੰਡਨਬਰਗ ਨੇ ਵੀ ਕਿਹਾ ਕਿ ਉਨ੍ਹਾਂ ਦੁਆਰਾ ਉਠਾਏ ਗਏ 88 ਸੁਆਲਾਂ ਵਿੱਚੋਂ 62 ਦਾ ਜੁਆਬ ਅਡਾਨੀ ਸਮੂਹ ਨਹੀਂ ਦੇ ਪਾਇਆ ਹੈ। ਅਡਾਨੀ ਸਮੂਹ ਨੇ ਹਿੰਡਨਬਰਗ ਉੱਪਰ ਇਹ ਵੀ ਦੋਸ਼ ਲਗਾਇਆ ਕਿ ਉਹ ਇਸ ਰਾਹੀਂ ਆਰਥਿਕ ਫਾਇਦਾ ਉਠਾਉਣਾ ਚਾਹੁੰਦਾ ਹੈ। ਹਿਡਨਬਰਗ ਨੇ ਇਸ ਦੇ ਜਵਾਬ ਵਿੱਚ ਕਿਹਾ ਕਿ ਉਨ੍ਹਾਂ ਦਾ ਸਮੂਹ ਇਹ ਮੰਨਦਾ ਹੈ ਕਿ ਭਾਰਤ ਇੱਕ ਲੋਕਤੰਤਰ ਹੈ ਜੋ ਕਿ ਆਉਣ ਵਾਲੇ ਸਮੇਂ ਵਿੱਚ ਵਿਸ਼ਵ ਵਿੱਚ ਵੱਡੀ ਸ਼ਕਤੀ ਦੇ ਰੂਪ ਵਿੱਚ ਉੱਭਰ ਸਕਦਾ ਹੈ ਅਤੇ ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਦਾ ਭਵਿੱਖ ਅਡਾਨੀ ਸਮੂਹ ਦੁਆਰਾ ਪਿੱਛੇ ਧੱਕਿਆ ਜਾ ਰਿਹਾ ਹੈ ਜਿਸਨੇ ਆਪਣੇ ਆਪ ਨੂੰ ਭਾਰਤੀ ਝੰਡੇ ਵਿੱਚ ਲਪੇਟ ਲਿਆ ਹੈ, ਪਰ ਇਹ ਵਿਵਸਥਿਤ ਢੰਗ ਨਾਲ ਦੇਸ਼ ਦੀ ਲੁੱਟ ਕਰ ਰਿਹਾ ਹੈ।

ਭਾਰਤ ਵਿੱਚ ਹੋਰ ਮੁੱਦਿਆਂ ਤੋਂ ਇਲਾਵਾ ਆਰਥਿਕ ਮੁੱਦੇ ਜਿਵੇਂ ਮਹਿੰਗਾਈ ਅਤੇ ਘੋਰ ਪੂੰਜੀਵਾਦ, ਮਾਨਸਿਕ ਸਿਹਤ, ਬਹੁਗਿਣਤੀਵਾਦ ਦੀ ਰਾਜਨੀਤੀ, ਪ੍ਰੈਸ ਦੀ ਅਜ਼ਾਦੀ ਆਦਿ ਵੀ ਆਰਥਿਕਤਾ ਦੇ ਵਿਕਾਸ ਵਿੱਚ ਰੋੜਾ ਬਣ ਰਹੇ ਹਨ। ਹਿੰਡਨਬਰਗ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਅਡਾਨੀ ਵੱਡੇ ਪੱਧਰ ਉੱਪਰ ਪੂੰਜੀ ਦੇ ਹੇਰ-ਫੇਰ ਵਿੱਚ ਲਿਬੜਿਆ ਹੈ। ਅਗਰ ਅਡਾਨੀ ਸਮੂਹ ਦਾ ਗੁਬਾਰਾ ਫਟਦਾ ਹੈ ਤਾਂ ਇਸ ਦਾ ਭਾਰਤ ਦੀ ਆਰਥਿਕਤਾ ਉੱਪਰ ਗਹਿਰਾ ਪ੍ਰਭਾਵ ਪਵੇਗਾ। ਇਸੇ ਤਰਾਂ ਇੱਕ ਹੋਰ ਖੋਜ ਸੰਸਥਾ ਕ੍ਰੈਡਿਟ ਸਾਈਟਜ਼ ਨੇ ਅਗਸਤ 2022 ਵਿੱਚ ਵੀ ਅਡਾਨੀ ਸਮੂਹ ਦੀਆਂ ਕਰਜਦਾਰੀਆਂ ਨੂੰ ਲੈ ਕੇ ਚੇਤਾਵਨੀ ਦਿੱਤੀ ਸੀ।

**ਭਾਰਤ ਦਾ ਆਰਥਿਕ ਵਿਕਾਸ ਇਸ ਮਾਡਲ ਉੱਪਰ ਆਧਾਰਿਤ ਹੈ ਜਿਸ ਵਿੱਚ 'ਰਾਸ਼ਟਰਵਾਦੀ' ਉਦਯੋਗਪਤੀ ਟੀ.ਵੀ. ਉੱਪਰ ਘੋਸ਼ਣਾ ਕਰਦਾ ਹੈ, 'ਮੈਂ ਇਹ ਦੇਖ ਰਿਹਾ ਹਾਂ ਕਿ ਭਾਰਤ ਤਰੱਕੀ ਦੇ ਰਸਤੇ ਉੱਪਰ ਅੱਗੇ ਜਾ ਰਿਹਾ ਹੈ।' ਅਡਾਨੀ ਜਿਹੇ ਉਦਯੋਗਪਤੀਆਂ ਨੇ ਦੇਸ਼ ਦੇ ਵਸੀਲਿਆਂ ਅਤੇ ਬਜ਼ਾਰ ਉੱਪਰ ਅਜਿਹਾ ਅਧਿਕਾਰ ਸਥਾਪਤ ਕਰ ਲਿਆ ਹੈ ਕਿ ਆਕਫੈਮ ਦੀ ਰਿਪੋਰਟ ਅਨੁਸਾਰ 2021 ਵਿੱਚ ਦੇਸ਼ ਦੇ 1 ਪ੍ਰਤੀਸ਼ਤ ਅਮੀਰਾਂ ਦੀ ਸੰਪੰਤੀ ਦੇਸ਼ ਦੇ ਕੁੱਲ 40% ਧਨ ਤੋਂ ਜ਼ਿਆਦਾ ਸੀ।**

ਜਨਵਰੀ ਵਿੱਚ ਗੌਤਮ ਅਡਾਨੀ ਨੇ ਇੱਕ ਹਿੰਦੀ ਚੈਨਲ ਨੂੰ ਆਪਣੀ ਇੰਟਰਵਿਊ ਵਿੱਚ ਦੱਸਿਆ ਕਿ ਉਹ ਏਸ਼ੀਆ ਦਾ ਸਭ ਤੋਂ ਅਮੀਰ ਆਦਮੀ ਕਿਸ ਤਰਾਂ ਬਣਿਆ ਸੀ। ਜਦੋਂ ਉਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਸ ਦੇ ਸੁਖਾਵੇਂ ਸਬੰਧਾਂ ਉੱਪਰ ਸੁਆਲ ਕੀਤਾ ਗਿਆ ਤਾਂ ਅਡਾਨੀ ਨੇ ਕਿਹਾ, 'ਮੈਂ ਨੰਬਰਾਂ ਦਾ ਪਿੱਛਾ ਨਹੀਂ ਕਰਦਾ। ਮੇਰੇ ਲਈ ਜਿਆਦਾ ਵੱਡਾ ਸੁਆਲ ਇਹ ਹੈ ਕਿ ਮੈਂ ਦੇਸ਼ ਲਈ ਕੀ ਕਰ ਸਕਦਾ ਹਾਂ?' ਭੀੜ ਨੇ ਉਸ ਦੇ ਜਵਾਬ ਉੱਪਰ ਤਾੜੀਆਂ ਵਜਾਈਆਂ ਅਤੇ ਉਸ ਨੇ ਅੱਗੇ ਕਿਹਾ, 'ਇਹ ਗੁਬਾਰਾ ਉਦੋਂ ਤੱਕ ਉਡਦਾ ਰਹੇਗਾ ਜਦੋਂ ਤੱਕ ਭਾਰਤ ਤਰੱਕੀ ਦੇ ਰਾਹ 'ਤੇ ਅੱਗੇ ਚੱਲਦਾ ਜਾਵੇਗਾ।' ਅਡਾਨੀ ਦੀਆਂ ਟਿੱਪਣੀਆਂ 'ਇੰਡੀਆ ਇੰਕ' ਦੀ ਹਾਮੀ ਭਰਦੀਆਂ ਸਨ ਜਿਸ ਦਾ ਅਰਥ ਹੈ ਦੇਸ਼ ਦਾ ਵਧਦਾ ਕਾਰਪੋਰੇਟ ਅਤੇ ਆਈ ਟੀ ਖੇਤਰ ਜੋ ਕਿ ਗਲੋਬਲ ਪੱਧਰ ਉੱਪਰ ਦੇਸ਼ ਦੇ ਵਿਕਾਸ ਲਈ ਵੱਡੇ ਮਾਧਿਅਮ ਹਨ। ਪਰ ਹਿੰਡਨਬਰਗ ਦੀ ਰਿਪੋਰਟ ਇਸ ਗੁਬਾਰੇ ਵਿੱਚ ਸੁਰਾਖ ਕਰਨ ਵਾਂਗ ਹੈ। ਇਸ ਦਾ ਅਸਰ ਗਲੋਬਲ ਸਟਾਕ ਬਜ਼ਾਰ ਵਿੱਚ ਦੇਖਿਆ ਜਾ ਸਕਦਾ ਹੈ। ਇੱਕ ਵੀਡਿਓ ਵਿੱਚ ਅਡਾਨੀ ਸਮੂਹ ਦਾ ਆਰਥਿਕ ਅਫਸਰ ਜੁਗਸ਼ਿੰਦਰ ਸਿੰਘ ਭਾਰਤੀ ਝੰਡੇ ਦੇ ਸਾਹਮਣੇ ਖੜ੍ਹਿਆ ਦੇਖਿਆ ਜਾ ਸਕਦਾ ਹੈ ਅਤੇ ਉਹ ਇਹ ਸੰਦੇਸ਼ ਦਿੰਦਾ ਪ੍ਰਤੀਤ ਹੁੰਦਾ ਹੈ ਕਿ ਅਡਾਨੀ ਸਮੂਹ ਉੱਪਰ ਕੋਈ ਵੀ ਹਮਲਾ ਭਾਰਤ ਉੱਪਰ ਹਮਲਾ ਕਰਨ ਦੇ ਤੁੱਲ ਹੈ। ਇਸ ਸਾਰੀ ਕਹਾਣੀ ਨੇ ਭਾਰਤ ਦੇ ਕਾਰਪੋਰੇਟ ਅਤੇ ਰਾਜਨੀਤਿਕ ਕੁਲੀਨਾਂ ਦੇ ਆਪਸੀ ਰਿਸ਼ਤਿਆਂ ਨੂੰ ਜੱਗ-ਜਾਹਿਰ ਕੀਤਾ ਹੈ ਜੋ ਕਿ ਇਹ ਸੁਆਲ ਵੀ ਉਠਾਉਦਾ ਹੈ ਕਿ ਘੋਰ ਪੂੰਜੀਵਾਦਾਂ ਦੇ ਦੋਸ਼ਾਂ ਵਿੱਚ ਫਸਿਆ ਭਾਰਤ ਕੀ ਵਿਸ਼ਵ ਪੱਧਰ ਉੱਪਰ ਮੋਹਰੀ ਹੋ ਸਕਦਾ ਹੈ ਜਾਂ ਨਹੀਂ? ਅਡਾਨੀ ਸਮੂਹ ਦੀਆਂ ਸਮੱਸਿਆਵਾਂ ਨੇ ਇਹ ਹੀ ਦਿਖਾਇਆ ਹੈ ਕਿ ਭਾਰਤ ਅਤਿ-ਅਮੀਰ ਵਪਾਰੀਆਂ ਉੱਪਰ ਨਕੇਲ ਨਹੀਂ ਕਸ ਸਕਿਆ ਹੈ ਜਿਨ੍ਹਾਂ ਨੇ ਇਸ ਦਾ ਪੂਰਾ ਰਾਜਨੀਤਿਕ ਫਾਇਦਾ ਵੀ ਉਠਾਇਆ ਹੈ। ਭਾਰਤ ਦਾ ਆਰਥਿਕ ਵਿਕਾਸ ਇਸ ਮਾਡਲ ਉੱਪਰ ਆਧਾਰਿਤ ਹੈ ਜਿਸ ਵਿੱਚ 'ਰਾਸ਼ਟਰਵਾਦੀ' ਉਦਯੋਗਪਤੀ ਟੀਵੀ ਉੱਪਰ ਘੋਸ਼ਣਾ ਕਰਦਾ ਹੈ, 'ਮੈਂ ਇਹ ਦੇਖ ਰਿਹਾ ਹਾਂ ਕਿ ਭਾਰਤ ਤਰੱਕੀ ਦੇ ਰਸਤੇ ਉਪਰ ਅੱਗੇ ਜਾ ਰਿਹਾ ਹੈ।' ਅਡਾਨੀ ਜਿਹੇ ਉਦਯੋਗਪਤੀਆਂ ਨੇ ਦੇਸ਼ ਦੇ ਵਸੀਲਿਆਂ ਅਤੇ ਬਜ਼ਾਰ ਉੱਪਰ ਅਜਿਹਾ ਅਧਿਕਾਰ ਸਥਾਪਤ ਕਰ ਲਿਆ ਹੈ ਕਿ ਆਕਫੈਮ ਦੀ ਰਿਪੋਰਟ ਅਨੁਸਾਰ 2021 ਵਿੱਚ ਦੇਸ਼ ਦੇ 1 ਪ੍ਰਤੀਸ਼ਤ ਅਮੀਰਾਂ ਦੀ ਸੰਪੰਤੀ ਦੇਸ਼ ਦੇ ਕੁੱਲ 40% ਧਨ ਤੋਂ ਜ਼ਿਆਦਾ ਸੀ।

# ਰਾਜਪਾਲ ਬਨਾਮ ਮੁੱਖ ਮੰਤਰੀ ਪੰਜਾਬ ਵਿਚਾਲੇ ਛਿੜਿਆ ਵਿਵਾਦ ਪੰਜਾਬ ਨੂੰ ਧੱਕ ਸਕਦਾ ਏ ਰਾਸ਼ਟਰਪਤੀ ਰਾਜ ਵੱਲ

**ਰਜਿੰਦਰ ਸਿੰਘ ਪੁਰੇਵਾਲ**

ਪੰਜਾਬ ਦੇ ਰਾਜਪਾਲ ਵਲੋਂ ਮੁੱਖ ਮੰਤਰੀ ਤੋਂ ਪੱਤਰ ਲਿਖ ਕੇ ਕੁਝ ਮੁੱਦਿਆਂ ’ਤੇ ਮੰਗੀ ਗਈ ਜਾਣਕਾਰੀ ਨੂੰ ਲੈ ਕੇ ਮੁੱਖ ਮੰਤਰੀ ਵਲੋਂ ਅਪਣਾਏ ਗਏ ਸਖ਼ਤ ਰੁਖ਼ ਕਾਰਨ ਸੂਬੇ ਦੇ ਦੋ ਵੱਡੇ ਅਹੁਦੇਦਾਰਾਂ ਦਰਮਿਆਨ ਜੋ ਟਕਰਾਅ ਦੀ ਸਥਿਤੀ ਪੈਦਾ ਹੋਈ ਹੈ, ਉਸ ਨੇ ਸੂਬੇ ਵਿੱਚ ਅਨਿਸ਼ਚਿਤਤਾ ਵਾਲਾ ਮਾਹੌਲ ਕਾਇਮ ਕਰ ਦਿੱਤਾ ਹੈ। ਸਿਆਸੀ ਮਾਹਿਰਾਂ ਅਨੁਸਾਰ ਇਹ ਟਕਰਾਅ ਪੰਜਾਬ ਨੂੰ ਰਾਸ਼ਟਰਪਤੀ ਰਾਜ ਵੱਲ ਲਿਜਾ ਸਕਦਾ ਹੈ। ਇਸ ਸਬੰਧ ਵਿੱਚ ਆਪ ਸਰਕਾਰ ਨੂੰ ਵਿਰੋਧੀ ਪਾਰਟੀਆਂ ਦੇ ਸਹਿਯੋਗ ਨਾਲ ਪੰਜਾਬ ਦੀਆਂ ਨੀਤੀਆਂ ਘੜਨੀਆਂ ਚਾਹੀਦੀਆਂ ਹਨ ਤਾਂ ਜੋ ਰਾਜਪਾਲ ਦੀ ਪੰਜਾਬ ’ਚ ਬੇਲੋੜੀ ਦਖਲਅੰਦਾਜ਼ੀ ਘਟ ਸਕੇ।

ਬਨਵਾਰੀ ਲਾਲ ਪ੍ਰੋਹਿਤ ਨੇ ਕੁਝ ਦਿਨ ਪਹਿਲਾਂ ਹੀ ਪੰਜਾਬ ਦੇ ਸਰਹੱਦੀ ਖੇਤਰਾਂ ਦੇ ਦੌਰੇ ਦੌਰਾਨ ਪੰਚਾਇਤਾਂ ਨਾਲ ਬੈਠਕਾਂ ਕਰਨ ਅਤੇ ਨਸ਼ੇ ਤੇ ਅਮਨ ਕਾਨੂੰਨ ਦੀ ਹਾਲਤ ਉੱਤੇ ਵੀ ਸਵਾਲ ਚੁੱਕੇ ਸਨ।

ਆਮ ਆਦਮੀ ਪਾਰਟੀ ਪੰਜਾਬ ਦੇ ਕਈ ਆਗੂਆਂ ਅਤੇ ਮੰਤਰੀਆਂ ਅਤੇ ਇੱਥੋਂ ਤੱਕ ਕੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਵੀ ਰਾਜਪਾਲ ਵੱਲੋਂ ਲੋਕਾਂ ਦੀ ਚੁਣੀ ਹੋਈ ਸਰਕਾਰ ਦੇ ਕੰਮ ’ਚ ਦਖ਼ਲ ਦੇਣ ਦਾ ਇਲਜ਼ਾਮ ਲਾਇਆ ਗਿਆ ਸੀ। ਪਰ ਹੁਣ ਰਾਜਪਾਲ ਨੇ ਕਈ ਮੁੱਦਿਆਂ ਨੂੰ ਅਧਾਰ ਬਣਾ ਕੇ ਇਲਜ਼ਾਮ ਲਾਇਆ ਕਿ ਉਨ੍ਹਾਂ ਦੀਆਂ ਚਿੱਠੀਆਂ ਦਾ ਮੁੱਖ ਮੰਤਰੀ ਜਵਾਬ ਨਹੀਂ ਦਿੰਦੇ, ਜੇਕਰ 15 ਦਿਨਾਂ ਵਿੱਚ ਇਸ ਚਿੱਠੀ ਜਵਾਬ ਨਹੀਂ ਦਿੱਤਾ ਗਿਆ ਤਾਂ ਕਾਨੂੰਨੀ ਸਲਾਹ ਲਈ ਜਾਵੇਗੀ। ਪਰ ਮੁੱਖ ਮੰਤਰੀ ਨੇ ਰਾਜਪਾਲ ਦੀ ਚਿੱਠੀ ਮੀਡੀਆ ਵਿੱਚ ਆਉਣ ਤੋਂ ਬਾਅਦ ਟਵੀਟ ਕਰਕੇ ਇਸ ਦਾ ਜਵਾਬ ਦਿੱਤਾ ਕਿ ਉਹ ਰਾਜਪਾਲ ਨੂੰ ਨਹੀਂ ਪੰਜਾਬ ਦੇ ਲੋਕਾਂ ਨੂੰ ਜਵਾਬਦੇਹ ਹਨ। ਰਾਜਪਾਲ ਦੀ ਚਿੱਠੀ ਦੇ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਟਵਿੱਟਰ ਹੈਂਡਲ ’ਤੇ ਲਿਖਿਆ ਸੀ ਕਿ ਰਾਜਪਾਲ ਸਾਬ੍ਹ ਤੁਹਾਡੀ ਚਿੱਠੀ ਮੀਡੀਆ ਜ਼ਰੀਏ ਮਿਲੀ..ਜਿੰਨੇ ਵੀ ਚਿੱਠੀ ਵਿੱਚ ਵਿਸ਼ੇ ਲਿਖੇ ਨੇ ਓਹ ਸਾਰੇ ਸਟੇਟ ਦੇ ਵਿਸ਼ੇ ਹਨ ਮੈਂ ਅਤੇ ਮੇਰੀ ਸਰਕਾਰ ਸੰਵਿਧਾਨ ਅਨੁਸਾਰ 3 ਕਰੋੜ ਪੰਜਾਬੀਆਂ ਨੂੰ ਜਵਾਬਦੇਹ ਹੈ ਨਾ ਕਿ ਕੇਂਦਰ ਸਰਕਾਰ ਦੁਆਰਾ ਨਿਯੁਕਤ ਕਿਸੇ ਰਾਜਪਾਲ ਨੂੰ।



ਯਾਦ ਰਹੇ ਕਿ ਹੁਣੇ ਜਿਹੇ ਰਾਜਪਾਲ ਨੇ ਭਗਵੰਤ ਮਾਨ ਨੂੰ ਪੱਤਰ ਲਿਖ ਕੇ 4 ਨੁਕਾਤੀ ਏਜੰਡੇ ਉੱਤੇ ਜਵਾਬਤਲਬੀ ਕੀਤੀ ਸੀ। ਪਿਛਲੇ ਦਿਨੀਂ ਪੰਜਾਬ ਦੇ ਸਰਕਾਰੀ ਸਕੂਲਾਂ ਦੇ 39 ਪ੍ਰਿੰਸੀਪਲਾਂ ਨੂੰ ਸਿੰਘਾਪੁਰ ਤੋਂ ਸਿਖਲਾਈ ਦੁਆਉਣ ਲਈ ਕਰਵਾਏ ਦੌਰੇ ਉੱਤੇ ਸਵਾਲ ਖੜ੍ਹੇ ਕਰਦਿਆਂ ਰਾਜਪਾਲ ਨੇ ਇਸ ਵਿੱਚ ਘਪਲਾ ਹੋਣ ਦਾ ਖ਼ਦਸ਼ਾ ਪ੍ਰਗਟਾਇਆ ਸੀ। ਰਾਜਪਾਲ ਨੇ ਦੂਜੇ ਨੁਕਤੇ ਵਿੱਚ ਟੂਰ ਲਈ ਪ੍ਰਿੰਸੀਪਲਾਂ ਦੀ ਚੋਣ ਪ੍ਰਕਿਰਿਆ, ਕੀਤੇ ਗਏ ਸਫ਼ਰ, ਰਹਿਣ-ਸਹਿਣ ਦੇ ਕੁੱਲ ਖ਼ਰਚੇ ਦੀ ਵਿਸਥਾਰਤ ਜਾਣਕਾਰੀ ਮੰਗੀ ਸੀ।

ਰਾਜਪਾਲ ਨੇ ਚਿੱਠੀ ਵਿੱਚ ਤੀਜਾ ਨੁਕਤਾ ਪੰਜਾਬ ਇਨਫਰਮੇਸ਼ਨ ਐਂਡ ਕਮਿਊਨੀਕੇਸ਼ਨ ਐਂਡ ਟੈਕਨਾਲੋਜੀ ਲਿਮਟਿਡ ਦੇ ਨਵ-ਨਿਯੁਕਤ ਚੇਅਰਮੈਨ ਗੁਰਿੰਦਰਜੀਤ ਸਿੰਘ ਜਵੰਦਾ ਦੀ ਨਿਯੁਕਤੀ ਦਾ ਮਾਮਲਾ ਚੁੱਕਿਆ ਸੀ। ਰਾਜਪਾਲ ਨੇ ਆਪਣੇ ਪੱਤਰ ਵਿੱਚ ਜਵੰਦਾ ਬਾਰੇ ਅਗਵਾ ਕਰਨ ਅਤੇ ਜਾਇਦਾਦ ਉਪਰ ਕਬਜ਼ਾ ਕਰਨ ਤੇ ਮਾਮਲਿਆਂ ਵਿਚ ਸ਼ਮੂਲੀਅਤ ਦੀ ਗੱਲ ਕਹੀ ਸੀ।

ਚੌਥੇ ਨੁਕਤੇ ਵਿੱਚ ਰਾਜਪਾਲ ਨੇ ਭਾਰਤੀ ਸੰਵਿਧਾਨ ਦੇ ਆਰਟੀਕਲ 167 ਦਾ ਹਵਾਲਾ ਦਿੰਦਿਆਂ ਕਿਹਾ ਸੀ ਇਸ ਤਹਿਤ ਉਹ ਜੋ ਵੀ ਜਾਣਕਾਰੀ ਮੰਗਣ ਪੰਜਾਬ ਸਰਕਾਰ ਉਸ ਨੂੰ ਦੇਣ ਲਈ ਪਾਬੰਦ ਹੈ। ਰਾਜਪਾਲ ਨੇ ਇਹ ਵੀ ਲਿਖਿਆ ਸੀ ਕਿ ਮੁੱਖ ਮੰਤਰੀ ਉਨ੍ਹਾਂ ਵੱਲੋਂ ਮੰਗੀ ਜਾਂਦੀ ਜਾਣਕਾਰੀ ਅਤੇ ਲਿਖੇ ਪੱਤਰਾਂ ਦਾ ਜਵਾਬ ਨਹੀਂ ਦਿੰਦੇ। ਨਾ ਹੀ ਉਨ੍ਹਾਂ ਖ਼ਿਲਾਫ਼ ਕਾਰਵਾਈ ਹੋਈ। ਜਿਵੇਂ : 21 ਜੁਲਾਈ, 2022 - ਕਰੀਬ ਦੋ ਲੱਖ ਅਨੁਸੂਚਿਤ ਜਨਜਾਤੀ ਦੇ ਵਿਦਿਆਰਥੀ ਇਸ ਲਈ ਪੜ੍ਹਾਈ ਛੱਡਣ ਲਈ ਮਜਬੂਰ ਹੋ ਰਹੇ ਹਨ ਕਿਉਂਕਿ ਸਰਕਾਰ ਵੱਲੋਂ ਵਜੀਫ਼ਾ ਜਾਰੀ ਨਹੀਂ ਕੀਤਾ ਗਿਆ।

23 ਨਵੰਬਰ, 2022- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਗ਼ੈਰ-ਕਾਨੂੰਨੀ ਨਿਯੁਕਤੀ

14 ਦਸੰਬਰ 2022 ਦੀ ਵਿਸਤ੍ਰਿਤ ਚਿੱਠੀ ਨੂੰ ਬਾਵਜੂਦ ਤੁਸੀਂ ਆਈਪੀਐੱਸ ਕੁਲਦੀਪ ਸਿੰਘ ਚਾਹਲ ਦੇ ਸਾਰੇ ਮਾੜੇ ਕੰਮਾਂ ਨੂੰ ਨਜ਼ਰਅੰਦਾਜ਼ ਕਰਨ ਦਾ ਬਦਲ ਚੁਣਿਆ। ਤੁਸੀਂ ਉਸ ਨੂੰ ਨਾ ਸਿਰਫ਼ ਤਰੱਕੀ ਦਿੱਤੀ ਹੈ, ਸਗੋਂ ਉਸ ਨੂੰ ਜਲੰਧਰ ਦਾ ਕਮਿਸ਼ਨਰ ਵੀ ਲਾਇਆ ਹੈ। ਉਹ ਵੀ 26 ਜਨਵਰੀ ਤੋਂ ਠੀਕ ਪਹਿਲਾਂ ਆਦੇਸ਼ ਕੀਤੇ ਇਹ ਜਾਣਦੇ ਹੋਏ ਕਿ ਰਾਜਪਾਲ ਜਲੰਧਰ ਵਿਖੇ ਕੌਮੀ ਝੰਡਾ ਲਹਿਰਾਉਣ ਵਾਲੇ ਹਨ।

4 ਜਨਵਰੀ 2023- ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਚੁੱਕੇ ਗਏ ਮੁੱਦੇ ਕਿ ਉੱਚ ਅਧਿਕਾਰੀਆਂ ਦੀ ਮੀਟਿੰਗ ਦੌਰਾਨ ਨਵਲ ਅਗਰਵਾਲ ਦੀ ਗ਼ੈਰ-ਮੌਜੂਦਗੀ ਬਾਰੇ ਚਿੱਠੀ ਲਿਖੀ ਸੀ, ਜਿਸ ਵਿੱਚ ਸੁਰੱਖਿਆ ਦੇ ਗੁਪਤ ਅਤੇ ਸੰਵੇਦਨਸ਼ੀਲ ਮਾਮਲਿਆਂ ’ਤੇ ਚਰਚਾ ਹੋਈ। ਮੈਨੂੰ ਕੋਈ ਜਵਾਬ ਨਹੀਂ ਮਿਲਿਆ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਦਰਸਾਏ ਗਏ ਮੁੱਦੇ ਜਿਸ ਵਿੱਚ ਮੈਂ ਇਸ਼ਤਿਹਾਰਾਂ ਦੇ ਵੇਰਵੇ ਮੰਗਣ ਲਈ ਚਿੱਠੀਆਂ ਲਿਖੀਆਂ ਸਨ, ਉਹ ਵੀ ਸ਼ਾਇਦ ਠੰਢੇ ਬਸਤੇ ਵਿੱਚ ਪੈ ਗਈਆਂ ਹਨ। ਰਾਜਪਾਲ ਨੇ ਕਿਹਾ ਸੀ ਕਿ ਮੇਰੇ ਵੱਲੋਂ ਮੰਗੀ ਗਈ ਸਾਰੀ ਜਾਣਕਾਰੀ ਘੱਟੋ-ਘੱਟ ਹੁਣ ਇੱਕ ਪੰਦਰਾਂ ਦਿਨ ਵਿੱਚ ਦਿੱਤੀ ਜਾਵੇ।

ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਰਾਜ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ’ਤੇ ਨਿਸ਼ਾਨਾ ਲਾਉਂਦਿਆਂ ਕਿਹਾ ਸੀ ਕਿ ਲੋਕਤੰਤਰ ਵਿਚ ਚੁਣੇ ਨੁਮਾਇੰਦੇ ਹੀ ਵੱਡੇ ਹੁੰਦੇ ਨੇ ਨਾ ਕਿ ਕਿਸੇ ਵੱਲੋਂ ‘ਥੋਪਿਆ’ ਹੋਇਆ ਵਿਅਕਤੀ। ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਹੀ ਲੋਕ ਹਿਤ ਦੀ ਗੱਲ ਕਰਦੇ ਨੇ, ਜਿਸ ਕਾਨੂੰਨ ਨਾਲ ਸਾਡੇ ਤੋਂ ਕੋਈ ਜੁਆਬ ਮੰਗਦਾ ਹੈ ਉਸੇ ਕਾਨੂੰਨ ਨਾਲ ਅਸੀਂ ਜੁਆਬ ਵੀ ਦੇਵਾਂਗੇ। ਸਾਡੇ ਲਈ ਪੰਜਾਬ ਤੇ ਪੰਜਾਬੀ ਅਹਿਮੀਅਤ ’ਤੇ ਸਨ ਤੇ ਹਮੇਸ਼ਾ ਰਹਿਣਗੇ।’

ਰਾਜਪਾਲ ਦੀ ਚਿੱਠੀ ਉੱਤੇ ਪ੍ਰਤੀਕਿਰਿਆ ਦਿੰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਸੀ ਕਿ ਕਿਸ ਪ੍ਰਿੰਸੀਪਲ ਨੂੰ ਭੇਜਣਾ ਹੈ, ਕਿਸ ਨੂੰ ਨਹੀਂ, ਇਹ ਮੁੱਖ ਮੰਤਰੀ ਦਾ ਦਾਇਰਾ ਹੁੰਦਾ ਹੈ, ਪਤਾ ਨਹੀਂ ਰਾਜਪਾਲ ਇਸ ’ਤੇ ਸਵਾਲ ਕਿਉਂ ਕਰ ਰਹੇ ਹਨ ?

ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਸੀ ਕਿ ਇਕ ਜ਼ਿੰਮੇਵਾਰ ਵਿਰੋਧੀ ਧਿਰ ਵਜੋਂ ਅਸੀਂ ਮੁੱਖ ਮੰਤਰੀ ਨੂੰ ਅਪੀਲ ਕਰਦੇ ਹਾਂ ਕਿ ਉਹ ਰਾਜਪਾਲ ਵਲੋਂ ਉਠਾਏ ਮੁੱਦਿਆਂ ਸਬੰਧੀ ਉਨ੍ਹਾਂ ਨੂੰ ਸਪੱਸ਼ਟ ਜਾਣਕਾਰੀ ਦੇਣ।

ਯਾਦ ਰਹੇ ਕਿ ਰਾਜਪਾਲ ਨੇ ਸਾਲ 2021 ਵਿਚ ਸਤੰਬਰ ਦੇ ਮਹੀਨੇ ਆਪਣੇ ਅਹੁਦੇ ਦਾ ਹਲਫ਼ ਲਿਆ ਸੀ। ਉਸ ਸਮੇਂ ਸੂਬੇ ’ਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਸਰਕਾਰ ਚਲਾ ਰਹੀ ਸੀ। ਉਸ ਸਮੇਂ ਕੋਈ ਮਤਭੇਦ ਨਹੀਂ ਸਨ ਪਰ ਅਚਾਨਕ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਣਿਆਂ ਮਹਿਜ 10 ਕੁ ਮਹੀਨੇ ਹੋਏ ਹਨ ਕਿ ਰਾਜਪਾਲ ਨਾਲ ਵਿਵਾਦ ਛਿੜ ਗਏ ਹਨ।ਕਾਨੂੰਨੀ ਮਾਹਿਰਾਂ ਦਾ ਮੰਨਣਾ ਸੀ ਕਿ ਸੰਵਿਧਾਨਕ ਤੌਰ ’ਤੇ ਰਾਜਪਾਲ (ਬਾਕੀ ਸਫ਼ਾ 31 ’ਤੇ)

# ਦਿਲ-ਦਿਮਾਗ਼ ਤੋਂ ਸੱਖਣੀਆਂ ਮਸ਼ੀਨਾਂ ਤੇ ਬੁੱਧੀ ਜੁਗਾੜਾਂ ਦੀ ਅੰਨ੍ਹੇਵਾਹ ਸਰਦਾਰੀ ਉਚਿਤ ਨਹੀਂ

**ਡਾ. ਕੁਲਦੀਪ ਸਿੰਘ**

ਮਸਨੂਈ ਬੁੱਧੀ ਮਨੁੱਖ ਦੁਆਰਾ ਮਨੁੱਖੀ ਦਿਮਾਗ਼ ਦੇ ਅਨੁਰੂਪ ਸੋਚ ਕੇ ਵਿਚਾਰ ਕਰਨ ਵਾਲੀਆਂ ਜੁਗਤਾਂ/ਮਸ਼ੀਨਾਂ ਬਣਾਉਣ ਦਾ ਉਪਰਾਲਾ ਹੈ। ਬੇਜਾਨ ਮਸ਼ੀਨ ਆਪ ਤਾਂ ਸੋਚ ਨਹੀਂ ਸਕਦੀ। ਇਸ ਨੂੰ ਸੋਚੇ ਸਮਝੇ ਤਰੀਕੇ ਨਾਲ ਕੰਮ ਕਰਨ ਲਈ ਡਿਜ਼ਾਈਨ ਕਰਨਾ ਕਾਫ਼ੀ ਪੁਰਾਣੀ ਗੱਲ ਹੋ ਗਈ ਹੈ। ਮਸਨੂਈ ਬੁੱਧੀ ਸੋਚੇ ਸਮਝੇ ਤਰੀਕੇ ਨਾਲ ਭਾਂਤ ਭਾਂਤ ਦੇ ਕੰਮ ਤੇ ਵਿਹਾਰ ਦੇ ਦਿਸਹੱਦੇ ਵਿਸਤਾਰਨ ਵਾਲਾ ਵਿਗਿਆਨ ਹੈ। ਇਹ ਮਸ਼ੀਨਾਂ ਮਨੁੱਖ ਦੁਆਰਾ ਸੌਂਪੇ ਕੰਮਾਂ ਨੂੰ ਅਗਾਂਹ ਵੰਡਣ, ਮਨੁੱਖ ਨੂੰ ਵੰਗਾਰਨ ਦੇ ਰਾਹ ਵੀ ਪੈ ਸਕਦੀਆਂ ਹਨ। ਵਿਗਿਆਨਕ ਗਲਪ ਦੇ ਕਿੱਸੇ ਕਹਾਣੀਆਂ ਇਸ ਖ਼ਤਰੇ ਵੱਲ ਸੰਕੇਤ ਕਰਨ ਲੱਗੇ ਹਨ। ਹਾਲ ਦੀ ਘੜੀ ਇਹ ਕਲਪਨਾ ਜਗਤ ਦੀ ਗੱਲ ਜਾਪਦੀ ਹੈ, ਪਰ ਭਾਵਨਾਵਾਂ ਤੋਂ ਸੱਖਣੀਆਂ ਮਸਨੂਈ ਬੁੱਧੀ ਵਾਲੀਆਂ ਮਸ਼ੀਨਾਂ ਕਿਸੇ ਸਮੇਂ ਆਪਣੇ ਸਿਰਜਣਹਾਰ ਨੂੰ ਵਖ਼ਤ ਵੀ ਪਾ ਸਕਦੀਆਂ ਹਨ।



ਸਰਲ ਸ਼ਬਦਾਂ ਵਿੱਚ ਮਸਨੂਈ ਬੁੱਧੀ ਜਾਂ ਮਸ਼ੀਨੀ ਬੁੱਧੀ ਪ੍ਰਕਿਰਤਕ ਰੂਪ ਵਿੱਚ ਮਨੁੱਖੀ ਬੁੱਧੀ ਵਾਂਗ ਮਸ਼ੀਨਾਂ ਦੁਆਰਾ ਬੁੱਧੀ ਦੀ ਵਰਤੋਂ ਦਾ ਸੰਕਲਪ ਹੈ। ਇਹ ਸੰਕਲਪ ਕੰਪਿਊਟਰ ਵਿਗਿਆਨ ਨਾਲ ਜੁੜ ਜਾਂਦਾ ਹੈ। ਇਹ ਸੰਕਲਪ ਮਨੁੱਖੀ ਮਨ ਦੀ ਸਮਝਣ ਬੁੱਝਣ ਤੇ ਉਸ ਦੇ ਆਧਾਰ ਉੱਤੇ ਵਿਹਾਰ ਕਰਨ ਦੀ ਸਮਰੱਥਾ ਦਾ ਅਧਿਐਨ ਕਰਕੇ ਅੱਗੇ ਤੁਰਦਾ ਹੈ। ਅਨਿਸ਼ਚਿਤ ਹਾਲਾਤ ਵਿੱਚ ਤੁਰੰਤ ਲੋੜ ਅਨੁਸਾਰ ਨਿਰਣੇ ਲੈਣ ਦੀ ਸਮਰੱਥਾ ਮਨੁੱਖੀ ਦਿਮਾਗ਼ ਦੀ ਵਿਸ਼ੇਸ਼ਤਾ ਹੈ। ਇਸੇ ਵਿਸ਼ੇਸ਼ਤਾ ਦੀ ਵੱਧ ਤੋਂ ਵੱਧ ਸੁਚੱਜੀ ਵਰਤੋਂ ਕਰਨ ਵਾਲੀਆਂ ਮਸ਼ੀਨਾਂ/ਰੋਬੋਟ ਬਣਾਉਣਾ ਮਸਨੂਈ ਬੁੱਧੀ ਦਾ ਉਦੇਸ਼ ਹੈ। ਸਾਡੇ ਆਸ-ਪਾਸ ਭਾਂਤ ਭਾਂਤ ਦੇ ਉਪਕਰਨ, ਜੁਗਤਾਂ, ਮਸ਼ੀਨਾਂ ਬੜਾ ਕੁਝ ਅਜਿਹਾ ਕਰ ਰਹੇ ਹਨ ਜੋ ਕਦੇ ਮਨੁੱਖ ਆਪ ਕਰਦਾ ਸੀ। ਅਸੀਂ ਉਸ ਦੇ ਆਦੀ ਹੋ ਗਏ ਹਾਂ। ਛੱਤ ਉੱਤੇ ਬਣੀ ਪਾਣੀ ਦੀ ਟੈਂਕੀ ਭਰ ਜਾਂਦੀ ਹੈ ਤਾਂ ਅਲਾਰਮ ਬੋਲ ਉੱਠਦਾ ਹੈ: ‘ਪਾਣੀ ਦੀ ਟੈਂਕੀ ਭਰ ਗਈ ਹੈ। ਮੋਟਰ ਬੰਦ ਕਰ ਦਿਓ।’ ਸਵੇਰ ਹੁੰਦੀ ਹੈ। ਮੋਬਾਈਲ ਬੋਲ ਪੈਂਦਾ ਹੈ: ‘ਸਵਾ ਚਾਰ ਵੱਜ ਗਏ ਹਨ। ਉੱਠਣ ਦਾ ਵੇਲਾ ਹੋ ਗਿਆ ਹੈ। ਜਾਗ ਜਾਓ।’ ਘਰ ਦੀ ਬਿਜਲੀ ਦੀ ਵੋਲਟੇਜ ਵਧ ਜਾਂਦੀ ਹੈ। ਉਸ ਦੇ ਰਾਹ ਵਿੱਚ ਲੱਗਾ ਸਵਿੱਚ ਆਪੇ ਬੰਦ ਹੋ ਜਾਂਦਾ ਹੈ। ਕੱਪੜੇ ਧੋਣ, ਸੁਕਾਉਣ ਵਾਲੀ ਮਸ਼ੀਨ ਸਾਰੇ ਕੰਮ ਕਰਕੇ ਆਪੇ ਬੰਦ ਹੋ ਜਾਂਦੀ ਹੈ। ਅਸੀਂ ਇਸ ਸਭ ਕੁਝ ਨੂੰ ਮਸਨੂਈ ਬੁੱਧੀ ਦੇ ਖੇਤਰ ਤੋਂ ਬਾਹਰ ਕੱਢ ਦਿੱਤਾ ਹੈ। ਮਸਨੂਈ ਬੁੱਧੀ ਅਜਿਹੇ ਖੇਤਰ ਦੀ ਗੱਲ ਕਰਦੀ ਹੈ ਜੋ ਅਜੇ ਤੱਕ ਨਹੀਂ ਹੋਇਆ। ਜਦੋਂ ਉਹ ਹੋ ਜਾਂਦਾ ਹੈ ਤਾਂ ਸ਼ਾਇਦ ਉਹ ਵੀ ਮਸਨੂਈ ਬੁੱਧੀ ਦੇ ਖੇਤਰ ਤੋਂ ਬਾਹਰ ਹੋ ਜਾਂਦਾ ਹੈ। ਕੰਪਿਊਟਰ ਦੁਆਰਾ ਸਾਡੇ ਲਿਖੇ ਜਵਾਬਾਂ ਦੀ ਪਛਾਣ ਕਰਕੇ ਹਜ਼ਾਰਾਂ ਵਿਦਿਆਰਥੀਆਂ ਦੀਆਂ ਉੱਤਰ-ਪੱਤਰੀਆਂ ਦਾ ਮੁਲਾਂਕਣ ਕਿਸੇ ਸਮੇਂ ਮਸਨੂਈ ਬੁੱਧੀ ਦੇ ਖੇਤਰ ਵਿੱਚ ਸੀ। ਹੁਣ ਇਹ ਵੀ ਇਸ ਤੋਂ ਬਾਹਰ ਹੋ ਚੁੱਕਾ ਹੈ। ਜਾਪਦਾ ਹੈ ਕਿ ਮਸਨੂਈ ਬੁੱਧੀ ਕਦਮ ਦਰ ਕਦਮ ਆਪਣੇ ਦਿਸਹੱਦੇ ਵਿਸਤਾਰਦੀ ਜਾ ਰਹੀ ਹੈ। ਅੱਜ ਇਸ ਵਿੱਚ ਆਉਂਦੇ ਮੁੱਖ ਸਰੋਕਾਰ ਮਨੁੱਖੀ ਭਾਸ਼ਾ ਨੂੰ ਸਮਝਣਾ, ਸ਼ਤਰੰਜ ਵਰਗੀਆਂ ਖੇਡਾਂ ਖੇਡਣਾ, ਡਰਾਈਵਰ ਜਾਂ ਪਾਇਲਟ ਵਿਹੂਣੇ ਵਾਹਨ ਚਲਾਉਣਾ, ਖ਼ਤਰਨਾਕ ਕੰਮ ਕਰਨਾ, ਦੁਸ਼ਮਣ ਦੇ ਖੇਤਰ ਵਿੱਚ ਰੈਕੀ ਕਰਨਾ ਹੀ ਰਹਿ ਗਏ ਪ੍ਰਤੀਤ ਹੁੰਦੇ ਹਨ।

ਸੁਤੰਤਰ ਅਨੁਸ਼ਾਸਨ ਵਜੋਂ ਮਸਨੂਈ ਬੁੱਧੀ ਦਾ ਆਰੰਭ 1956 ਵਿੱਚ ਹੋਇਆ। ਇਸ ਦਾ ਆਧਾਰ ਇਹ ਸੀ ਕਿ ਮਨੁੱਖੀ ਬੁੱਧੀ ਤੇ ਦਿਮਾਗ਼ ਦੀ ਕਾਰਜ ਪ੍ਰਣਾਲੀ ਨੂੰ ਜੇ ਠੀਕ-ਠਾਕ ਸਮਝ ਲਈਏ ਤਾਂ ਇਸ ਦੇ ਅਨੁਰੂਪ ਮਸ਼ੀਨਾਂ ਨੂੰ ਵੀ ਅਜਿਹਾ ਕਰਨ ਲਈ ਡਿਜ਼ਾਈਨ ਕੀਤਾ ਜਾ ਸਕਦਾ ਹੈ। ਦਲੀਲਬਾਜ਼ੀ, ਗਿਆਨ ਦੀ ਪੇਸ਼ਕਾਰੀ, ਯੋਜਨਾਬੰਦੀ, ਸਿੱਖਿਆ, ਭਾਸ਼ਾ ਦਾ ਬੋਧ/ਵਰਤੋਂ, ਚੀਜ਼ਾਂ ਨੂੰ ਹਿਲਾਉਣ-ਜੁਲਾਉਣ ਦੀ ਯੋਗਤਾ ਜਿਹੇ ਨੁਕਤੇ ਇਸ ਵਾਸਤੇ ਖੋਜਾਂ ਦਾ ਕੇਂਦਰ ਬਣੇ। ਕੰਪਿਊਟਰ ਸਾਇੰਸ, ਗਣਿਤ, ਮਨੋਵਿਗਿਆਨ, ਭਾਸ਼ਾ ਵਿਗਿਆਨ, ਫਲਸਫ਼ਾ, ਇਲੈਕਟ੍ਰਾਨਿਕਸ ਤੇ ਇੰਜਨੀਅਰਿੰਗ ਦੇ ਵਿਭਿੰਨ ਖੇਤਰਾਂ ਦਾ ਸਹਿਯੋਗ ਇਸ ਵਾਸਤੇ ਲਿਆ ਗਿਆ। ਡਿਜੀਟਲ ਕੰਪਿਊਟਰਾਂ ਨੇ ਸਿਫਰ ਤੇ ਇੱਕ ਦੋ ਹੀ ਅੰਕਾਂ ਨਾਲ ਹਰ ਕਾਰਜ ਨੂੰ ਗਣਿਤਕ ਸਮੀਕਰਣਾਂ ਰਾਹੀਂ ਕਰਨਾ ਸ਼ੁਰੂ ਕੀਤਾ ਤਾਂ ਗੱਲ ਸੌਖੀ ਹੋ ਗਈ। ਗਣਿਤਕ ਲਾਜਿਕ ਦੇ ਅਧਿਐਨ ਨੇ ਐਲੇਨ ਟੂਰਿੰਗ ਦੀ ਇਸ ਥਿਊਰੀ ਆਫ ਕੰਪਿਊਟੇਸ਼ਨ ’ਤੇ ਪਹੁੰਚਾ ਦਿੱਤਾ ਕਿ ਹਰ ਕਾਰਜ ਨੂੰ ਸਿਫਰ ਤੇ ਇੱਕ ਦੇ ਦੋ ਅੰਕਾਂ ਨਾਲ ਕੰਪਿਊਟਰ ਕਰ ਦੇਵੇਗਾ। ਉਸ ਕਾਰਜ ਨੂੰ ਗਣਿਤਕ ਸਮੀਕਰਣਾਂ ਜ਼ਰੀਏ ਅਜਿਹਾ ਰੂਪ ਦੇਣ ਦੀ ਹੀ ਲੋੜ ਹੈ। ਦਲੀਲਬਾਜ਼ੀ ਨੂੰ ਵੀ ਜੇ ਅਜਿਹੀਆਂ ਸਮੀਕਰਣਾਂ ਦਾ ਰੂਪ ਮਿਲ ਜਾਵੇ ਤਾਂ ਡਿਜੀਟਲ ਕੰਪਿਊਟਰ ਮਨੁੱਖ ਵਾਂਗ ਦਲੀਲਬਾਜ਼ੀ ਵੀ ਕਰ ਸਕੇਗਾ। ਇਹ ਕ੍ਰਾਂਤੀਕਾਰੀ ਧਾਰਨਾ ਚਰਚ ਟੂਰਿੰਗ ਥੀਸਿਜ਼ ਨੇ ਪੇਸ਼ ਕੀਤੀ ਸੀ। ਨਿਊਰੋ ਬਾਇਓਲੋਜੀ, ਇਨਫਰਮੇਸ਼ਨ ਥਿਊਰੀ ਤੇ ਸਾਈਬਰਨੈਟਿਕਸ ਨੂੰ ਉਕਤ ਧਾਰਨਾਵਾਂ ਨਾਲ ਜੋੜ ਕੇ ਇਲੈਕਟ੍ਰਾਨਿਕ ਮਸਨੂਈ ਦਿਮਾਗ਼ ਦਾ ਸੰਕਲਪ ਸੋਚਿਆ ਗਿਆ ਤੇ ਇਸ ਨੂੰ ਵਿਹਾਰ ਵਿੱਚ ਉਤਾਰਨ ਲਈ ਟੈਕਨਾਲੋਜੀ ਵਿਕਸਿਤ ਕੀਤੀ ਗਈ। ਵਿਗਿਆਨੀਆਂ ਨੇ ਕਿਹਾ ਕਿ ਜੇ ਕਿਸੇ ਮਸ਼ੀਨ ਤੇ ਮਨੁੱਖ ਦੇ ਵਿਹਾਰ ਵਿੱਚ ਬੰਦਾ ਫ਼ਰਕ ਨਾ ਦੱਸ ਸਕੇ ਤਾਂ ਉਸ ਮਸ਼ੀਨ ਨੂੰ ‘ਬੁੱਧੀਮਾਨ’ ਕਿਹਾ ਜਾ ਸਕਦਾ ਹੈ।

**ਅੰਤਰਰਾਸ਼ਟਰੀ ਮਾਂ-ਬੋਲੀ ਦਿਹਾੜੇ ’ਤੇ ਵਿਸ਼ੇਸ਼**

# ਕੈਨੇਡਾ ’ਚ ਪੰਜਾਬੀ ਬੋਲੀ ਦੇ ਵਿਕਾਸ ਦਾ ਸਫ਼ਰ ਜਾਰੀ ਹੈ



ਡਾ. ਗੁਰਵਿੰਦਰ ਸਿੰਘ
001-604-825-1550

ਕੈਨੇਡਾ ਬਹੁ-ਸਭਿਆਚਾਰਕ ਅਤੇ ਬਹੁ-ਭਾਸ਼ਾਈ ਦੇਸ਼ ਹੈ। ਇੱਥੇ ‘ਇੱਕ ਰਾਸ਼ਟਰ ਅਤੇ ਇੱਕ ਭਾਸ਼ਾ’ ਦਾ ਧ੍ਰੁਵੀਕਰਨ ਵਾਲਾ ਫਾਰਮੂਲਾ ਨਹੀਂ ਚੱਲਦਾ। ਕੈਨੇਡਾ ਵਿੱਚ ਚਾਹੇ ਸਰਕਾਰੀ ਤੌਰ ’ਤੇ ਅੰਗਰੇਜ਼ੀ ਅਤੇ ਫਰੈਂਚ, ਦੋ ਭਾਸ਼ਾਵਾਂ ਨੂੰ ਕੰਮਕਾਜ ਲਈ ਪ੍ਰਮੁੱਖਤਾ ਦਿੱਤੀ ਗਈ ਹੈ, ਪਰ ਇੱਥੇ 200 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ 60 ਤੋਂ ਵੱਧ, ਮੂਲ-ਨਿਵਾਸੀਆਂ ਦੀਆਂ ਬੋਲੀਆਂ ਸ਼ਾਮਲ ਹਨ। ਕੈਨੇਡਾ ਵਿਚ ਪੰਜਾਬੀ ਬੋਲੀ ਦੀ ਚੜ੍ਹਦੀ ਕਲਾ ਦੀਆਂ ਮਿਸਾਲਾਂ ਪੰਜਾਬ ਦੀ ਧਰਤੀ ’ਤੇ ਵੀ ਦਿੱਤੀਆਂ ਜਾਂਦੀਆਂ ਹਨ।

ਕੈਨੇਡਾ ਵਸਦੇ ਪੰਜਾਬੀਆਂ ਅੰਦਰ ਮਾਂ-ਬੋਲੀ ਲਈ ਠਾਠਾਂ ਮਾਰਦੇ ਪਿਆਰ ਦੀ ਗੱਲ ਕਰਦਿਆਂ ਆਮ ਹੀ ਕਿਹਾ ਜਾਂਦਾ ਹੈ ਕਿ ਕੈਨੇਡਾ ਵਿਚ ‘ਦੂਜਾ ਪੰਜਾਬ’ ਵਸਦਾ ਹੈ। ਇਸ ਵਿਚ ਕੋਈ ਸ਼ੱਕ ਵੀ ਨਹੀਂ ਕਿ ਸੌ ਸਾਲ ਤੋਂ ਵੱਧ ਸਮੇਂ ਤੋਂ ਇਥੇ ਵਸੇ ਪੰਜਾਬੀਆਂ ਨੇ ਆਪਣੀ ਬੋਲੀ ਅਤੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੈ। ਇਥੋਂ ਦੇ ਕਈ ਸ਼ਹਿਰਾਂ ’ਚ ਪੰਜਾਬ ਤੋਂ ਘੁੰਮਣ ਆਇਆ ਪੰਜਾਬੀ ਜਦੋਂ ਘਰੋਂ ਬਾਹਰ ਨਿਕਲਦਾ ਹੈ, ਤਾਂ ਉਸ ਨੂੰ ਭੁਲੇਖਾ ਪੈਣ ਲੱਗ ਪੈਂਦਾ ਹੈ ਕਿ ਉਹ ਸ਼ਾਇਦ ਪੰਜਾਬ ਦੇ ਕਿਸੇ ਸ਼ਹਿਰ ’ਚ ਘੁੰਮ ਰਿਹਾ ਹੋਵੇ। ਪੰਜਾਬੀ ਵਿਚ ਲੱਗੇ ਸਾਈਨ ਬੋਰਡ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਕੈਨੇਡਾ ਵਿੱਚ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਦੀ ਚੜ੍ਹਤ ਹੈ।

ਮਾਂ-ਬੋਲੀ ਪੰਜਾਬੀ ਨਾਲੋਂ ਟੁੱਟੇ ਪੰਜਾਬੀ, ਆਪਣੀ ਬੋਲੀ ਨਾਲ ਕੈਨੇਡਾ ਆ ਕੇ ਕਿਵੇਂ ਜੁੜਦੇ ਹਨ, ਇਸ ਦੀ ਮਿਸਾਲ ਉੱਘੇ ਸਾਹਿਤਕਾਰ ਰਾਜਿੰਦਰ ਸਿੰਘ ਬੇਦੀ ਦੇ ਪੋਤਰੇ ਤੇ ਫ਼ਿਲਮ ਨਿਰਮਾਤਾ ਨਰਿੰਦਰ ਬੇਦੀ ਦੇ ਪੁੱਤਰ, ਫਿਲਮ ਅਦਾਕਾਰ ਅਤੇ ਨਿਰਮਾਤਾ ਰਜਤ ਬੇਦੀ ਨੇ ਸਾਂਝੀ ਕੀਤੀ। ਉਸਨੇ ਕਿਹਾ ਕਿ ਬੰਬਈ ਵਿਚ ਰਹਿੰਦਿਆਂ ਉਹ ਪੰਜਾਬੀ ਨਹੀਂ ਸੀ ਬੋਲਦਾ, ਪਰ ਜਦੋਂ ਉਹ ਕੈਨੇਡਾ ਆਇਆ, ਤਾਂ ਇਥੇ ਆ ਕੇ ਨਾ ਸਿਰਫ਼ ਪੰਜਾਬੀ ਬੋਲਣ ਹੀ ਲੱਗਿਆ, ਸਗੋਂ ਪੰਜਾਬੀ ਫਿਲਮਾਂ ਵੱਲ ਵੀ ਉਤਸ਼ਾਹਤ ਹੋ ਗਿਆ। ਰਜਤ ਬੇਦੀ ਨੇ ਕਿਹਾ ਕਿ ਉਸ ਨੂੰ ਅਤੇ ਉਸ ਵਰਗੇ ਅਨੇਕਾਂ ਹੋਰਨਾਂ ਨੂੰ ਕੈਨੇਡਾ ਨੇ ਪੰਜਾਬ ਨਾਲ ਜੁੜਿਆ ਹੈ।

ਕੈਨੇਡਾ ਦੀਆਂ ਵੱਖ-ਵੱਖ ਸਮੇਂ ਦੀਆਂ ਮਰਦਮਸ਼ੁਮਾਰੀਆਂ ਦੇ ਅੰਕੜੇ ਇਥੇ ਪੰਜਾਬੀ ਦੀ ਤਰੱਕੀ ਦੀ ਗਵਾਹੀ ਭਰਦੇ ਹਨ। ਇਨ੍ਹਾਂ ਅਨੁਸਾਰ ਪਿਛਲੇ ਤਿੰਨ ਦਹਾਕਿਆਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕੈਨੇਡਾ ਦੀ ਕੁੱਲ ਗਿਣਤੀ ਦੇ ਹਿਸਾਬ ਨਾਲ 0.43 ਫ਼ੀਸਦੀ ਤੋਂ 2 ਫ਼ੀਸਦੀ ਦੇ ਨੇੜੇ ਜਾ ਪਹੁੰਚੀ ਹੈ। ਕੈਨੇਡਾ ਦੀ ਮੌਜੂਦਾ ਸਮੇਂ ਆਬਾਦੀ 3 ਕਰੋੜ 86 ਲੱਖ ਤੱਕ ਪਹੁੰਚ ਚੁੱਕੀ ਹੈ। ਜੇਕਰ ਕੈਨੇਡਾ ’ਚ ਪੰਜਾਬੀਆਂ ਵਲੋਂ ਆਪਣੀ ਮਾਂ-ਬੋਲੀ ਪੰਜਾਬੀ ਲਿਖਵਾਉਣ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਇਹ 1991 ਵਿੱਚ 113,220 (0.43 ਫ਼ੀਸਦੀ), 1996 ਵਿੱਚ 201, 780 (0.70 ਫ਼ੀਸਦੀ), 2001 ਵਿੱਚ 271, 220 (0.90 ਫ਼ੀਸਦੀ), 2006 ਵਿੱਚ 367, 505 (1.18 ਫ਼ੀਸਦੀ), 2011 ਵਿੱਚ 459, 990 (1.30 ਫ਼ੀਸਦੀ) 2016 ਵਿੱਚ 543, 495 (1.7 ਫ਼ੀਸਦੀ) ਅਤੇ 2021 ਵਿੱਚ 763, 785 (2 ਫੀਸਦੀ) ਤੱਕ ਪਹੁੰਚ ਚੁੱਕੀ ਹੈ, ਜਦਕਿ ਅਗਲੀ ਮਰਦਮਸ਼ੁਮਾਰੀ 2026 ਵਿੱਚ ਹੋਵੇਗੀ।

ਮਰਦਮ ਸ਼ੁਮਾਰੀ ਦੇ ਇਕ ਹੋਰ ਵਰਗ ਅਨੁਸਾਰ ਘਰਾਂ ਵਿੱਚ ਬਹੁਤਾ ਸਮਾਂ ਪੰਜਾਬੀ ਬੋਲਣ ਵਾਲਿਆਂ ਦੀ 2021 ਦੀ ਮਰਦਮਸ਼ੁਮਾਰੀ ਦੌਰਾਨ ਗਿਣਤੀ 827,150 ਹੈ, ਜਦ ਕਿ ਕੈਨੇਡਾ ਦੀਆਂ ਨਾਨ-ਆਫੀਸ਼ੀਅਲ ਬੋਲੀਆਂ ਤੋਂ ਇਲਾਵਾ ਪੰਜਾਬੀ ਬੋਲੀ ਦੀ ਜਾਣਕਾਰੀ ਰੱਖਣ ਵਾਲਿਆਂ ਦੀ ਸੰਖਿਆ 942, 170 ( 2016 ਤੋਂ 41 ਗੁਣਾ ਵੱਧ) ਹੈ। 2021 ਦੀ ਮਰਦਮਸ਼ੁਮਾਰੀ ਅਨੁਸਾਰ ਕੈਨੇਡਾ ਵਿਚ ਪੰਜਾਬੀ ਬੋਲਣ ਵਾਲਿਆਂ ਵਿੱਚ ਪਹਿਲੇ ਨੰਬਰ ’ਤੇ ਉਨਟੈਰੀਉ ਪ੍ਰੋਵਿੰਸ (397, 865), ਦੂਜੇ ’ਤੇ ਬ੍ਰਿਟਿਸ਼ ਕਲੰਬੀਆ (315,000) ਅਤੇ ਤੀਜੀ ਨੰਬਰ ’ਤੇ ਐਲਬਰਟਾ (126,365) ਆਉਂਦਾ ਹੈ।










ਇਹ ਆਮ ਹੀ ਕਿਹਾ ਜਾਂਦਾ ਹੈ ਕਿ ਪੰਜਾਬੀ ਕੈਨੇਡਾ ’ਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਤੀਜੀ ਬੋਲੀ ਹੈ। ਅਸੀਂ ਬਹੁਤ ਖੁਸ਼ ਹੁੰਦੇ ਹਾਂ ਕਿ ਪੰਜਾਬੀ ਕੈਨੇਡਾ ਵਿੱਚ ਸਭ ਤੋਂ ਵੱਧ, ਤੇਜ਼ੀ ਨਾਲ ਵਧ ਰਹੀ ਹੈ। ਇਹ ਜਾਣ ਕੇ ਅੱਜ ਪੰਜਾਬੀਆਂ ਨੂੰ ਹੈਰਾਨੀ ਹੋਵੇਗੀ ਕਿ ਪਹਿਲਾਂ ਪੰਜਾਬੀ ਦਾ ਸਥਾਨ ਤੀਜਾ ਹੁੰਦਾ ਸੀ, ਪਰ ਹੁਣ ਇਹ ਨਹੀਂ ਰਿਹਾ, ਜਿਸ ਦੀ ਸਹੀ ਤਸਵੀਰ ਪੰਜਾਬੀਆਂ ਤੱਕ ਪਹੁੰਚਾਉਣੀ ਜ਼ਰੂਰੀ ਹੈ। ਇਹ ਕੌੜੀ ਸਚਾਈ ਹੈ ਕਿ ਕੈਨੇਡਾ ’ਚ ਪੰਜਾਬੀ ਬੋਲੀ ਤੀਜੇ ਸਥਾਨ ਤੋਂ ਖਿਸਕ ਕੇ ਪੰਜਵੇਂ ਸਥਾਨ ’ਤੇ ਪਹੁੰਚ ਗਈ ਹੈ।

ਬੋਲੀ ਆਧਾਰਿਤ ਅੰਕੜਿਆਂ ਅਨੁਸਾਰ ਸੰਨ 2011 ਦੀ ਜਨਗਣਨਾ ਅਨੁਸਾਰ ਅੰਗਰੇਜ਼ੀ ਤੇ ਫਰੈਂਚ ਤੋਂ ਮਗਰੋਂ, ਇੰਮੀਗਰੈਂਟ ਭਾਈਚਾਰਿਆਂ ਦੀਆਂ ਮਾਂ-ਬੋਲੀਆਂ ਦੀ ਸੂਚੀ ’ਚ ਪੰਜਾਬੀ ਪਹਿਲੇ ਥਾਂ ’ਤੇ ਸੀ, ਭਾਵ ਕੁੱਲ ਮਿਲਾ ਕੇ ਤੀਜੇ ਸਥਾਨ ’ਤੇ ਸੀ। ਸੰਨ 2011 ਦੇ ਅੰਕੜਿਆਂ ਮੁਤਾਬਿਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 459, 990 ਸੀ, ਜਦ ਕਿ ਚੀਨੀ ਭਾਈਚਾਰੇ ਵਲੋਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ’ਚ ਕੈਂਟਨੀਜ਼ ਬੋਲਣ ਵਾਲੇ 388, 935 ਅਤੇ ਮੈਂਡਰੀਨ ਬੋਲਣ ਵਾਲੇ 255,160 ਸਨ। ਪੰਜ ਸਾਲਾਂ ਮਗਰੋਂ 2016 ਦੇ ਅੰਕੜਿਆਂ ਅਨੁਸਾਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 18.2 ਫ਼ੀਸਦੀ ਵਧਣ ਨਾਲ ਇਹ ਸੰਖਿਆ 543, 495 ਹੋ ਗਈ ਤੇ ਮਹਿਜ 85,505 ਹੋਰ ਪੰਜਾਬੀਆਂ ਨੇ, ਪੰਜ ਸਾਲਾਂ ’ਚ ਮਾਂ-ਬੋਲੀ ਪੰਜਾਬੀ ਲਿਖਵਾਈ। ਦੂਜੇ ਪਾਸੇ ਮੈਂਡਰੀਨ ਬੋਲਣ ਵਾਲੇ 610,835 ਅਤੇ ਕੈਂਟਨੀਜ਼ ਬੋਲਣ ਵਾਲੇ 594,030 ਦੀ ਗਿਣਤੀ ਤੱਕ ਪਹੁੰਚ ਗਏ। ਇੰਜ ਪੰਜਾਬੀ ਬੋਲਣ ਵਾਲੇ ਤੀਜੇ ਥਾਂ ਤੋਂ ਪੰਜਵੇਂ ’ਤੇ ਆ ਡਿਗੇ, ਜਦ ਕਿ ਤੀਜੀ ਤੇ ਚੌਥੀ ਥਾਂ ਮੈਂਡਰੀਨ ਤੇ ਕੈਂਟਨੀਜ਼ ਨੇ ਲੈ ਲਈ। 21 ਮਈ 2021 ਦੀ ਮਰਦਮਸ਼ੁਮਾਰੀ ਦੀ ਗੱਲ ਕਰਦੇ ਹਾਂ, ਤਾਂ ਅੰਕੜਿਆਂ ਦੇ ਹਿਸਾਬ ਨਾਲ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 942,170 ਪੰਜਵੇਂ ਸਥਾਨ ’ਤੇ ਹੈ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਸ ਵਰਗ ਵਿਚ ਅੰਗਰੇਜ਼ੀ ਅਤੇ ਫਰੈਂਚ ਤੋਂ ਮਗਰੋਂ, ਤੀਜੇ ਨੰਬਰ ’ਤੇ ਸਪੈਨਿਸ਼ (1,171,450) ਅਤੇ ਚੌਥੇ ਨੰਬਰ ’ਤੇ ਮੈਂਡਰੀਨ ਚੀਨੀ ਬੋਲੀ (987, 300 ) ਹੈ।

ਅਸੀਂ ਕਹਿ ਸਕਦੇ ਹਾਂ ਕਿ ਜਿੱਥੇ ਕੈਨੇਡਾ ਵਿੱਚ ਪੰਜਾਬੀ ਬੋਲੀ ਦੀਆਂ ਵੱਡੀਆਂ ਪ੍ਰਾਪਤੀਆਂ ਹਨ, ਉਥੇ ਅਜੇ ਵੀ ਕਈ ਤਰ੍ਹਾਂ ਦੀਆਂ ਚੁਣੌਤੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਮਰਦਮਸ਼ੁਮਾਰੀ ਸਮੇਂ ਪੰਜਾਬੀਆਂ ਵਲੋਂ ਮਾਂ-ਬੋਲੀ ਲਿਖਵਾਉਣ ਲਈ ਉਤਸ਼ਾਹ ਅਜੇ ਵੀ ਓਨਾ ਨਹੀਂ, ਜਿੰਨਾ ਹੋਣਾ ਚਾਹੀਦਾ ਹੈ। ਕੈਨੇਡਾ ਵਿਚ ਘੱਟੋ-ਘੱਟ 5 ਲੱਖ ਤੋਂ ਵੱਧ ਗਿਣਤੀ ਵਿੱਚ ਅਜਿਹੇ ਹੋਰ ਪੰਜਾਬੀ ਵੀ ਵਸਦੇ ਹਨ, ਜਿਹੜੇ ਮਰਦਮਸ਼ੁਮਾਰੀ ਦੌਰਾਨ ਆਪਣੀ ਮਾਂ-ਬੋਲੀ ਪੰਜਾਬੀ ਨਹੀਂ ਲਿਖਵਾਉਂਦੇ ਜਾਂ ਮਰਦਮਸ਼ੁਮਾਰੀ ਵਿੱਚ ਮਾਂ- ਬੋਲੀ ਵਾਲੇ ਖਾਨੇ ਭਰਦੇ ਹੀ ਨਹੀ। ਇਥੇ ਦੱਸਣਯੋਗ ਹੈ ਕਿ ਕੈਨੇਡਾ ਵਿੱਚ ਆਏ ਸੈਲਾਨੀ, ਅੰਤਰਰਾਸ਼ਟਰੀ ਵਿਦਿਆਰਥੀ ਅਤੇ ਵਰਕ ਪਰਮਿਟ ਵਾਲੇ ਪੰਜਾਬੀ ਵੀ ਮਰਦਮ ਸ਼ੁਮਾਰੀ ਵਿਚ ਅਪਣੇ ਫ਼ਾਰਮਾਂ ਵਿਚ ਮਾਂ ਬੋਲੀ ਪੰਜਾਬੀ ਲਿਖ ਸਕਦੇ ਹਨ।

ਕੈਨੇਡਾ ਦੇ ਪੰਜਾਬੀ ਮੀਡੀਏ ਵਲੋਂ ਵਾਰ-ਵਾਰ ਪ੍ਰਚਾਰਨ ਦੇ ਬਾਵਜੂਦ, ਬਹੁਤ ਸਾਰੇ ਪੰਜਾਬੀ ਕਾਗਜ਼ਾਂ ’ਚ ਆਪਣੀ ਮਾਂ-ਬੋਲੀ ਲਿਖਵਾਉਣ ਤੋਂ ਹੀ ਘੇਸਲ ਮਾਰ ਜਾਂਦੇ ਹਨ। ਜੇ ਰੁਝਾਨ ਇਹੀ ਰਿਹਾ ਤਾਂ 2026 ਦੀ ਮਰਦਮਸ਼ੁਮਾਰੀ ਵਿਚ ਪੰਜਾਬੀ ਬੋਲੀ ਦਾ ਪੰਜਵਾਂ ਸਥਾਨ ਵੀ ਖੁੱਸਣ ਵਿੱਚ ਦੇਰ ਨਹੀਂ ਲੱਗਣੀ।

ਦੂਜੀ ਗੱਲ ਇਹ ਹੈ ਕਿ ਪੰਜਾਬੀ ਕੈਨੇਡਾ ’ਚ ਅਜੇ ਵੀ ਵਿਦੇਸ਼ੀ ਭਾਸ਼ਾ ਹੀ ਹੈ, ਕੈਨੇਡੀਅਨ ਭਾਸ਼ਾ ਵਜੋਂ ਮਾਨਤਾ ਹਾਸਲ ਨਹੀਂ ਕਰ ਸਕੀ। ਇਹ ਗੱਲ ਜ਼ਿਕਰਯੋਗ ਹੈ ਕਿ ਕੈਨੇਡਾ ਵਿੱਚ ਦੋ ਮੁੱਖ ਭਾਸ਼ਾਵਾਂ ਅੰਗਰੇਜ਼ੀ ਤੇ ਫਰੈਂਚ ਦਫ਼ਤਰੀ ਰੂਪ ’ਚ ਸਰਕਾਰੀ ਭਾਸ਼ਾਵਾਂ ਹਨ, ਪਰ ਇਥੇ ਰਾਸ਼ਟਰੀ ਭਾਸ਼ਾ ਦੇ ਨਾਂਅ ’ਤੇ ਝਗੜੇ ਖੜ੍ਹੇ ਕਰਨ ਵਾਲਾ ਅਜਿਹਾ ਕੋਈ ਰੇੜਕਾ ਨਹੀਂ, ਜਿਵੇਂ ਕਿ ਭਾਰਤ ’ਚ ਹਿੰਦੀ ਨੂੰ ਲੈ ਕੇ ‘ਇਕ ਭਾਸ਼ਾ ਤੇ ਇਕ ਰਾਸ਼ਟਰ’ ਆਦਿ ਦੇ ਬੇਤੁਕੇ ਨਾਅਰੇ ਲਾਏ ਜਾਂਦੇ ਹਨ।

ਇਥੇ ਚੁਣੌਤੀ ਇਹ ਹੈ ਕਿ ਇੰਮੀਗਰਾਂਟ ਭਾਈਚਾਰੇ ਦੀ ਬੋਲੀ ਹੋਣ ਕਾਰਨ ਪੰਜਾਬੀ ਅਜੇ ਵੀ ਸੰਘਰਸ਼ ਦੇ ਦੌਰ ’ਚੋਂ ਗੁਜ਼ਰ ਰਹੀ ਹੈ। ਅੱਜ ਕੈਨੇਡਾ ’ਚ ਵਸਦੇ ਪੰਜਾਬੀ ਜੇਕਰ ਆਪਣੀ ਨਾਗਰਿਕਤਾ ਕਾਰਨ ‘ਕੈਨੇਡੀਅਨ’ ਹਨ ਤਾਂ ਫਿਰ ਉਨ੍ਹਾਂ ਦੀ ਬੋਲੀ ਵਿਦੇਸ਼ੀ ਕਿਵੇਂ ਹੋਈ ? ਜੇਕਰ ਪਾਰਲੀਮੈਂਟ ’ਚ ਪੰਜਾਬੀਆਂ ਦੀ ਗਿਣਤੀ ਡੇਢ ਦਰਜਨ ਹੈ ਤੇ ਕਈ ਸੂਬਿਆਂ ਵਿੱਚ ਵੀ ਪੰਜਾਬੀ ਸਿਆਸਤਦਾਨਾਂ ਦਾ ਬੋਲਬਾਲਾ ਹੈ, ਫਿਰ ਉਹ ਆਪਣੀ ਮਾਂ-ਬੋਲੀ ਲਈ ਦ੍ਰਿੜ੍ਹ ਇਰਾਦਾ ਕਿਉਂ ਨਹੀਂ ਰੱਖਦੇ ? ਯਕੀਨਨ ਤੌਰ ’ਤੇ ਜੇਕਰ ਸਾਡੇ ਰਾਜਸੀ ਲੀਡਰ ਪ੍ਰਣ ਕਰਨ ਕਿ ਉਨ੍ਹਾਂ ਪੰਜਾਬੀ ਨੂੰ ਕੈਨੇਡੀਅਨ ਬੋਲੀ ਵਜੋਂ ਮਾਨਤਾ ਦਿਵਾਉਣੀ ਹੈ ਤੇ ਵਿਦੇਸ਼ੀ ਬੋਲੀ ਨਹੀਂ ਰਹਿਣ ਦੇਣਾ, ਤਾਂ ਪੰਜਾਬੀ ਵੀ ਕੈਨੇਡਾ ’ਚ ਬੇਗਾਨੀ ਨਹੀਂ ਰਹੇਗੀ ਤੇ ਉਹ ਕੈਨੇਡਾ ਦੀ ਬੋਲੀ ਵਜੋਂ ਮਾਨਤਾ ਹਾਸਲ ਕਰ ਲਵੇਗੀ।

ਤੀਜੀ ਗੱਲ, ਪੰਜਾਬੀ ਮਾਪਿਆਂ ’ਤੇ ਆਉਂਦੀ ਹੈ। ਜੇਕਰ ਬੀ.ਸੀ. ਸੂਬੇ ਦੀ ਹੀ ਗੱਲ ਕਰੀਏ ਤਾਂ ਇਥੋਂ ਦੇ ਸਾਬਕਾ ਵਿੱਦਿਆ ਮੰਤਰੀ ਮਨਮੋਹਣ ਸਿੰਘ ਮੋਅ ਸਹੋਤਾ ਦੇ ਉੱਦਮ ਨਾਲ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲ ਗਿਆ ਸੀ ਤੇ ਪੰਜਾਬੀ ਸਕੂਲਾਂ ’ਚ ਪੜ੍ਹਾਉਣ ਦਾ ਰਾਹ ਪੱਧਰਾ ਹੋ ਗਿਆ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਪੜ੍ਹਾਉਣ ਵਾਲੇ ਸਕੂਲ, ਅਕੈਡਮੀਆਂ ਤੇ ਹੋਰ ਅਦਾਰੇ ਆਪੋ-ਆਪਣੇ ਉਪਰਾਲੇ ਕਰ ਰਹੇ ਹਨ ਪਰ ਪਬਲਿਕ ਸਕੂਲਾਂ ’ਚ ਪੰਜਾਬੀ ਪੜ੍ਹਾਈ ਜਾਣ ਲਈ ਬੱਚਿਆਂ ਦਾ ਨਾਂ ਖ਼ਾਸ ਤੌਰ ’ਤੇ ਦਾਖ਼ਲ ਕਰਨ ਦੀ ਲੋੜ ਹੁੰਦੀ ਹੈ।

ਕੈਨੇਡਾ ’ਚ ਪੰਜਾਬੀ ਬੋਲੀ ਲਈ ਸਭ ਤੋਂ ਵੱਧ ਚਿੰਤਾ ਦੀ ਗੱਲ ਅੱਜ ਇਹ ਹੈ ਕਿ ਇਥੇ ਪੰਜਾਬੀ ਨੂੰ ਗਿਣੇ-ਮਿਥੇ ਢੰਗ ਨਾਲ ਖੂੰਜੇ ਲਾਉਣ ਦੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ। ਪੰਜਾਬੀ ਬੋਲੀ ਦੇ ਨਾਂ ’ਤੇ ਪੰਜਾਬੀ ਸੂਬਾ ਬਣਨ ਵੇਲੇ ਜਿਸ ਤਰ੍ਹਾਂ ਦੇ ਹਾਲਾਤ ਤੇ ਫ਼ਿਰਕੂ ਵਿਚਾਰ ਪੰਜਾਬ ਵਿਚ ਜ਼ੋਰ ਫੜ ਰਹੇ ਸਨ, ਅੱਜ ਉਹੀ ਸਥਿਤੀ ਕੈਨੇਡਾ ਵਿੱਚ ਬਣਦੀ ਜਾ ਰਹੀ ਹੈ।

ਕੈਨੇਡਾ ’ਚ ਜੇਕਰ ਸੰਘਣੀ ਪੰਜਾਬੀ ਵਸੋਂ ਵਾਲੇ ਇਲਾਕਿਆਂ ਦੀ ਗੱਲ ਕਰੀਏ ਤਾਂ ਇੱਥੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਸਿੱਖ, ਹਿੰਦੂ, ਮੁਸਲਮਾਨ ਭਾਵ ਵੱਖ-ਵੱਖ ਧਰਮਾਂ, ਰੰਗਾਂ, ਨਸਲਾਂ ਤੇ ਫ਼ਿਰਕਿਆਂ ਦੇ ਲੋਕ ਵਸਦੇ ਹਨ। ਇਥੋਂ ਤੱਕ ਕਿ ‘ਭਾਰਤੀ ਪੰਜਾਬੀ’ ਤੇ ‘ਪਾਕਿਸਤਾਨੀ ਪੰਜਾਬੀ’ ਵਾਲਾ ਫ਼ਰਕ ਵੀ ਇੱਥੇ ਨਜ਼ਰ ਨਹੀਂ ਆਉਂਦਾ, ਬਲਕਿ ਸਾਰੇ ‘ਕੈਨੇਡੀਅਨ ਪੰਜਾਬੀ’ ਹੀ ਅਖਵਾਉਂਦੇ ਹਨ। ਉਂਜ ਵੀ ਅਸੀਂ ਅਕਸਰ ਆਖਦੇ ਹਾਂ ਕਿ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ, ਭਾਰਤੀ ਪੰਜਾਬ ਨਾਲੋਂ ਕਿਤੇ ਵੱਧ ਹੈ। ਕੈਨੇਡਾ ਵਿਚ ਪੰਜਾਬੀ ਆਬਾਦੀ ਵਾਲੇ ਸ਼ਹਿਰਾਂ ’ਚ ਵਸਣ ਵਾਲੇ ਲਹਿੰਦੇ ਪੰਜਾਬ ਦੇ ਪੰਜਾਬੀ ਜ਼ਿਆਦਾਤਰ ਲਾਹੌਰ ਦੇ ਨੇੜੇ-ਤੇੜੇ ਦੇ ਹੀ ਹਨ। ਉਨ੍ਹਾਂ ’ਚੋਂ ਵਧੇਰੇ ਬੋਲਦੇ ਵੀ ਪੰਜਾਬੀ ਹੀ ਹਨ, ਪਰ ਸਭ ਤੋਂ ਵੱਧ ਦੁਖਦਾਈ ਗੱਲ ਇਹ ਹੈ ਕਿ ਕੈਨੇਡਾ ਦੀ ਮਰਦਮਸ਼ੁਮਾਰੀ ਵਿਚ ਜਦੋਂ ਉਨ੍ਹਾਂ ਮਾਂ-ਬੋਲੀ ਲਿਖਾਉਣੀ ਹੁੰਦੀ ਹੈ, ਤਾਂ ਇੱਕਾ-ਦੁੱਕਾ ਨੂੰ ਛੱਡ ਕੇ ਕੋਈ ਵੀ ਮਾਂ-ਬੋਲੀ ਪੰਜਾਬੀ ਨਹੀਂ ਲਿਖਦਾ, ਬਲਕਿ ਉਰਦੂ ਹੀ ਲਿਖਵਾਉਂਦੇ ਹਨ।

ਹੁਣ ਗੱਲ ਕਰੀਏ ਭਾਰਤੀ ਪੰਜਾਬ ਦੇ ਕੈਨੇਡਾ ਵਸਦੇ ਭਾਈਚਾਰਿਆਂ ਦੀ। ਇਥੇ ਜ਼ਿਕਰਯੋਗ ਹੈ ਕਿ ਕੈਨੇਡਾ ਦੇ ਸੰਘਣੀ ਪੰਜਾਬੀ ਵਸੋਂ ਵਾਲੇ ਸ਼ਹਿਰਾਂ ’ਚ ਪੰਜਾਬ ਦੇ ਪਿੰਡਾਂ-ਸ਼ਹਿਰਾਂ ਨਾਲ ਸਬੰਧਿਤ ਸਿੱਖ ਤੇ ਹਿੰਦੂ ਹੀ ਵਧੇਰੇ ਹਨ, ਜਦਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਤੋਂ ਆਏ ਪ੍ਰਵਾਸੀ ਭਾਰਤੀ ਭਾਈਚਾਰੇ ’ਚੋਂ ਵੀ ਕੇਰਲਾ, ਤਾਮਿਲ, ਗੁਜਰਾਤੀ, ਬੰਗਾਲੀ ਆਦਿ ਵਸਦੇ ਹਨ, ਜਿਨ੍ਹਾਂ ਦੀਆਂ ਆਪਣੀਆਂ ਭਾਸ਼ਾਵਾਂ ਹਨ ਤੇ ਉਹ ਕੈਨੇਡਾ ਤੇ ਭਾਰਤ ਅੰਦਰ ਵੀ ਉਨ੍ਹਾਂ ਭਾਸ਼ਾਵਾਂ ਨੂੰ ਹੀ (**ਬਾਕੀ ਸਫ਼ਾ 31 ’ਤੇ**)

# ਕੈਨੇਡਾ ਵਿੱਚ ਪੰਜਾਬੀਆਂ ਤੇ ਸਿੱਖ ਪੰਥ ਦਾ ਬੋਲਬਾਲਾ ਅਤੇ ਸਮੱਸਿਆਵਾਂ



ਸੁਰਜੀਤ ਸਿੰਘ ਫਲੋਰਾ

ਕੈਨੇਡਾ ਵਿੱਚ ਦੱਖਣੀ ਏਸ਼ੀਆਈ ਅਬਾਦੀ ਇੱਕ ਵਿਭਿੰਨ ਅਤੇ ਤੇਜ਼ੀ ਨਾਲ ਵਧ ਰਿਹਾ ਭਾਈਚਾਰਾ ਹੈ। 2021 ਦੀ ਕੈਨੇਡੀਅਨ ਮਰਦਮਸ਼ੁਮਾਰੀ ਅਨੁਸਾਰ 2,571400 ਕੈਨੇਡੀਅਨਾਂ ਲੋਕਾਂ ਦਾ ਮੂਲ ਦੱਖਣੀ ਏਸ਼ਿਆਈ ਖਿੱਤਾ ਹੈ, ਜੋ ਕੁੱਲ ਅਬਾਦੀ ਦਾ ਲਗਭਗ 7.1 ਫ਼ੀਸਦੀ ਅਤੇ ਕੁੱਲ ਏਸ਼ੀਆਈ ਕੈਨੇਡੀਅਨ ਅਬਾਦੀ ਦਾ 35.1 ਫ਼ੀਸਦੀ ਬਣਦਾ ਹੈ। ਇਸ ਵਿੱਚ ਭਾਰਤ, ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ, ਨੇਪਾਲ ਅਤੇ ਭੂਟਾਨ ਵਰਗੇ ਦੇਸ਼ਾਂ ਦੇ ਲੋਕ ਸ਼ਾਮਿਲ ਹਨ। ਕੈਨੇਡਾ ਵਿੱਚ ਪਹਿਲੇ ਦੱਖਣੀ ਏਸ਼ਿਆਈ ਪ੍ਰਵਾਸੀ ਸੰਨ 1800 ਦੇ ਅਖੀਰ ਵਿੱਚ ਪਹੁੰਚੇ ਸਨ ਤੇ ਵੱਡੀ ਗਿਣਤੀ ਵਿੱਚ 20ਵੀਂ ਸਦੀ ਦੇ ਸ਼ੁਰੂ 'ਚ ਕੈਨੇਡੀਅਨ ਪੈਸੀਫਿਕ ਰੇਲਵੇ ਉੱਤੇ ਕੰਮ ਕਰਨ ਲਈ ਆਏ। ਹਾਲਾਂਕਿ ਇਹ 1960 ਅਤੇ 70 ਦੇ ਦਹਾਕੇ ਤੱਕ ਬਹੁਤੇ ਦੱਖਣੀ ਏਸ਼ਿਆਈ ਪ੍ਰਵਾਸੀ ਕੈਨੇਡਾ ਵਿੱਚ ਆਉਣੇ ਸ਼ੁਰੂ ਨਹੀਂ ਹੋਏ ਸਨ ਪਰ, ਇੱਕ ਹਿੱਸੇ ਵਿੱਚ ਕੈਨੇਡੀਅਨ ਇਮੀਗ੍ਰੇਸ਼ਨ ਕਾਨੂੰਨਾਂ ਵਿੱਚ ਤਬਦੀਲੀਆਂ ਦੇ ਕਾਰਨ ਗੈਰ-ਯੂਰਪੀਅਨ ਦੇਸ਼ਾਂ ਦੇ ਲੋਕਾਂ ਲਈ ਕੈਨੇਡਾ ਆਉਣਾ ਆਸਾਨ ਹੋ ਗਿਆ ਸੀ।

ਕੈਨੇਡਾ ਵਿੱਚ ਦੱਖਣੀ ਏਸ਼ਿਆਈ ਭਾਈਚਾਰਾ ਬਹੁਤ ਹੀ ਵਿਭਿੰਨਤਾ ਵਾਲਾ ਹੈ, ਜਿਸ ਵਿੱਚ ਸੱਭਿਆਚਾਰਕ, ਭਾਸ਼ਾਈ ਅਤੇ ਧਾਰਮਿਕ ਪਿਛੋਕੜ ਵਾਲੇ ਇੱਕ ਵਿਸ਼ਾਲ ਸ਼੍ਰੇਣੀ ਦੇ ਲੋਕ ਹਨ। ਬਹੁਤ ਸਾਰੇ ਦੱਖਣੀ ਏਸ਼ਿਆਈ ਕੈਨੇਡੀਅਨ ਇੱਕ ਤੋਂ ਵੱਧ ਭਾਸ਼ਾਵਾਂ ਵਿੱਚ ਮੁਹਾਰਤ ਰੱਖਦੇ ਹਨ ਅਤੇ ਕੈਨੇਡਾ ਵਿੱਚ ਹਿੰਦੀ, ਪੰਜਾਬੀ, ਉਰਦੂ, ਤਾਮਿਲ ਅਤੇ ਬੰਗਾਲੀ ਸਮੇਤ ਕਈ ਦੱਖਣੀ ਏਸ਼ਿਆਈ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ।

ਦੱਖਣੀ ਏਸ਼ਿਆਈ ਕੈਨੇਡੀਅਨ ਵਪਾਰ, ਰਾਜਨੀਤੀ, ਕਲਾ ਅਤੇ ਵਿਗਿਆਨ ਸਮੇਤ ਬਹੁਤ ਸਾਰੇ ਖੇਤਰਾਂ ਵਿੱਚ ਚੰਗੀ ਤਰ੍ਹਾਂ ਨੁਮਾਇੰਦਗੀ ਕਰਦੇ ਹਨ। ਰਾਜਨੀਤੀ ਵਿੱਚ ਬਹੁਤ ਸਾਰੇ ਸਫ਼ਲ ਦੱਖਣੀ ਏਸ਼ਿਆਈ ਕੈਨੇਡੀਅਨ ਹਨ, ਜਿਨ੍ਹਾਂ ਵਿੱਚ ਸਾਬਕਾ ਫੈਡਰਲ ਕੈਬਨਿਟ ਮੰਤਰੀ ਹਰਬ ਧਾਲੀਵਾਲ ਅਤੇ ਬੀ.ਸੀ. ਦੇ ਸਾਬਕਾ ਪ੍ਰੀਮੀਅਰ ਉੱਜਲ ਦੋਸਾਂਝ ਆਦਿ ਸ਼ਾਮਿਲ ਹਨ। ਪ੍ਰਸਿੱਧ ਦੱਖਣੀ ਏਸ਼ਿਆਈ ਕੈਨੇਡੀਅਨਾਂ ਵਿੱਚ ਲੇਖਕ ਰੋਹਿੰਟਨ ਮਿਸਤਰੀ ਅਤੇ ਐਮ.ਜੀ. ਵਸਨਜੀ ਅਤੇ ਫਿਲਮ ਨਿਰਮਾਤਾ ਦੀਪਾ ਮਹਿਤਾ ਦੇ ਨਾਂ ਸ਼ਾਮਿਲ ਹਨ।

ਦੱਖਣੀ ਏਸ਼ਿਆਈ ਕੈਨੇਡੀਅਨਾਂ ਦੀਆਂ ਬਹੁਤ ਸਾਰੀਆਂ ਸਫ਼ਲਤਾਵਾਂ ਦੇ ਬਾਵਜੂਦ, ਭਾਈਚਾਰੇ ਨੇ ਚੁਣੌਤੀਆਂ ਦਾ ਵੀ ਸਾਹਮਣਾ ਕੀਤਾ ਹੈ। ਕੁਝ ਦੱਖਣੀ ਏਸ਼ਿਆਈ ਕੈਨੇਡੀਅਨਾਂ ਨੇ ਭੇਦਭਾਵ ਅਤੇ ਨਸਲਵਾਦ ਦਾ ਅਨੁਭਵ ਕੀਤਾ ਹੈ ਅਤੇ ਭਾਈਚਾਰੇ ਦੇ ਮੈਂਬਰਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੀਆਂ ਉਦਾਹਰਨਾਂ ਵੀ ਹਨ। ਹਾਲ ਹੀ ਦੇ ਸਾਲਾਂ ਵਿੱਚ ਦੱਖਣੀ ਏਸ਼ਿਆਈ ਕੈਨੇਡੀਅਨਾਂ ਅਤੇ ਹੋਰ ਘੱਟਗਿਣਤੀ ਸਮੂਹਾਂ ਨੂੰ ਨਿਸ਼ਾਨਾ ਬਣਾਉਂਦੇ ਨਫ਼ਰਤੀ ਅਪਰਾਧਾਂ ਅਤੇ ਨਫ਼ਰਤ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ।





ਕੁੱਲ ਮਿਲਾ ਕੇ, ਕੈਨੇਡਾ ਵਿੱਚ ਦੱਖਣੀ ਏਸ਼ਿਆਈ ਭਾਈਚਾਰਾ, ਦੇਸ਼ ਦੀ ਸੱਭਿਆਚਾਰਕ ਵਿਭਿੰਨਤਾ ਦਾ ਇੱਕ ਜੀਵੰਤ ਅਤੇ ਮਹੱਤਵਪੂਰਨ ਹਿੱਸਾ ਹੈ। ਦੱਖਣੀ ਏਸ਼ਿਆਈ ਕੈਨੇਡੀਅਨਾਂ ਨੇ ਦੇਸ਼ ਦੇ ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਕ ਜੀਵਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਜੇਕਰ ਭਾਰਤੀਆਂ ਦੇ ਸੱਤਾ ਵਿੱਚ ਪਾਏ ਯੋਗਦਾਨ ਦੀ ਗੱਲ ਕਰੀਏ ਤਾਂ 1965 ਤੱਕ, ਦੱਖਣੀ ਏਸ਼ਿਆਈ ਰਾਜਨੀਤੀ ਮੁੱਖ ਤੌਰ 'ਤੇ ਬੀ.ਸੀ. ਵਿਧਾਨ ਸਭਾ ਦੁਆਰਾ ਲਾਗੂ ਕੀਤੀਆਂ ਗਈਆਂ ਕਾਨੂੰਨੀ ਪਾਬੰਦੀਆਂ ਨੂੰ ਖ਼ਤਮ ਕਰਨ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਬਦਲਣ ਲਈ ਲਾਬਿੰਗ ਕਰਨ ਤੱਕ ਸੀਮਤ ਸੀ। ਉਦੋਂ ਤੋਂ ਦੱਖਣੀ ਏਸ਼ਿਆਈ ਹੋਰ ਰਾਜਨੀਤਕ ਮੋਰਚਿਆਂ ਵਿੱਚ ਤੇਜ਼ੀ ਨਾਲ ਸ਼ਾਮਿਲ ਹੋ ਗਏ। ਉਨ੍ਹਾਂ ਦੀਆਂ ਐਸੋਸੀਏਸ਼ਨਾਂ ਸੱਭਿਆਚਾਰਕ ਪ੍ਰੋਗਰਾਮਾਂ ਲਈ ਸਰਕਾਰੀ ਸਹਾਇਤਾ ਲਈ, ਇਮੀਗ੍ਰੇਸ਼ਨ ਤੱਕ ਵਧੇਰੇ ਪਹੁੰਚ ਲਈ ਅਤੇ ਪੱਖਪਾਤ ਅਤੇ ਵਿਤਕਰੇ ਨੂੰ ਘਟਾਉਣ ਲਈ ਸਰਕਾਰ ਤੱਕ ਸਰਗਰਮੀ ਨਾਲ ਪਹੁੰਚ ਬਣਾਉਣ ਵਿੱਚ ਸਫ਼ਲ ਹੋਈਆਂ। ਦੱਖਣੀ ਏਸ਼ਿਆਈ ਲੋਕਾਂ ਨੇ ਅਕਸਰ ਮਿਉਂਸਪਲ ਪੱਧਰ 'ਤੇ ਚੋਣਾਂ ਵਿੱਚ ਹਿੱਸਾ ਲੈ ਕੇ ਰੁਤਬੇ ਹਾਸਿਲ ਕੀਤੇ ਸਨ, ਪਰ 1980 ਦੇ ਦਹਾਕੇ ਤੱਕ ਉਨ੍ਹਾਂ ਦੀ ਸੰਘੀ ਭਾਗੀਦਾਰੀ ਵਿਆਪਕ ਨਹੀਂ ਸੀ। 1993 ਵਿੱਚ 16 ਦੱਖਣੀ ਏਸ਼ਿਆਈ ਫੈਡਰਲ ਰਾਜਨੀਤੀ ਵਿੱਚ ਚੋਣ ਜਿੱਤ ਕੇ ਸਾਹਮਣੇ ਆਏ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਉਸੇ ਸਾਲ ਦੋ ਦੱਖਣੀ ਏਸ਼ੀਆਈ ਸੂਬਾਈ ਕੈਬਨਿਟ ਮੰਤਰੀ ਚੁਣੇ ਗਏ ਸਨ। ਦੱਖਣੀ ਏਸ਼ਿਆਈ ਲੋਕ ਕਈ ਵਾਰ ਆਪਣੇ ਮੂਲ ਦੇਸ਼ ਦੀ ਰਾਜਨੀਤੀ ਵਿੱਚ ਵੀ ਸ਼ਾਮਿਲ ਹੁੰਦੇ ਰਹੇ ਹਨ, ਉਦਾਹਰਨ ਲਈ ਕੈਨੇਡੀਅਨ ਸਿੱਖ ਭਾਈਚਾਰੇ ਨੇ ਪੰਜਾਬ ਵਿੱਚ ਸਿੱਖਾਂ ਦੇ ਅਧਿਕਾਰਾਂ ਤੇ ਹਿੱਤਾਂ ਲਈ 1984 ਤੋਂ ਬਾਅਦ ਸਰਗਰਮੀ ਨਾਲ ਕੰਮ ਕੀਤਾ।

ਪਰ ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਵਲੋਂ ਭਾਰਤੀ ਵਿਦਿਆਰਥੀਆਂ ਲਈ ਖੋਲ੍ਹੇ ਵੀਜ਼ੇ ਕਾਰਨ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਨੇਡਾ ਆਏ, ਜੋ ਗਲਤ ਨਹੀਂ ਹੈ, ਪਰ ਭਾਰਤੀ ਸੋਚ ਉਥੋਂ ਦੇ ਰਹਿਣ ਬਹਿਣ ਵਾਲੇ ਸਲੀਕੇ, ਛੋਟੀ-ਛੋਟੀ ਗੱਲ 'ਤੇ ਮਰਨ-ਮਾਰਨ 'ਤੇ ਉਤਰ ਆਉਣਾ ਆਦਿ ਨੇ ਖਾਸ ਤੌਰ 'ਤੇ ਪੰਜਾਬੀਆਂ ਦੇ ਅਕਸ ਨੂੰ ਬਹੁਤ ਵੱਡੀ ਢਾਹ ਲਾਈ ਹੈ, ਜਿਸ ਕਾਰਨ ਪੰਜਾਬੀ ਭਾਈਚਾਰੇ ਨੂੰ ਸ਼ਰਮਿੰਦਗੀ ਵੀ ਸਹਿਣੀ ਪਈ ਹੈ।

ਦੀਵਾਲੀ 'ਤੇ ਸਾਰੀ-ਸਾਰੀ ਰਾਤ ਪਟਾਕੇ ਚਲਾਉਣ ਕਾਰਨ ਕੈਨੇਡੀਅਨ ਲੋਕਾਂ ਦੀ ਨੀਂਦ ਹਰਾਮ ਹੋਈ, ਜਿਸ ਕਰਕੇ ਲੋਕਾਂ ਵਲੋਂ ਸਿਟੀ ਹਾਲ ਜਾ ਕੇ ਸ਼ਿਕਾਇਤਾਂ ਵੀ ਕੀਤੀਆਂ ਗਈਆਂ। ਕਈ ਥਾਵਾਂ 'ਤੇ ਪ੍ਰਸ਼ਾਸਨ ਵਲੋਂ ਦੀਵਾਲੀ 'ਤੇ ਪਟਾਕੇ ਚਲਾਉਣ 'ਤੇ ਪਾਬੰਦੀ ਦਾ ਐਲਾਨ ਵੀ ਕਰਨਾ ਪਿਆ।

ਸੱਭਿਆਚਾਰਕ ਸੰਭਾਲ ਦੀ ਗੱਲ ਕਰੀਏ ਤਾਂ 1994 ਵਿੱਚ ਲਗਭਗ 80 ਫ਼ੀਸਦੀ ਦੱਖਣੀ ਏਸ਼ੀਆਈ ਕੈਨੇਡੀਅਨ ਪ੍ਰਵਾਸੀ ਸਨ। ਕੈਨੇਡਾ ਵਿੱਚ ਸਿਰਫ਼ ਸਿੱਖ ਹੀ ਕਾਫੀ ਲੰਬੇ ਸਮੇਂ ਤੋਂ

(ਬਾਕੀ ਸਫ਼ਾ 31 'ਤੇ)

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਲੋਕ-ਗੀਤ ਵਿਚਲੇ ਬਾਬਲ ਦਾ ਰੋਹਬਦਾਰ ਖੰਗੂਰਾ ਅੱਜ ਦੇ ਸਮੇਂ ਇੱਕ ਹਉਕਾ ਬਣ ਕੇ ਰਹਿ ਗਿਆ

**ਪਰਮਜੀਤ ਕੌਰ ਸਰਹਿੰਦ**

ਬਾਬਲ ਦਾ ਸ਼ਾਬਦਿਕ ਅਰਥ ਬਾ+ਬਲ ਅਰਥਾਤ ਬਲ ਵਾਲਾ, ਬਲਵਾਨ ਜਾਂ ਤਾਕਤਵਰ ਬਣਦਾ ਹੈ, ਪਰ ਲੋਕ-ਕਾਵਿ ਵਿੱਚ ਇਹ ਅਨੇਕਾਂ ਰੂਪ ਧਾਰ ਕੇ ਸਾਹਮਣੇ ਆਉਂਦਾ ਹੈ। ਕਦੇ ਇਹ ਨਿਰੀ ਬਲਵਾਨ ਧਿਰ ਬਣ ਕੇ ਹੁਕਮ ਚਲਾਉਂਦਾ ਧੀਆਂ-ਪੁੱਤਰਾਂ ਤੇ ਪਤਨੀ ਨੂੰ ਝਿੜਕਦਾ- ਝੰਬਦਾ ਹੈ। ਕਦੇ ਔਲਾਦ ਨੂੰ ਗਲ਼ ਲਾ ਕੇ ਲਾਡ ਲਡਾਉਂਦਾ ਤੇ ਨਾਜੋ ਦੇ ਨਾਜ਼-ਨਖ਼ਰੇ ਵੀ ਝੱਲਦਾ ਹੈ। ਇਹੋ ਬਾਬਲ ਧੀ ਜੰਮੀ ਤੋਂ ਸੋਗਵਾਰ ਜਿਹਾ ਦਿਸਦਾ ਹੈ ਜਦੋਂ ਕਿਹਾ ਜਾਂਦਾ ਹੈ :

ਅੱਜ ਘਰ ਜੰਮ ਪਈ ਧੀ ਵੇ ਬਾਬਲਾ
ਥੋੜ੍ਹੀ ਦਾਰੂ ਪੀ ਵੇ ਬਾਬਲਾ।
ਹੁਣ ਘਰ ਜੰਮ ਪਈ ਧੀ ਵੇ ਬਾਬਲਾ
ਨੀਵਾਂ ਹੋ ਕੇ ਜੀ ਵੇ ਬਾਬਲਾ।

ਇਹੋ ਬਾਬਲ ਡੋਲੀ ਤੋਰਨ ਮੌਕੇ ਧੀ ਨੂੰ ਗਲ਼ ਲਾ ਕੇ ਬੁੱਕ-ਬੁੱਕ ਅੱਥਰੂ ਕੇਰਦਾ ਹੈ ਤੇ ਕਦੇ ਓਹਲੇ ਹੋ-ਹੋ ਰੋਂਦਾ ਹੈ :

ਅੱਖਾਂ ਪੂੰਝੀਆਂ ਕੌਲੇ ਦੇ ਓਹਲੇ ਖੜ੍ਹ ਕੇ
ਧੀਏ ਤੇਰੀ ਡੋਲੀ ਤੋਰ ਕੇ।

ਲੋਕ-ਕਾਵਿ ਵਿਚਲਾ ਬਾਬਲ ਆਪਣੇ ਆਪ ਵਿੱਚ ਅਨੇਕਾਂ ਅਰਥ ਸਮੋਈ ਬੈਠਾ ਹੈ। ਕਦੇ ਇਹ ਘਰ ਦੀ ਛੱਤ ਦਾ ਮਜ਼ਬੂਤ ਥੰਮ੍ਹ ਦਿਸਦਾ ਹੈ, ਕਦੇ ਧਰਤੀ ਹੇਠਲਾ ਬਲਦ, ਥੰਮ੍ਹ ਬਣ ਕੇ ਇਹ ਦੁੱਖਾਂ ਮੁਸੀਬਤਾਂ ਦੇ ਝੱਖੜਾਂ ਵਿੱਚ ਗ੍ਰਿਹਸਥੀ ਦੀ ਛੱਤ ਨੂੰ ਸਹਾਰਾ ਦਿੰਦਾ ਹੈ। ਧਰਤੀ ਹੇਠਲੇ ਬਲਦ ਵਾਂਗੂ ਇਹ ਪਰਿਵਾਰਕ ਜ਼ਿੰਮੇਵਾਰੀਆਂ ਦੇ ਸਾਰੇ ਬੋਝ ਢੋਂਹਦਾ ਹੈ। ਇਹੋ ਬਾਬਲ ਕਬੀਲਦਾਰੀ ਦੇ ਗੱਡੇ ਨੂੰ ਔਖੇ, ਕੰਡਿਆਲੇ ਤੇ ਵਿੰਗੇ-ਟੇਢੇ ਰਾਹਾਂ ਉੱਤੋਂ ਖਿੱਚੀ ਫਿਰਦਾ ਹੈ।

ਵਰਤਮਾਨ ਸਮੇਂ ਜੀਵਨ ਦੇ ਹਰ ਖੇਤਰ ਜਾਂ ਵਰਤਾਰੇ ਵਿੱਚ ਵੱਡੇ ਪੱਧਰ 'ਤੇ ਅੰਤਰ ਦੇਖਣ ਨੂੰ ਮਿਲਦਾ ਹੈ। ਬਾਬਲ ਤੇ ਧੀ ਦਾ ਰਿਸ਼ਤਾ ਵੀ ਪ੍ਰਭਾਵਿਤ ਹੋਇਆ ਹੈ। ਅੱਜ ਦਾ ਬਾਬਲ ਧੀਆਂ ਨੂੰ ਵੀ ਪੁੱਤਰਾਂ ਬਰਾਬਰ ਸਮਝਦਾ ਹੈ। ਇਸ ਦਾ ਪ੍ਰਤੱਖ ਪ੍ਰਮਾਣ ਹੈ ਧੀਆਂ-ਪੁੱਤਰਾਂ ਨੂੰ ਵਿੱਦਿਆ ਜਾਂ ਹੋਰ ਮਸਲਿਆਂ ਵਿੱਚ ਸਮਾਨਤਾ ਦੇਣੀ। ਧੀਆਂ ਹੁਣ ਪੁਰਾਣੇ ਸਮੇਂ ਵਾਂਗ ਘਰ ਦੀ ਚਾਰਦੀਵਾਰੀ ਵਿੱਚ ਕੈਦ ਨਹੀਂ ਹਨ। ਉਹ ਦੂਰ-ਦੁਰਾਡੇ ਸ਼ਹਿਰਾਂ, ਸੂਬਿਆਂ ਵਿੱਚ ਹੀ ਨਹੀਂ ਪੜ੍ਹਾਈ ਜਾਂ ਕੰਮਕਾਜ ਲਈ ਵਿਦੇਸ਼ਾਂ ਵਿੱਚ ਵੀ ਪਹੁੰਚ ਗਈਆਂ ਹਨ। ਉਹ ਹਰ ਖੇਤਰ ਵਿੱਚ ਪੁੱਤਰਾਂ ਦੇ ਬਰਾਬਰ ਨਹੀਂ ਬਲਕਿ ਅੱਗੇ ਵੀ ਲੰਘ ਗਈਆਂ ਹਨ। ਪਰ ਗਹਿਰੇ ਦੁੱਖ ਤੇ ਸ਼ਰਮ ਦੀ ਗੱਲ ਹੈ ਕਿ ਪੁਰਾਣੇ ਸਮੇਂ ਵਾਲੇ ਬਾਬਲ ਦੀ ਰੂਹ ਅਜੇ ਵੀ ਕਿਸੇ-ਕਿਸੇ ਬਾਬਲ ਵਿੱਚ ਵਾਸ ਕਰਦੀ ਹੈ। ਇਸੇ ਲਈ ਕਦੇ ਨਵਜੰਮੀ ਬੱਚੀ ਦੀ ਲਾਸ਼ ਜਾਂ ਜਿਊਂਦੀ ਜਿੰਦ ਕੂੜੇ ਜਾਂ 'ਪੰਘੂੜੇ' ਵਿੱਚ ਮਿਲਦੀ ਹੈ। ਅਜੇ ਵੀ ਧੀ ਵੱਲੋਂ ਆਪ ਆਪਣਾ ਵਰ ਚੁਣਨ ਕਾਰਨ 'ਅਣਖ ਲਈ ਕਤਲ' ਹੁੰਦੇ ਹਨ।




ਅੱਜ ਵੀ ਬਾਬਲ ਆਪਣੀ ਜ਼ਮੀਨ-ਜਾਇਦਾਦ ਵਿੱਚੋਂ ਧੀ ਦਾ ਬਣਦਾ ਹੱਕ ਦੇਣੋਂ ਪਾਸਾ ਵੱਟਦਾ ਹੈ। ਬਿਰਧ ਆਸ਼ਰਮ ਵਿੱਚ ਬੈਠਾ ਵੀ ਪੁੱਤਰਾਂ ਦੇ ਨੱਕ-ਨਮੂਜ਼ ਲਈ ਧੀਆਂ ਦੇ ਘਰ ਰਹਿਣ ਲਈ ਰਾਜ਼ੀ ਨਹੀਂ ਹੁੰਦਾ। ਧੀਆਂ ਉਸ ਨੂੰ ਆਪਣੇ ਘਰ ਰੱਖ ਕੇ ਸੇਵਾ-ਸੰਭਾਲ ਕਰਨੀ ਲੋਚਦੀਆਂ ਤੜਪਦੀਆਂ ਹਨ, ਪਰ ਉਹ ਛੇਤੀ ਕੀਤੇ ਧੀਆਂ ਦੇ ਘਰ ਨਹੀਂ ਜਾਂਦਾ ਤੇ ਆਪਣਾ ਹੱਥੀਂ ਬਣਾਇਆ ਘਰ ਛੱਡ ਬੇਵਸੀ ਨੂੰ ਬਿਰਧ ਘਰ ਵਿੱਚ ਜੂਨ ਗੁਜ਼ਾਰਾ ਕਰਦਾ ਹੈ ਤੇ 'ਸਪੁੱਤਰ' ਆਪਣੀ ਦੁਨੀਆ ਵਿੱਚ ਰੰਗੀਂ ਵਸਦੇ ਹਨ।

ਕਈ ਵਾਰ ਕੋਈ ਧੀ ਆਪਣੇ ਜਨਮਦਾਤਾ ਦੀ ਮੰਦੀ ਹਾਲਤ ਦੇਖ ਕੇ ਜ਼ੋਰਾ-ਜਬਰੀ ਉਸ ਨੂੰ ਆਪਣੇ ਘਰ ਲੈ ਜਾਂਦੀ ਹੈ ਤੇ ਉਸ ਦੀ ਸੇਵਾ ਸੰਭਾਲ ਕਰਦੀ ਹੈ। ਇਹ ਉਹੋ ਧੀ ਹੁੰਦੀ ਹੈ ਜਿਸ ਨੂੰ ਘਰੋਂ ਵਿਦਾ ਕਰਨ ਲਈ ਉਹ ਬਾਬਲ ਆਪਣੇ ਮਹਿਲਾਂ ਦੀ ਇੱਟ ਪੁਟਾਉਣ ਲਈ ਤਿਆਰ ਹੁੰਦਾ ਹੈ। ਬਲਵਾਨ ਬਾਬਲ ਨੂੰ ਉਹੋ ਪੁੱਤ ਬਲਹੀਣ ਕਰ ਦਿੰਦੇ ਹਨ ਜਿਨ੍ਹਾਂ ਦੇ ਜਨਮ ਮੌਕੇ ਉਹ ਕੋਠੇ ਚੜ੍ਹ-ਚੜ੍ਹ ਕੇ ਬੁੱਕਦਾ ਸੀ। ਬਹੁਤੇ ਪੁੱਤ ਹੁਣ ਪਰਦੇਸ ਤੁਰ ਗਏ ਹਨ। ਉਹ ਮਾਪੇ ਆਪਣੇ ਘਰਾਂ ਵਿੱਚ ਇਕੱਲ ਦਾ ਸੰਤਾਪ ਭੋਗਦੇ ਹਨ। ਜਿਨ੍ਹਾਂ ਨੂੰ ਉਹ ਆਪਣੇ ਕੋਲ ਸੱਦ ਲੈਂਦੇ ਹਨ ਉਹਵੀ ਦੂਹਰੀ ਜਿਹੀ ਜ਼ਿੰਦਗੀ ਜਿਉਂਦੇ ਹਨ। ਛੇਤੀ ਕੀਤਿਆਂ ਉਨ੍ਹਾਂ ਨੂੰ ਉੱਥੋਂ ਦਾ ਮਾਹੌਲ ਰਾਸ ਨਹੀਂ ਆਉਂਦਾ ਤੇ ਉਹ ਆਪਣੇ ਵਤਨ ਨੂੰ ਵੈਰਾਗੇ ਰਹਿੰਦੇ ਹਨ। ਕੁਝ ਲੋਕ ਆਪਣੀ ਔਲਾਦ ਦੇ ਸਾਥ ਨੂੰ ਮਾਣਦੇ ਖ਼ੁਸ਼ ਵੀ ਹਨ।

ਇਹ ਫ਼ਰਕ ਜੋ ਪੁਰਾਣੇ ਜਾਂ ਲੋਕ-ਕਾਵਿ ਵਾਲੇ ਤੇ ਅੱਜ ਵਾਲੇ ਬਾਬਲ ਦਾ ਹੈ, ਇਹ ਕੁਦਰਤੀ ਹੈ। ਅੱਜ ਦਾ ਬਾਬਲ ਬਦਲਵੇਂ ਰੂਪ ਵਿੱਚ ਕਬੀਲਦਾਰੀ ਦੇ ਗੱਡੇ ਨੂੰ ਖਿੱਚ ਰਿਹਾ ਹੈ। ਪਹਿਲਾਂ ਧੀਆਂ-ਪੁੱਤਰਾਂ ਨੂੰ ਮਹਿੰਗੀ ਵਿੱਦਿਆ ਮੁਹੱਈਆ ਕਰਾਉਂਦਾ ਹੈ ਤੇ ਫਿਰ ਹਾਲਾਤ ਅਨੁਸਾਰ ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਭੇਜਣ ਲਈ ਆਪਣੀ ਉਮਰਾਂ ਦੀ ਖੱਟੀ-ਕਮਾਈ ਭੇਟ ਚੜ੍ਹਾ ਦਿੰਦਾ ਹੈ। ਜੱਦੀ ਪੁਸ਼ਤੈਨੀ ਜ਼ਮੀਨ ਵੀ ਕਈ ਵਾਰ ਇਸੇ ਲੇਖੇ ਲੱਗ ਜਾਂਦੀ ਹੈ। ਲਾਇਕ ਔਲਾਦ ਬਾਬਲ ਦੇ ਦੁੱਖ ਹਰ ਲੈਂਦੀ ਹੈ ਤੇ ਨਾਲਾਇਕ ਉਸ ਦੇ ਦੁੱਖਾਂ ਵਿੱਚ ਹੋਰ ਇਜ਼ਾਫਾ ਕਰਦੀ ਹੈ। ਨਸ਼ਿਆਂ ਦੀ ਦਲਦਲ ਵਿੱਚ ਫਸਣ ਤੇ ਗੈਂਗਸਟਰਵਾਦ ਦੇ ਅੰਨ੍ਹੇ ਖੂਹ ਵਿੱਚ ਡਿੱਗਣੋਂ ਬਚਾਉਣ ਲਈ ਬਾਬਲ ਪੁੱਤਰਾਂ ਨੂੰ ਹਿੱਕ ਉੱਤੇ ਪੱਥਰ ਰੱਖ ਕੇ ਪਰਦੇਸ ਤੋਰਦੇ ਹਨ, ਪਰ ਕਈ ਵਾਰ ਉਹ ਗੱਲ ਹੁੰਦੀ ਹੈ ਕਿ ਮੂਸਾ ਭੱਜਿਆ ਮੌਤ ਤੋਂ ਅੱਗੇ ਮੌਤ ਖੜ੍ਹੀ। ਪਰਦੇਸ ਵਿੱਚ 'ਦਲਦਲ' ਵੀ ਹੈ ਤੇ 'ਅੰਨ੍ਹਾ ਖੂਹ' ਵੀ।

ਇਸ ਪੱਖ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਗੁਣ-ਔਗੁਣ ਦੋਵਾਂ ਧਿਰਾਂ ਵਿੱਚ ਹੁੰਦੇ ਹਨ। ਕਿਸੇ ਹਾਲਤ ਵਿੱਚ ਵੀ ਆਪਣੇ ਬਣਦੇ ਫ਼ਰਜ਼ ਨਿਭਾਉਣ ਵਾਲੇ ਬਾਬਲ ਜਾਂ ਮਾਪੇ ਤੇ ਧੀਆਂ-ਪੁੱਤਰ ਵੀ ਇਸੇ ਦੁਨੀਆ ਵਿੱਚ ਵਸਦੇ ਹਨ। ਪੁੱਤਰ ਮਾਪਿਆਂ ਨੂੰ ਪਰਦੇਸ ਜਾਂ ਆਪਣੇ ਰੁਜ਼ਗਾਰ ਵਾਲੇ ਥਾਂ ਨਾਲ ਲੈ ਜਾਣਾ ਚਾਹੁੰਦਾ ਵੀ ਹੈ, ਪਰ ਮਾਪੇ ਆਪਣਾ ਆਲ੍ਹਣਾ ਨਹੀਂ ਛੱਡਣਾ ਚਾਹੁੰਦੇ। ਉਨ੍ਹਾਂ ਨੂੰ ਆਧੁਨਿਕ ਜੀਵਨ ਸ਼ੈਲੀ ਰਾਸ ਨਹੀਂ ਆਉਂਦੀ। ਬੇਵਸੀ ਨੂੰ ਜਾਂ ਆਪਣੇ ਢੰਗ ਨਾਲ ਜਿਊਣ ਦੀ ਲਾਲਸਾ ਕਾਰਨ ਨੂੰਹਾਂ-ਪੁੱਤਰ ਉਨ੍ਹਾਂ ਨੂੰ ਇਕੱਲ ਦਾ ਸੰਤਾਪ ਭੋਗਣ ਲਈ ਛੱਡਕੇ ਚਲੇ ਜਾਂਦੇ ਹਨ। ਅੱਜ ਦੇ ਮਾਪਿਆਂ ਜਾਂ ਬਾਬਲ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਜਿੰਦ ਲੂੰਹਦੀ ਇਕੱਲ.... ਜਦੋਂ ਤੱਕ ਬਜ਼ੁਰਗਾਂ ਦੀ ਜੋੜੀ ਬਣੀ ਰਹਿੰਦੀ ਹੈ, ਉਹ ਇਸ ਸੇਕ ਨੂੰ ਕੁਝ ਸੌਖਾ ਝੱਲ ਜਾਂਦੇ ਹਨ, ਪਰ ਜਦੋਂ ਕੋਈ ਇੱਕ ਸੰਸਾਰ ਨੂੰ ਅਲਵਿਦਾ ਕਹਿ ਜਾਂਦਾ ਹੈ ਤਾਂ ਇਹ ਤਨਹਾਈ ਕਈ ਵਾਰ ਮਾਰੂ ਸਿੱਧ ਹੁੰਦੀ ਹੈ। ਜੇ ਮਰਦ ਇਕੱਲਾ ਰਹਿ ਜਾਵੇ ਤਾਂ ਬਿਰਧ ਅਵਸਥਾ ਵਿੱਚ ਉਹ ਕਿਸੇ ਵੇਲੇ ਚਾਹਦੇ ਕੱਪ ਨੂੰ ਵੀ ਤਰਸਦਾ ਹੈ। ਉਸ ਦਾ ਆਸਰਾ ਕੋਈ ਨੌਕਰ-ਨੌਕਰਾਣੀ ਹੀ ਹੁੰਦਾ ਹੈ ਜਾਂ ਫਿਰ ਸ਼ਹਿਰਾਂ ਵਿੱਚ ਚੱਲਦਾ 'ਟਿਫਨ' ਜੋ ਉਸ ਨੂੰ ਦੋ ਵੇਲੇ ਦੀ ਰੋਟੀ ਮੁਹੱਈਆ ਕਰਾਉਂਦਾ ਹੈ। ਇਹ ਹਾਲਤ ਵਡੇਰੀ ਉਮਰ ਵਾਲੀ ਔਰਤ ਦੀ ਵੀ ਹੁੰਦੀ ਹੈ। ਕਈ ਵਾਰ ਬੇਈਮਾਨ ਹੋਏ ਨੌਕਰ ਬਜ਼ੁਰਗਾਂ ਨੂੰ ਕਤਲ ਤੱਕ ਕਰ ਦਿੰਦੇ ਹਨ ਤੇ ਧਨ-ਗਹਿਣੇ ਲੁੱਟ ਕੇ ਭੱਜ ਜਾਂਦੇ ਹਨ।

ਬਜ਼ੁਰਗਾਂ ਦੇ ਆਪਣੇ ਲਾਡਲਿਆਂ ਲਈ ਬਣਾਏ ਮਹਿਲਾਂ ਵਰਗੇ ਘਰ ਭਾਂ-ਭਾਂ ਕਰਦੇ ਹਨ। ਅਖ਼ਬਾਰ, ਫੋਨ ਜਾਂ ਟੀ.ਵੀ. ਆਦਿ ਉਨ੍ਹਾਂ ਦੀ ਕੁੱਲ ਦੁਨੀਆ ਬਣ ਕੇ ਰਹਿ ਜਾਂਦੀ ਹੈ। ਕਦੇ ਪੁਰਾਣੇ ਦੋਸਤ- ਮਿੱਤਰ ਮਿਲ ਬੈਠਣ ਤਾਂ ਘਰ-ਘਰ ਦੀ ਇਹੋ ਕਹਾਣੀ ਹੁੰਦੀ ਹੈ। 'ਪੁਰਾਤਨ' ਬਾਬਲ ਦਾ ਰੋਹਬਦਾਰ ਖੰਗੂਰਾ ਅੱਜ ਦੇ ਬਾਬਲ ਦੀ ਹਿੱਕ ਵਿੱਚ ਇੱਕ ਹਉਕਾ ਬਣ ਕੇ ਰਹਿ ਗਿਆ ਹੈ। ਬਹੁਤ ਬਲਹੀਣ ਜਾਪਦਾ ਹੈ ਬਾਬਲ ਜਦੋਂ ਕਿਤੋਂ ਬਾਹਰੋਂ ਆਇਆ ਕੰਬਦੇ ਹੱਥਾਂ ਅਤੇ ਭਰੀਆਂ ਅੱਖਾਂ ਨਾਲ ਆਪਣੇ ਸੁੰਨੇ ਰੈਣ ਬਸੇਰੇ ਦਾ ਤਾਲਾ ਖੋਲ੍ਹਦਾ ਹੈ। ਉਸ ਨੂੰ ਯਾਦ ਆਉਂਦੇ ਹੋਣਗੇ ਪੁਰਾਣੇ ਸਮੇਂ ਦੇ ਬਾਬਲ ਦੇ ਖਿੱਦੋ ਖੂੰਡੀ ਖੇਡਦੇ ਪੁੱਤਰ ਅਤੇ ਗੁੱਡੀਆਂ ਪਟੋਲਿਆਂ ਵਾਲੀਆਂ ਧੀਆਂ, ਉਸ ਨੂੰ ਯਾਦ ਆਉਂਦੇ ਨੇ ਆਪਣੇ ਦੇਸ਼ ਵਿੱਚ ਹੀ ਪਰਦੇਸੀ ਹੋਏ ਪੁੱਤ ਤੇ ਕੂੰਜਾਂ ਧੀਆਂ....ਯਾਦ ਆਉਂਦੇ ਹੋਣਗੇ ਉਹ ਬੋਲ :-

ਅੱਜ ਰੋਂਦਾ ਨੀਂ,
ਕੂੰਜ ਕੁੜੀ ਦਾ ਬਾਬਲ ...।

# ਖ਼ੁਸ਼ ਮਿਜ਼ਾਜ ਸੁਭਾਅ ਬਣਾਕੇ ਹੀ ਮਨੁੱਖ ਜੀਵਨ ਦਾ ਅਨੰਦ ਮਾਣ ਸਕਦਾ ਏ



**ਕੁਲਦੀਪ ਸਿੰਘ ਬਨੂੜ**

ਹਮੇਸ਼ਾ ਖ਼ੁਸ਼ ਮਿਜ਼ਾਜ਼ ਸੁਭਾਅ ਇਕ ਇਨਸਾਨ ਦਾ ਬੇਸ਼ੁਮਾਰ ਕੀਮਤੀ ਗਹਿਣਾ ਹੁੰਦਾ ਹੈ ਜਿਸ ਦੀ ਚਮਕ-ਦਮਕ ਅਤੇ ਖ਼ੁਸ਼ਬੂ ਤੁਹਾਡੇ ਆਲ਼ੇ-ਦੁਆਲ਼ੇ ਦੇ ਵਾਤਾਵਰਨ ਨੂੰ ਮਹਿਕਾ ਦਿੰਦੀ ਹੈ। ਇਹੋ ਜਿਹੇ ਸੁਭਾਅ ਦੇ ਮਾਲਕ ਨੂੰ ਹਰ ਮਿਲਣ ਵਾਲਾ ਵਿਅਕਤੀ ਪਸੰਦ ਕਰਦਾ ਹੈ। ਹਰ ਵਿਅਕਤੀ ਉਸ ਨਾਲ ਬਿਨਾਂ ਕੰਮ ਅਤੇ ਲੋੜ ਤੋਂ ਸ਼ਬਦਾਂ ਦੀ ਸਾਂਝ ਪਾ ਲੈਂਦਾ ਹੈ। ਉਸ ਨਾਲ ਬਿਤਾਏ ਹੋਏ ਪਲਾਂ ਨੂੰ ਆਪਣੀ ਯਾਦਾਂ ਦੀ ਚੰਗੇਰ ਵਿੱਚ ਸੰਜੋਅ ਕੇ ਰੱਖਦਾ ਹੈ। ਲੋਕਾਂ ਦਾ ਉਸ ਵਿਅਕਤੀ ਦੇ ਪ੍ਰਤੀ ਰਵੱਈਆ ਹਮਦਰਦੀ ਭਰਿਆ ਰਹਿੰਦਾ ਹੈ। ਇਹੋ ਜਿਹਾ ਵਿਅਕਤੀ ਆਪਣੀ ਛੋਟੀ ਜਿਹੀ ਮੁਸਕਾਨ ਨਾਲ ਦੂਸਰੇ ਵਿਅਕਤੀ ਦੇ ਚਿਹਰੇ 'ਤੇ ਰੌਣਕ ਲਿਆ ਦਿੰਦਾ ਹੈ। ਹੱਸਮੁੱਖ ਲੋਕ ਹਮੇਸ਼ਾ ਜ਼ਿੰਦਗੀ ਦਾ ਲੁਤਫ਼ ਉਠਾਉਂਦੇ ਹਨ। ਹਸਮੁੱਖ ਇਨਸਾਨਾਂ ਵਿੱਚ ਇਕ ਨਿਵੇਕਲੀ ਖਿੱਚ ਹੁੰਦੀ ਹੈ ਜੋ ਕਿ ਹਰ ਵਿਅਕਤੀ ਨੂੰ ਨੇੜੇ ਲਿਆਉਣ ਦੀ ਵਿਸ਼ੇਸ਼ ਤਾਕਤ ਹੁੰਦੀ ਹੈ। ਅਗਰ ਕੋਈ ਵਿਅਕਤੀ ਅਜਿਹੇ ਵਿਅਕਤੀ ਦੇ ਥੋੜ੍ਹਾ ਦੂਰੋਂ ਲੰਘ ਰਿਹਾ ਹੈ ਤਾਂ ਉਹ ਥੋੜ੍ਹੀ ਵੱਧ ਦੂਰੀ ਤਹਿ ਕਰਕੇ ਨੇੜੇ ਹੋ ਕੇ ਲੰਘੇਗਾ ਤਾਂ ਜੋ ਕਿ ਉਹ ਮਿਲ ਕੇ ਜਾਵੇ। ਇਸ ਤਰ੍ਹਾਂ ਦੇ ਇਨਸਾਨਾਂ ਨੂੰ ਆਪਣੇ ਕੰਮ-ਕਾਰ ਵਿੱਚ ਨਕਾਰਾਤਮਕਤਾ ਕਦੇ ਵੀ ਨਹੀਂ ਝਲਕਦੀ ਸਗੋਂ ਹਰ ਔਖੇ ਕਾਰਜ਼ ਨੂੰ ਵੀ ਖਿੜ੍ਹੇ ਮੱਥੇ ਪੂਰਾ ਕਰ ਲੈਂਦਾ ਹੈ। ਖ਼ੁਸ਼ ਮਿਜ਼ਾਜ਼ ਸੁਭਾਅ ਦੇ ਵਿਅਕਤੀ ਦੇ ਚਿਹਰੇ 'ਤੇ ਰੌਣਕ ਹੁੰਦੀ ਹੈ ਅਤੇ ਝੁਰੜੀਆਂ ਚਿਹਰੇ ਤੋਂ ਦੂਰੀ ਬਣਾ ਕੇ ਰੱਖਦੀਆਂ ਹਨ। ਹਸਮੁੱਖ ਲੋਕ ਜ਼ਿੰਦਗੀ ਦੇ ਹਰ ਪਲ ਨੂੰ ਮਾਣਦੇ ਹਨ ਨਾ ਕਿ ਜ਼ਿੰਦਗੀ ਨੂੰ ਕੱਟਦੇ ਹਨ। ਅਜਿਹੇ ਲੋਕਾਂ ਨਾਲ ਵਾਹ-ਵਾਸਤਾ ਰੱਖਣ ਵਾਲੇ ਲੋਕ ਵੀ ਉਨ੍ਹਾਂ ਦੇ ਸਾਹਮਣੇ ਆ ਕੇ ਤਣਾਅ ਮੁਕਤ ਹੋ ਜਾਂਦੇ ਹਨ ਅਤੇ ਉਨ੍ਹਾਂ ਵਾਂਗ ਖ਼ੁਸ਼ ਮਿਜ਼ਾਜ ਹੋਣ ਬਾਰੇ ਲੋਚਦੇ ਹਨ।

ਜੋ ਲੋਕ ਹਮੇਸ਼ਾ ਆਪਣੇ ਚਿਹਰੇ 'ਤੇ ਉਦਾਸੀ ਦੇ ਮਖੌਟੇ ਦਾ ਲਿਬਾਸ ਪਹਿਨ ਕੇ ਰੱਖਦੇ ਹਨ। ਉਨ੍ਹਾਂ ਦੇ ਚਿਹਰੇ 'ਤੇ ਉਦਾਸੀਆਂ ਦੀਆਂ ਰੇਖਾਵਾਂ ਆਪ ਮੁਹਾਰੇ ਉੱਕਰ ਜਾਂਦੀਆਂ ਹਨ ਜੋ ਕਿ ਚਿਹਰੇ ਦੀ ਰੌਣਕ ਨੂੰ ਤਹਿਸ-ਨਹਿਸ ਕਰ ਦਿੰਦੀਆਂ ਹਨ। ਇਸ ਤਰ੍ਹਾਂ ਵਿਅਕਤੀ ਦੇ ਸੁਭਾਅ ਵਿੱਚ ਚਿੜਚਿੜਾਪਨ ਉਤਪੰਨ ਹੋ ਜਾਂਦਾ ਹੈ। ਚਿਹਰੇ ਤੋਂ ਆਕਰਸ਼ਣ ਖ਼ੰਭ ਲਾ ਕੇ ਉੱਡ ਜਾਂਦਾ ਹੈ।

ਅਜਿਹੇ ਵਿਅਕਤੀ ਤੋਂ ਹਰ ਕੋਈ ਦੂਰੀ ਬਣਾ ਕੇ ਰੱਖਦਾ ਹੈ ਅਤੇ ਨਾ ਹੀ ਕੋਈ ਉਸ ਨਾਲ ਤਾਲੁਕਾਤ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਅਜਿਹੇ ਵਿਅਕਤੀ ਦਾ ਚਿਹਰਾ ਬੁਝਾਰਤ ਬਣ ਜਾਂਦਾ ਹੈ। ਅਜਿਹਾ ਇਨਸਾਨ ਸਮਾਜ ਅਤੇ ਪਰਿਵਾਰਕ ਰਿਸ਼ਤਿਆਂ ਤੋਂ ਟੁੱਟ ਜਾਂਦਾ ਹੈ। ਹਮੇਸ਼ਾ ਗੁਸੈਲ਼ੇ, ਕੁੜ੍ਹਨ ਵਾਲੇ, ਚਿੜਚਿੜੇ ਸੁਭਾਅ ਵਾਲੇ ਇਨਸਾਨ ਦੇ ਸਮਾਜਿਕ ਰਿਸ਼ਤੇ ਤਿੜਕੇ ਹੀ ਰਹਿੰਦੇ ਹਨ। ਵਿਅਕਤੀ ਜਿੰਨਾ ਮਰਜ਼ੀ ਸੁਹਣਾ-ਸੁਨੱਖਾ ਅਤੇ ਹੁਸਨ ਦਾ ਮਾਲਕ ਹੋਵੇ ਲੇਕਿਨ ਉਸ ਦਾ ਸੁਭਾਅ ਵਧੀਆ ਨਹੀਂ ਹੈ ਤਾਂ ਉਸ ਨਾਲ ਕੋਈ ਵੀ ਮਿਲਵਰਤਨ ਨਹੀਂ ਰੱਖਣਾ ਚਾਹੁੰਦਾ।

ਸੁੰਦਰਤਾ ਸਲੀਕੇ ਦੀ ਕਸਵੱਟੀ 'ਤੇ ਘੱਟ ਹੀ ਖ਼ਰੀ ਉਤਰਦੀ ਹੈ। ਅਸੀਂ ਇਹ ਗੱਲ ਸਹਿਜੇ ਹੀ ਕਹਿ ਸਕਦੇ ਹਾਂ ਕਿ ਵਿਅਕਤੀ ਦੀ ਸੁੰਦਰਤਾ ਸਮੇਂ ਦੇ ਨਾਲ ਢੱਲਦੀ ਰਹਿੰਦੀ ਹੈ ਪਰ ਉਸ ਦਾ ਸੁਭਾਅ ਮੌਤ ਤੱਕ ਆਕਰਸ਼ਣ ਦਾ ਕੇਂਦਰ ਬਣਿਆ ਰਹਿੰਦਾ ਹੈ।

ਵਿਅਕਤੀ ਸੁਭਾਅ ਦੀ ਸੁੰਦਰਤਾ ਹਮੇਸ਼ਾ ਹੀ ਆਪਣਾ ਪ੍ਰਭਾਵ ਕਾਇਮ ਰੱਖਦੀ ਹੈ। ਉਦਾਸੀ ਦੇ ਆਲਮ ਵਿੱਚ ਰਹਿਣ ਵਾਲੇ ਵਿਅਕਤੀ ਦਾ ਕਿਸੇ ਵੀ ਸਮੱਸਿਆ ਦੇ ਆਉਣ 'ਤੇ ਹੌਸਲਾ ਤਿੱਤਰ-ਬਿੱਤਰ ਹੋ ਜਾਂਦਾ ਹੈ। ਉਸ ਦੀ ਹਿੰਮਤ ਵੀ ਬੇਹਿੰਮਤੀ ਹੋ ਜਾਂਦੀ ਹੈ। ਅਜਿਹੇ ਮੋੜ 'ਤੇ ਵਿਅਕਤੀ ਦੇ ਸੁਭਾਅ ਕਰਕੇ ਸਾਕ- ਸੰਬੰਧੀ, ਰਿਸ਼ਤੇਦਾਰ ਮੂੰਹ ਫ਼ੇਰ ਲੈਂਦੇ ਹਨ।

ਸੋ, ਅਸੀਂ ਕਹਿ ਸਕਦੇ ਹਾਂ ਕਿ ਵਿਅਕਤੀ ਦਾ ਖ਼ੁਸ਼ ਮਿਜ਼ਾਜ ਸੁਭਾਅ ਇਕ ਸ਼ਕਤੀਸ਼ਾਲੀ ਜ਼ਰੀਆ ਹੈ ਜੋ ਕਿ ਕਿਸੇ ਵੀ ਵਿਅਕਤੀ ਦੇ ਦਿਲ ਵਿੱਚ ਜਗ੍ਹਾ ਬਣਾਉਣ ਲਈ ਅਹਿਮ ਰੋਲ ਅਦਾ ਕਰਦਾ ਹੈ। ਜੇਕਰ ਕੋਈ ਵੀ ਵਿਅਕਤੀ ਤੁਹਾਡੀ ਕੋਈ ਮਦਦ ਕਰਦਾ ਹੈ ਤਾਂ ਉਸ ਵਿਅਕਤੀ ਦਾ ਖਿੜੇ ਮੱਥੇ ਧੰਨਵਾਦ ਜ਼ਰੂਰ ਕਰੋ। ਇਸ ਨਾਲ ਤੁਹਾਡੇ ਵਲੋਂ ਵਰਤੇ ਗਏ ਧੰਨਵਾਦੀ ਸ਼ਬਦ ਉਸ ਨੂੰ ਖ਼ੁਸ਼ੀ ਪ੍ਰਦਾਨ ਕਰਨਗੇ ਅਤੇ ਉਹ ਵਿਅਕਤੀ ਭਵਿੱਖ ਵਿੱਚ ਤੁਹਾਡੀ ਮਦਦ ਚਾਈਂ-ਚਾਈਂ ਕਰੇਗਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਜੈਤੋ ਦਾ ਜੇਤੂ ਮੋਰਚਾ

## 09 ਫੱਗਣ 21 ਫਰਵਰੀ, 1923 'ਤੇ ਵਿਸ਼ੇਸ਼

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਹਰ ਕੁਰਬਾਨੀ, ਮਨੁੱਖ ਅਨਖ ਵਾਸਤੇ ਦਿੱਤੀ ਹੈ। ਮਨੁੱਖਤਾ ਵਿਰੋਧੀ ਹਕੂਮਤ ਦੇ ਜ਼ੁਲਮ ਅਤੇ ਅਨਿਆਂ ਦੀ ਹਮੇਸ਼ਾ ਵਿਰੋਧਤਾ ਕੀਤੀ ਹੈ। ਸਮੇਂ ਦੇ ਜਾਲਮ ਹੁਕਮਰਾਨਾਂ ਦੇ ਅਣਮਨੁੱਖੀ ਤਸੀਹੇ ਆਪਣੇ ਤਨ 'ਤੇ ਹੰਢਾਏ। ਦੁਸ਼ਮਣਾਂ ਨੇ ਹਮੇਸ਼ਾ ਸਿੱਖਾਂ ਨੂੰ ਖਤਮ ਕਰਨ ਦੇ ਯਤਨ ਕੀਤੇ, ਪਰ ਸਿੱਖਾਂ ਨੇ ਹਰ ਜ਼ੁਲਮ ਅਤੇ ਤਸ਼ੱਦਦ ਦੇ ਥੰਮ ਹਿਲਾ ਦਿੱਤੇ। ਦੁਸ਼ਮਣ ਵੀ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਕਿ ਇਨ੍ਹਾਂ ਵਿਚ ਕਿਹੜੀ ਸ਼ਕਤੀ ਹੈ ਜੋ ਹਸ ਹਸ ਕੇ ਜ਼ੁਲਮ ਸਹਾਰਦੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਮਹਾਰਾਜਾ ਰਣਜੀਤ ਸਿੰਘ ਜੀ ਨੇ ਬੜੀ ਸ਼ਰਧਾ ਭਾਵਨਾ ਨਾਲ ਗੁਰਧਾਮਾਂ ਦੇ ਨਾਂ ਬੜੀ ਸੰਪਤੀ ਲਗਵਾਈ। ਉਨ੍ਹਾਂ ਦੀ ਖ਼ੂਬਸੂਰਤ ਦਿੱਖ ਬਣਾਈ। ਪਰ ਅੰਦਰੂਨੀ ਤੌਰ 'ਤੇ ਠਾਕੁਰਦੁਆਰਾ ਮਰਯਾਦਾ ਹੀ ਪ੍ਰਚਲਤ ਰਹੀ।

ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਧਾਮਾਂ ਤੇ ਮਹੰਤਾਂ ਦੇ ਕਬਜਾ ਕਰਵਾ ਕੇ ਸਿੱਖੀ ਤਾਕਤ ਨੂੰ ਠੇਸ ਪਹੁੰਚਾਉਣ ਦੀ ਸਾਜਿਸ਼ ਰਚੀ ਹੋਈ ਸੀ। ਸੰਨ 1920-25 ਦੌਰਾਨ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਹੇਠ, ਹਕੂਮਤ ਦੀ ਸ਼ਹਿ 'ਤੇ ਗੁਰਧਾਮਾਂ ਤੇ ਕਬਜਾ ਕਰੀ ਬੈਠੇ ਦੁਰਾਚਾਰੀ ਮਹੰਤਾਂ ਪਾਸੋਂ ਗੁਰਧਾਮ ਅਜਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ। ਮੋਰਚਾ ਗੁਰੂ ਕਾ ਬਾਗ ਫਤਿਹ ਹੋਣ ਤੋਂ ਬਾਅਦ ਇਹ ਆਸ ਬੱਝੀ ਕਿ ਗੁਰਦੁਆਰਿਆਂ ਦਾ ਸੁਧਾਰ ਹੋ ਸਕੇਗਾ। ਭਾਵੇਂ ਇੱਥੇ ਤੱਕ ਪਹੁੰਚਦਿਆਂ ਕਈ ਮੋਰਚੇ ਲਾਉਣੇ ਪਏ ਅਤੇ ਅਣਗਿਣਤ ਸ਼ਹੀਦੀਆਂ ਦੇਣੀਆਂ ਪਈਆਂ। ਜੈਤੋ ਦਾ ਮੋਰਚਾ ਵੀ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਮੋਰਚੇ ਦਾ ਪਿਛੋਕੜ ਹੈ ਕਿ : 28 ਸਾਲਾਂ ਦੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਇਕ ਅਜ਼ਾਦ ਖਿਆਲਾਂ ਦੇ ਸਿਰੜੀ ਸਨ। ਉਹ ਅੰਗਰੇਜ਼ੀ ਹਕੂਮਤ ਦੇ ਜੀਹਜ਼ੂਰੀਆ ਨਹੀਂ ਸਨ। ਉਹ ਗੁਰਦੁਆਰਾ ਸੁਧਾਰ ਲਹਿਰ ਦੀ ਹਮਾਇਤ ਕਰਦੇ ਸਨ। ਉਨ੍ਹਾਂ ਨੇ ਗੁਰਦੁਆਰਾ ਰਕਾਬ ਗੰਜ ਦੇ ਮਸਲੇ ਵਿਚ ਵੀ ਸਿੱਖ ਪੰਥ ਦਾ ਸਾਥ ਦਿੱਤਾ ਸੀ। ਉਹ ਇਕ ਸਿੱਖ ਕੌਮ ਪ੍ਰਸਤ ਨੌਜਵਾਨ ਸਨ। ਉਹ ਸਮਾਜਿਕ ਅਤੇ ਰਾਜਨੀਤਕ ਗਤੀਵਿਧੀਆਂ ਵਿਚ ਸੇਵਾ ਭਾਵਨਾ ਰੱਖਦੇ ਸਨ। ਉਹ ਸਿੱਖ ਧਰਮ ਦੀਆਂ ਰਵਾਇਤਾਂ ਦੀ ਕਦਰ ਕਰਦੇ ਸਨ। ਸਿੱਖਾਂ ਵਿਰੁਧ ਅੰਗਰੇਜ਼ ਸਰਕਾਰ ਦੇ ਗਲਤ ਫੈਸਲਿਆਂ ਦੀ ਵਿਰੋਧਤਾ ਕਰਦੇ ਸਨ। ਜਦੋਂ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਰੋਸ ਦਿਵਸ ਅਤੇ ਅਰਦਾਸ ਦਿਵਸ ਮਨਾਉਣ ਲਈ ਸੰਗਤਾਂ ਨੇ ਕਾਲੀਆਂ ਦਸਤਾਰਾਂ ਸਜਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ ਤਾਂ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੇ ਇਸ ਦਾ ਸਵਾਗਤ ਕੀਤਾ। ਸਰਕਾਰ ਨੇ ਮਹਾਰਾਜਾ ਨੂੰ ਬਾਗੀ ਕਰਾਰ ਦੇ ਦਿੱਤਾ। ਉਨ੍ਹਾਂ ਦਾ ਸਿੱਖ ਪੰਥ ਵਿਚ ਵਧਦਾ ਸਨਮਾਨ ਹਕੂਮਤ ਲਈ ਖਤਰਾ ਜਾਪਦਾ ਸੀ। ਅੰਗਰੇਜ਼ ਅਫ਼ਸਰ ਮਹਾਰਾਜਾ ਨੂੰ ਹੱਥ ਪਾਉਣ ਦਾ ਮੌਕਾ ਲੱਭ ਰਹੇ ਸਨ।

ਪਟਿਆਲਾ ਅਤੇ ਨਾਭਾ ਦੇ ਮਹਾਰਾਜਿਆਂ ਦੇ ਝਗੜੇ ਨੇ ਹਕੂਮਤ ਨੂੰ ਮੌਕਾ ਦੇ ਦਿੱਤਾ। ਦੋਹਾਂ ਵਿਚਕਾਰ ਰਾਜਸੀ ਅਤੇ ਨਿੱਜੀ ਝਗੜਾ ਸੀ। ਝਗੜੇ ਦੀ ਪੜਤਾਲ ਅਲਾਹਾਬਾਦ ਹਾਈ ਕੋਰਟ ਦੇ ਜੱਜ ਨੇ ਕੀਤੀ। ਉਸ ਨੇ ਨਾਭਾ ਦੇ ਮਹਾਰਾਜਾ ਵਿਰੁਧ ਫੈਸਲਾ ਦਿੱਤਾ। ਮਹਾਰਾਜਾ ਰਿਪੁਦਮਨ ਸਿੰਘ ਜੀ ਨੂੰ ਹਾਲਾਤ ਅਨੁਸਾਰ ਗੱਦੀ ਛੱਡਣੀ ਪਈ। ਅੰਗਰੇਜ਼ ਸਰਕਾਰ ਨੇ ਮਹਾਰਾਜਾ ਨਾਭਾ ਨੂੰ 9 ਜੁਲਾਈ 1923 ਨੂੰ ਗੱਦੀ ਤੋਂ ਲਾਂਭੇ ਕਰਕੇ ਤਿੰਨ ਲੱਖ ਰੁਪਏ ਸਾਲਾਨਾ ਖਰਚ ਨੀਯਤ ਕਰਕੇ ਡੇਹਰਾਦੂਨ ਭੇਜ ਦਿੱਤਾ।

ਮਹਾਰਾਜਾ ਨਾਭਾ ਰਿਪੁਦਮਨ ਸਿੰਘ ਜੀ ਦੀ ਬਹਾਲੀ ਲਈ ਸਿੱਖਾਂ ਵਲੋਂ ਸ਼੍ਰੋਮਣੀ ਕਮੇਟੀ 'ਤੇ ਜ਼ੋਰ ਪਾਇਆ ਜਾਣ ਲੱਗਾ। ਅੰਗਰੇਜ਼ ਸਰਕਾਰ ਦਾ ਦਾਅਵਾ ਸੀ ਕਿ ਜੱਜ ਨੇ ਪੂਰੀ ਪੜਤਾਲ ਤੋਂ ਬਾਅਦ ਫੈਸਲਾ ਮਹਾਰਾਜਾ ਦੇ ਵਿਰੁਧ ਦਿੱਤਾ ਸੀ। ਅਗਸਤ 5-6, 1923 ਨੂੰ ਮਹਾਰਾਜਾ ਨਾਭਾ ਨਾਲ ਹਮਦਰਦੀ ਦਾ ਮਤਾ ਪਾਸ ਕੀਤਾ ਗਿਆ ਕਿ ਮਹਾਰਾਜਾ ਨਾਭਾ ਨਾਲ ਹੋਈ ਬੇਇਨਸਾਫ਼ੀ ਦੂਰ ਕਰਨ ਲਈ ਪੰਥ ਨੂੰ ਅਪੀਲ ਕੀਤੀ ਕਿ 9 ਸਤੰਬਰ 1923 ਨੂੰ 'ਨਾਭਾ-ਦਿਨ' ਮਨਾਇਆ ਜਾਵੇ। ਮਹਾਰਾਜਾ ਦੇ ਹੱਕ ਵਿਚ ਮਤੇ ਪਾਸ ਕੀਤੇ ਜਾਣ ਅਤੇ ਅਰਦਾਸ ਕੀਤੀ ਜਾਵੇ। ਸ਼੍ਰੋਮਣੀ ਅਕਾਲੀ ਦਲ ਨੇ ਵੀ ਇਸ ਫੈਸਲੇ ਦੀ ਪ੍ਰੋੜਤਾ ਕੀਤੀ। 'ਨਾਭਾ-ਦਿਨ' ਬੜੇ ਜੋਸ਼ ਨਾਲ ਮਨਾਇਆ ਗਿਆ।

ਜੈਤੋ ਦੇ ਇਲਾਕੇ ਦੀ ਸੰਗਤ ਨੇ ਫੈਸਲਾ ਕੀਤਾ ਕਿ 25,26 ਅਤੇ 27 ਅਗਸਤ, 1923 ਨੂੰ ਗੁਰਦੁਆਰਾ ਗੰਗਸਰ ਵਿਚ ਦੀਵਾਨ ਸਜਾਏ ਜਾਣ ਤੇ ਪਾਠ ਕੀਤਾ ਜਾਵੇ। ਪੁਲਿਸ ਨੇ ਦੀਵਾਨ ਵਿਚ ਵਿਘਨ ਪਾਇਆ। ਉਸ ਵੇਲੇ ਗਿਆਨੀ ਇੰਦਰ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੰਗਤਾਂ ਨੇ ਅਨੁਭਵ ਕੀਤਾ ਕਿ ਇਹ ਸਿੱਖ ਧਰਮ ਦੀ ਬੇਅਦਬੀ ਹੈ ਅਤੇ ਅੰਗਰੇਜ਼ ਸਰਕਾਰ ਦਾ ਸਿੱਖਾਂ ਦੇ ਧਾਰਮਿਕ ਕਾਰਜਾਂ ਵਿਚ ਸਿੱਧਾ ਦਖ਼ਲ ਹੈ। ਸੰਗਤ ਦਾ ਫੈਸਲਾ ਸੀ ਕਿ ਜਦ ਤੱਕ ਸਰਕਾਰ ਇਸ ਸਖਤੀ ਦਾ ਪਸ਼ਚਾਤਾਪ ਨਾ ਕਰੇ, ਦੀਵਾਨ ਸਜਾਏ ਜਾਣ ਤੇ ਪਾਠ ਜਾਰੀ ਰੱਖੇ ਜਾਣ।



ਧਾਰਮਿਕ ਹੱਕਾਂ ਦੀ ਬਹਾਲੀ ਵਿਚ 1 ਸਤੰਬਰ, 1923 ਨੂੰ ਸ਼੍ਰੋਮਣੀ ਕਮੇਟੀ ਨੇ 25 ਸਿੰਘਾਂ ਦਾ ਜਥਾ ਭੇਜਿਆ ਕਿ ਧਾਰਮਿਕ ਦੀਵਾਨ ਅਤੇ ਪਾਠ ਅਰੰਭੇ ਜਾਣ। ਨਾਭਾ ਦੇ ਮੁੱਖ ਹਕੂਮਤ ਦੇ ਪ੍ਰਬੰਧਕਾਂ ਨੇ ਅਖੰਡ ਪਾਠ ਕਰ ਰਹੇ ਸਿੰਘਾਂ ਤੇ ਸੰਗਤ ਸੇਵਾਦਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤਰ੍ਹਾਂ ਇਸ ਹਕੂਮਤ ਦੀ ਸਖਤੀ ਹੇਠ 14 ਸਤੰਬਰ, 1923 ਨੂੰ ਮੋਰਚਾ ਲੱਗ ਗਿਆ। ਸ਼੍ਰੋਮਣੀ ਕਮੇਟੀ ਨੇ 15 ਸਤੰਬਰ 1923 ਨੂੰ ਅਕਾਲ ਤਖਤ ਸਾਹਿਬ ਤੋਂ 25 ਸਿੰਘਾਂ ਦੇ ਜਥੇ ਵਿਰੋਧ ਵਿਚ ਭੇਜਣੇ ਸ਼ੁਰੂ ਕੀਤੇ ਕਿ ਖੰਡਤ ਪਾਠ ਦਾ ਪਰਾਸਚਿਤ ਕੀਤਾ ਜਾਏ ਅਤੇ ਪਾਠ ਸੰਪੂਰਨ ਕੀਤਾ ਜਾਵੇ। ਰਿਆਸਤੀ ਹਾਕਮ ਜਥਿਆਂ ਨੂੰ ਫੜਦੇ ਅਤੇ ਉਨ੍ਹਾਂ ਨੂੰ ਟਰੱਕਾਂ ਲਾਰੀਆਂ ਵਿਚ ਸੁੱਟ ਸੁੱਟ ਕੇ ਦੂਰ ਜਾ ਕੇ ਛੱਡ ਆਉਂਦੇ। ਉਹ ਭੁੱਖਣ ਭਾਣੇ, ਬਗੈਰ ਪੈਸੇ ਤੋਂ ਮੁਸੀਬਤਾਂ ਝਲਦੇ ਮੁੜ ਵਾਪਸ ਆਉਂਦੇ। ਉਨ੍ਹਾਂ ਨੂੰ ਜੇਲ੍ਹਾਂ ਵਿਚ ਨਾ ਡੱਕਿਆ ਜਾਂਦਾ ਕਿ ਉਨ੍ਹਾਂ ਦੇ ਰੱਖਣ ਲਈ ਜਗ੍ਹਾ ਨਹੀਂ ਹੈ। ਇਹ ਸਿਲਸਿਲਾ ਕਈ ਮਹੀਨੇ ਚਲਦਾ ਰਿਹਾ।

12 ਅਕਤੂਬਰ 1923 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਸਭ ਸਬੰਧਤ ਗੁਰਦੁਆਰਾ ਕਮੇਟੀਆਂ ਅਤੇ ਅਕਾਲੀ ਜਥਿਆਂ ਨੂੰ ਕਾਨੂੰਨ ਵਿਰੁਧ ਭਾਵ ਬਾਗੀ ਕਰਾਰ ਦਿੱਤਾ ਗਿਆ। ਅਸਰ ਰਸੂਖ ਵਾਲੇ ਅਕਾਲੀ ਆਗੂਆਂ ਅਤੇ ਸੇਵਾਦਾਰਾਂ ਨੂੰ ਫੜ ਲਿਆ। ਅੰਮ੍ਰਿਤਸਰ ਸ਼ਹਿਰ ਨੂੰ ਫੌਜੀ ਛਾਉਣੀ ਵਿਚ ਬਦਲ ਦਿੱਤਾ। ਸਾਰੇ ਮੁਖੀ, ਆਗੂਆਂ ਨੂੰ ਬਗਾਵਤ, ਸਾਜਿਸ਼ ਅਤੇ ਜੰਗ ਜਿਹੇ ਸਖਤ ਜੁਰਮਾਂ ਹੇਠ ਉਮਰ ਕੈਦ, ਕਾਲੇ ਪਾਣੀ ਅਤੇ ਫਾਂਸੀ ਦੀਆਂ ਸਜਾਵਾਂ ਸੁਣਾ ਦਿੱਤੀਆਂ। ਪਹਿਲਾਂ ਮੁਕੱਦਮਾ ਅੰਮ੍ਰਿਤਸਰ ਚੱਲਿਆ, ਫਿਰ ਲਾਹੌਰ ਕਿਲੇ ਤੋਂ ਮੁਕੱਦਮੇ ਦੀ ਕਾਰਵਾਈ ਚਲਾਈ ਗਈ। ਇਹ ਆਗੂਆਂ ਨੂੰ ਭੈਅਭੀਤ ਕਰਨ ਦੀਆਂ ਕਾਰਵਾਈਆਂ ਸਨ।

ਪੰਜਾਬ ਵਿਚ ਸਿੱਖਾਂ 'ਤੇ ਅਤਿ ਦੀ ਸਖਤੀ ਹੋ ਗਈ। ਪੂਰੇ ਜ਼ੋਰ ਸ਼ੋਰ ਨਾਲ ਗ੍ਰਿਫਤਾਰੀਆਂ ਹੋਈਆਂ, ਅਣਮਨੁੱਖੀ ਵਰਤਾਓ ਹੁੰਦਾ ਰਿਹਾ। ਅਕਾਲੀ ਲਹਿਰ ਹੋਰ ਤੇਜ਼ ਹੁੰਦੀ ਗਈ। ਸ਼੍ਰੋਮਣੀ ਕਮੇਟੀ ਦੇ ਪਹਿਲੇ ਜਥੇ ਦੀ ਗ੍ਰਿਫ਼ਤਾਰੀ ਤੇ ਉਸ ਦਾ ਕੰਮ ਦੂਜੇ ਜਥੇ ਨੇ ਸੰਭਾਲਿਆ। ਇਸ ਦੂਸਰੇ ਜਥੇ ਨੂੰ ਵੀ 7ਜਨਵਰੀ 1924 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਇਕੱਤਰਤਾ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਸਾਰੇ ਮੈਂਬਰਾਂ ਨੂੰ 2-2 ਸਾਲ ਦੀ ਕੈਦ ਅਤੇ 5-5 ਸੌ ਰੁਪਏ ਜੁਰਮਾਨੇ ਦੇ ਸਜਾ ਦਿੱਤੀ ਗਈ। ਹੋਰ ਕਮੇਟੀ ਕਾਇਮ ਹੋ ਗਈ। ਅਕਤੂਬਰ 1924 ਵਿਚ ਸ਼੍ਰੋਮਣੀ ਕਮੇਟੀ ਦੇ ਤੀਜੇ ਜਥੇ ਦੇ ਮੁਖੀ ਆਗੂ ਗ੍ਰਿਫਤਾਰ ਕੀਤੇ ਗਏ।

ਨਾਭਾ, ਫਰੀਦਕੋਟ ਤੇ ਪਟਿਆਲੇ ਵਿਚ ਸਿੰਘਾਂ ਤੇ ਅਤਿ ਦੀ ਸਖਤੀ ਕੀਤੀ ਗਈ। ਨਾਭਾ ਵਿਚ ਪੰਥ ਦੀ ਗੁੱਸੇ ਦੀ ਲਹਿਰ ਵਧਦੀ ਗਈ। ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੋਵੇਂ ਸਾਂਝੇ ਤੌਰ 'ਤੇ ਮੋਰਚਾ ਚਲਾ ਰਹੇ ਸਨ। ਫੈਸਲਾ ਕੀਤਾ ਕਿ 9 ਫਰਵਰੀ 1924 ਨੂੰ ਬਸੰਤ ਪੰਚਮੀਂ ਵਾਲੇ ਦਿਨ 500 ਚੁਣਵੇਂ ਸਿੰਘਾਂ ਦਾ ਪਹਿਲਾ 'ਜਥਾ ਸ਼ਹੀਦੀ' ਅਕਾਲ ਤਖਤ ਸਾਹਿਬ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਕਰਕੇ ਤੁਰਿਆ ਕਿ ਅਖੰਡ ਪਾਠ ਆਰੰਭ ਹੋਣ।



ਇਸ ਤੋਂ ਪਹਿਲਾਂ 25-25 ਅਕਾਲੀਆਂ ਦੇ ਜਥੇ ਭੇਜੇ ਗਏ ਸਨ, ਫਿਰ ਸੌ ਸੌ ਦੇ ਜਥੇ ਵੀ ਭੇਜੇ ਜਾਂਦੇ ਰਹੇ। ਹਕੂਮਤ ਦੀ ਜਥਿਆਂ ਨੂੰ ਖਿਡਾਉਣ ਦੀ ਕੋਸ਼ਿਸ਼ ਸੀ। ਮੋਰਚੇ ਦੀ ਲਹਿਰ ਨੂੰ ਤੇਜ਼ ਕਰਨ ਲਈ 500 ਦੇ ਸ਼ਹੀਦੀ ਜਥੇ ਭੇਜਣ ਦੀ ਵਿਉਂਤ ਬਣੀ ਸੀ। ਜਥੇ ਇਲਾਕੇ ਵਿਚ ਗਸ਼ਤ ਕਰਦੇ, ਸ਼ਬਦ ਪੜ੍ਹਦੇ ਅਤੇ ਨਾਹਰੇ ਲਾਉਂਦੇ, ਸਰਕਾਰ ਦੇ ਅਤਿਆਚਾਰਾਂ ਵਿਰੁਧ ਪਿੰਡਾਂ ਵਿਚ ਜਾਗ੍ਰਿਤੀ ਆਈ। ਲੋਕ ਜਾਨਾਂ ਵਾਰਨ ਲਈ ਤਿਆਰ ਹੋ ਗਏ। ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ਬੇਹਿਸਾਬ ਸੀ।

ਇਸ ਜਥੇ ਦੇ ਜਥੇਦਾਰ ਸਰਦਾਰ ਊਧਮ ਸਿੰਘ ਨਾਗੋਕੇ ਨੀਯਤ ਹੋਏ ਸਨ। ਪਰ ਉਨ੍ਹਾਂ ਨੂੰ ਜਥਾ ਤੁਰਨ ਤੋਂ ਇਕ ਦਿਨ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਦੀ ਥਾਂ ਸਰਦਾਰ ਊਧਮ ਸਿੰਘ ਵਰਪਾਲ ਨੂੰ ਜਥੇਦਾਰ ਥਾਪਿਆ ਗਿਆ। ਇਹ ਜਥਾ ਅੰਮ੍ਰਿਤਸਰ ਤੋਂ ਚਲ ਕੇ ਤਰਨ ਤਾਰਨ, ਨੌਸ਼ਹਿਰਾ ਪੰਨੂਆਂ, ਸਰਹਾਲੀ, ਮਰਹਾਣਾ,ਪੱਖੋਂ, ਜ਼ੀਰਾ, ਤਲਵੰਡੀ, ਮੁਦਕੀ, ਲੰਡੇ, ਰੋਡੇ, ਆਦਿ ਨੂੰ ਹੁੰਦਾ ਹੋਇਆ ਬਰਗਾੜੀ ਰਿਆਸਤ ਫਰੀਦਕੋਟ ਪੁੱਜਾ। ਇਸ ਥਾਂ ਤੋਂ ਜੈਤੋ 6 ਕੁਲ ਮੀਲ ਹੈ। ਇੱਥੇ ਕੁਝ ਦਿਨ ਪੜਾਅ ਕੀਤਾ। ਜੈਤੋ ਪਹੁੰਚਣ ਦੀ ਤਰੀਕ ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਦਿਹਾੜਾ 21 ਫਰਵਰੀ, 1923 ਸੀ। ਸ਼ਹੀਦੀ ਜਥਾ ਬਾਅਦ ਦੁਪਹਿਰ ਬਰਗਾੜੀ ਤੋਂ ਜੈਤੋ ਨੂੰ ਤੁਰਿਆ ਅਤੇ ਕਰੀਬ 10000 ਸੰਗਤ ਨਾਲ ਸੀ। ਜਥੇ ਦੀ ਵਹੀਰ ਕੋਈ 6 ਸੌ ਗਜ਼ ਦੀ ਚੌੜਾਈ ਨਾਲ ਅੱਗੇ ਵਧ ਰਹੀ ਸੀ। ਉਨ੍ਹਾ ਕੋਲ ਲਾਠੀਆਂ, ਛਵੀਆਂ, ਭਾਲੇ, ਬੰਦੂਕਾਂ ਸਨ। ਕਾਂਗਰਸ ਦੇ ਨੇਤਾ ਡਾ. ਕਿਚਲੂ ਅਤੇ ਗਿਡਵਾਨੀ ਨਾਲ ਸਨ ਅਤੇ ਅਮਰੀਕੀ ਅਖ਼ਬਾਰ 'ਨਿਊ ਟਾਈਮਜ਼' ਦਾ ਪੱਤਰ ਪ੍ਰੇਰਕ ਜਿਮਾਡ ਵੀ ਨਾਲ ਸੀ। ਕਾਂਗਰਸੀ ਨੇਤਾਵਾਂ ਦੀ ਅਫ਼ਸਰਾਂ ਨਾਲ ਗੱਲਬਾਤ ਹੋਈ। ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪਰ ਬਾਅਦ ਵਿਚ ਛੱਡ ਦਿੱਤਾ ਗਿਆ।

ਪੁਲਿਸ ਅਫ਼ਸਰਾਂ ਨੇ ਜਥੇ ਨੂੰ ਖਲੋ ਜਾਣ ਦਾ ਹੁਕਮ ਦਿੱਤਾ ਅਤੇ ਚਿਤਾਵਨੀ ਦਿੱਤੀ ਕਿ ਜੇ ਨਾ ਰੁਕੇ ਤਾਂ ਗੋਲੀ ਚਲਾਉਣ ਦਾ ਹੁਕਮ ਹੈ। ਬਰਗਾੜੀ ਤੋਂ ਜਥਾ ਸ਼ਬਦ ਪੜ੍ਹਦਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਿਆ। ਫੇਰ ਰਸਾਲੇ ਦੇ ਸਿਪਾਹੀਆਂ ਨੇ ਬੰਦੂਕਾਂ ਦੇ ਫਾਇਰ ਕੀਤੇ। ਮਸ਼ੀਨਗੰਨ ਵੀ ਚਲਾਈ ਗਈ। ਸਿੰਘ ਫੱਟੜ ਹੋ ਕੇ ਡਿੱਗਣ ਲੱਗੇ ਅਤੇ ਸ਼ਹੀਦ ਹੋਣ ਲੱਗੇ। ਪਰ ਜਥਾ ਸ਼ਾਂਤਮਈ ਅਵਸਥਾ ਵਿਚ ਅੱਗੇ ਵਧਦਾ ਗਿਆ। ਗੋਲੀ ਚਲਦੀ ਗਈ, ਜਥਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਦਾ ਗਿਆ। ਅੰਤ ਜਥਾ ਟਿੱਬੀ ਸਾਹਿਬ ਜਾ ਪੁੱਜਾ। ਬਚ ਗਏ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਥੇਦਾਰ ਅਤੇ ਹਰ ਸਿੰਘਾਂ ਨੂੰ 7-7 ਸਾਲਾਂ ਦੀ ਕੈਦ ਦੀ ਸਜਾ ਹੋਈ, ਦੋ ਸਿੰਘਾਂ ਅਤੇ ਇਕ ਸਿੱਖ ਬੀਬੀ ਨੂੰ ਜਥੇ ਦੀ ਸੇਵਾ ਵਿਚ 10-10 ਸਾਲ ਦੀ ਕੈਦ ਸੁਣਾਈ ਗਈ। ਜਥੇ ਦੇ 444 ਸਿੰਘ ਬਾਵਲ ਜੇਲ੍ਹ ਭੇਜੇ ਗਏ, ਜਿੱਥੇ ਉਨ੍ਹਾਂ ਤੇ ਤਸ਼ੱਦਦ ਹੋਇਆ।

ਇਸ ਕਤਲੇਆਮ ਵਿਚ 40-50 ਸਿੱਖ ਜਖ਼ਮੀ ਹੋਏ। ਜਖਮੀਆਂ ਵਿਚ ਹੋਰ ਥਾਂ ਤੇ ਸ਼ਹੀਦ ਹੋ ਗਿਆ ਤੋਂ ਇਲਾਵਾ 22 ਸਿੰਘ ਉੱਥੇ ਹੀ ਸ਼ਹੀਦ ਹੋਏ। ਉਨ੍ਹਾਂ ਦਾ ਸਸਕਾਰ ਕਿਲ੍ਹੇ ਤੇ ਮੰਡੀ ਦੇ ਬਾਹਰਲੇ ਪਾਸੇ ਕੀਤਾ ਗਿਆ। ਕੁਲ 17 ਸਿੰਘਾਂ ਦੇ ਨਾਂ ਪਤੇ ਮਿਲੇ ਦੀ ਸਿੱਲ ਟਿੱਬੀ ਸਾਹਿਬ ਲਾਈ ਗਈ।

ਸਿੰਘਾਂ ਦਾ ਜੋਸ਼ ਮੱਠਾ ਨਹੀਂ ਪਿਆ। ਸਗੋਂ ਹੋਰ ਤੀਬਰਤਾ ਨਾਲ 16 ਸ਼ਹੀਦੀ ਜਥੇ ਅਕਾਲ ਤਖਤ ਸਾਹਿਬ ਤੋਂ ਭੇਜੇ ਜਾਂਦੇ ਰਹੇ। ਸਰਕਾਰ ਨੇ ਅਖੀਰੀ ਜਥੇ ਤੋਂ ਬਿਨਾਂ ਸਭ ਨੂੰ ਗ੍ਰਿਫ਼ਤਾਰ ਕਰ ਲਿਆ। ਕੈਦ ਵਿਚ ਸਿੱਖਾਂ ਤੇ ਸਖਤੀ ਨਾਲ ਮਾਰਕੁਟਾਈ ਕੀਤੀ ਗਈ। ਕਈ ਅੰਗਹੀਣ ਰੋਗੀ ਅਤੇ ਨਾਕਾਰਾ ਹੋ ਗਏ। ਲਗਭਗ 200 ਸਿੰਘ ਨਾਭਾ ਜੇਲ੍ਹ ਵਿਚ ਸ਼ਹੀਦ ਹੋ ਗਏ। ਸਿੰਘਾਂ ਨੇ ਹਾਰ ਨਾ ਮੰਨੀ। ਸ਼ਾਂਤਮਈ ਸੂਰਬੀਰਤਾ ਦੀ ਮਿਸਾਲ ਪੇਸ਼ ਕੀਤੀ। ਇਕ ਜਥਾ ਸਾਰੇ ਫੌਜੀ ਪੈਨਸ਼ਨਾਂ ਵਾਲਿਆਂ ਦਾ ਸੀ। ਇਸ ਸ਼ਹੀਦੀ ਜਥਿਆਂ ਵਿਚ ਬਾਹਰੋਂ ਕੈਨੇਡਾ, ਸਮਾਟਰਾ, ਹਾਂਗਕਾਂਗ, ਦਿੱਲੀ ਤੇ ਬੰਗਾਲ ਤੋਂ ਵੀ ਜਥੇ ਸ਼ਾਮਲ ਸਨ।

ਪੰਡਤ ਮਦਨ ਮੋਹਨ ਮਾਲਵੀਆ ਤਿੰਨ ਅਸੈਂਬਲੀ ਮੈਂਬਰ, ਦੇਵਕੀ ਪ੍ਰਸਾਦ ਸਿੰਘ, ਗੁਲਾਬ ਸਿੰਘ ਅਤੇ ਕਰਤਾਰ ਸਿੰਘ ਜੀ ਨੇ (ਬਾਕੀ ਸਫ਼ਾ 31 'ਤੇ)

# ਸਿੱਖ ਇਤਿਹਾਸ ਵਿੱਚ ਭੱਟਾਂ ਦਾ ਯੋਗਦਾਨ



ਡਾ. ਤੇਜਿੰਦਰ ਪਾਲ ਸਿੰਘ
9988004733

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਭਟ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, ਉਸਤਤਿ ਪੜ੍ਹਨ ਵਾਲਾ ਕਵੀ, ਅਥਵਾ ਰਾਜ ਦਰਬਾਰ ਵਿੱਚ ਰਾਜਾ ਅਤੇ ਯੋਧਿਆਂ ਦਾ ਯਸ਼ ਕਹਿਣ ਵਾਲਾ। ਹਿੰਦੀ ਦੇ ਵਿਦਵਾਨ ਭਟ ਸ਼ਬਦ ਨੂੰ ਭਾਟ ਰੂਪ ਵਿੱਚ ਲਿਖਦੇ ਹਨ, ਪ੍ਰੰਤੂ ਇਹ ਠੀਕ ਨਹੀਂ। ਪੰਜਾਬੀ ਭਾਸ਼ਾ ਵਿੱਚ 'ਭਟ' ਸ਼ਬਦ ਬਿਨਾਂ ਅੱਧਕ ਤੋਂ ਲਿਖਿਆ ਜਾਂਦਾ ਹੈ। ਭਟ ਭ੍ਰਿਤ (ਖਫ਼) ਸ਼ਬਦ ਦਾ ਇਕ ਲੌਕਿਕ ਰੂਪ ਹੈ, ਜਿਹੜਾ (ਖਫ) ਧਾਤੂ ਤੋਂ ਬਣਿਆ ਹੈ। ਭ੍ਰਿਤ ਦੇ ਅਰਥ ਪੈਸਿਆਂ (ਭਾੜੇ) 'ਤੇ ਕੰਮ ਕਰਨ ਵਾਲਾ ਨੌਕਰ ਜਾਂ ਸੇਵਕ ਜੋ ਰਾਜਿਆਂ ਜਾਂ ਅਮੀਰਾਂ ਦੀ ਸੈਨਾ ਵਿੱਚ ਹੋ ਕੇ ਲੜਦੇ ਸਨ। ਭਾਈ ਸੰਤੋਖ ਸਿੰਘ ਭਟਾਂ ਨੂੰ ਵੇਦਾਂ ਦਾ ਅਵਤਾਰ ਦੱਸਦੇ ਹੋਏ ਇਉਂ ਬਿਆਨ ਕਰਦੇ ਹਨ :

ਇਕ ਇਕ ਵੇਦ ਚਤੁਰ ਵਪੁ ਧਾਰੇ
ਪ੍ਰਗਟ ਨਾਮ ਤਿਨ ਕਹੋਂ ਅਸੰਸ,
ਪੂਰਵ ਸਾਮਵੇਦ ਕੇ ਇਹ ਤੇ,
ਮਥੁਰਾ ਜਾਲਪ ਬਲ ਹਰਿਬੰਸ,
ਪੁਨਿ ਰਿਗਵੇਦ ਕਲਯ ਜਲ ਨਲ
ਤ੍ਰੈ ਕਲਸਹਾਰ ਚੌਥੇ ਗਿਨਿ ਅੰਸ,
ਭਏ ਯਜੁਰ ਕੇ ਟਲਯ ਸਲਯ ਪੁਨਿ
ਜਲਯ ਭਲਯ ਉਪਜੇ ਦਿਜਬੰਸ,
ਬਹੁਤ ਅਥਰਵਣ ਦਾਸੁਰ ਕੀਰਤਿ
ਮਨਿ ਗਯੰਦ ਸਦਰੰਗ ਸੁਚਾਰ,
ਕਮਲਾਸਨ ਕੋ ਭਿੱਖਾ ਨਾਮ ਸੁ
ਇਹ ਸਭ ਤੇ ਭਾ ਅਧਿਕ ਉਦਾਰ।

ਭਟਾਂ ਅਨੁਸਾਰ ਸਪਤ ਸਿੰਧੂ (ਸੱਤ ਦਰਿਆਵਾਂ) ਦੇ ਕੰਢਿਆਂ ਉਤੇ ਵਸਣ ਵਾਲੇ ਲੋਕ ਆਪਣੇ ਰਿਸ਼ੀਆਂ ਨੂੰ ਪੂਜਨੀਕ ਮੰਨਦੇ ਸਨ। ਇਨ੍ਹਾਂ ਸੱਤਾਂ ਰਿਸ਼ੀਆਂ ਨੂੰ ਮੰਨਣ ਵਾਲਿਆਂ ਦੀਆਂ ਸੱਤ ਮੂੰਹੀਆਂ ਬਣੀਆਂ। ਇਨ੍ਹਾਂ ਉਪਰੰਤ ਹੋਏ ਰਿਸ਼ੀਆਂ ਤੇ ਵਡੇਰਿਆਂ ਦੇ ਨਾਵਾਂ ਉਤੇ ਗੋਤ ਅਤੇ ਜਾਤਾਂ ਬਣਦੀਆਂ ਗਈਆਂ। ਇਨ੍ਹਾਂ ਰਿਸ਼ੀਆਂ ਦੇ ਸ਼ਿਸ਼ ਬਿਨਾਂ ਕਿਸੇ ਵਰਣ-ਵੰਡ ਦੇ ਵਿਤਕਰੇ ਤੋਂ ਉਨ੍ਹਾਂ ਦੀ ਸੰਪ੍ਰਦਾਇ ਵਿੱਚ ਰਲ ਗਏ। ਇਸ ਕਾਰਨ ਹੀ ਕਈ ਵਰਣਾਂ ਦੇ ਲੋਕਾਂ ਵਿੱਚ ਬਹੁਤ ਵਾਰੀ ਗੋਤ ਇਕੋ ਹੁੰਦਾ ਹੈ, ਜਿਵੇਂ ਗੌਤਮ ਬ੍ਰਾਹਮਣ ਵੀ ਹਨ ਤੇ ਰਾਠੌਰ ਵੀ, ਪੰਵਾਰ (ਪੰਮਾਰ) ਬ੍ਰਾਹਮਣ ਤੇ ਰਾਜਪੂਤ ਵੀ ਹਨ।

ਭਟ ਇਕ ਖਾਸ ਸ਼੍ਰੇਣੀ ਹੈ, ਜਿਸ ਨੇ ਇਤਿਹਾਸ ਦੀ ਸਿਰਜਣਾ ਦੇ ਸੰਭਾਲ ਵਿੱਚ ਮੁਢਲਾ ਯੋਗਦਾਨ ਪਾਇਆ। ਭਟ ਲੋਕਾਂ ਦੀ ਵਿਦਵਤਾ, ਸੂਝ ਤੇ ਕਲਾ ਆਦਿ ਦੇਖ ਕੇ ਪਤਾ ਚਲਦਾ ਹੈ ਕਿ ਭਟ ਲੋਕਾਂ ਨੇ ਨਰੋਆ ਸਮਾਜ ਸਿਰਜਣ ਵਿੱਚ ਬਿਹਤਰੀਨ ਭੂਮਿਕਾ ਨਿਭਾਈ। ਭਟਾਂ ਦੇ ਪਿਛੋਕੜ ਵੱਲ ਝਾਤ ਮਾਰਿਆਂ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਭੀਖਾ ਨਾਂਅ ਦੇ ਭਟ ਨੇ ਸਿੱਖੀ ਧਾਰਨ ਕੀਤੀ। ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਉਹ ਆਪਣੇ ਨਾਲ ਕਈ ਭਟਾਂ ਨੂੰ ਲੈ ਕੇ ਗੁਰੂ ਦਰਬਾਰ ਵਿੱਚ ਹਾਜ਼ਰ ਹੋਇਆ। ਉਨ੍ਹਾਂ ਭਟਾਂ ਨੇ ਗੁਰੂ ਸਾਹਿਬਾਨ ਦੀ ਉਸਤਤਿ ਵਿੱਚ ਜਿਹੜੇ ਛੰਦ ਉਚਾਰੇ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਟਾ ਕੇ ਸਵਈਏ ਸਿਰਲੇਖ ਅਧੀਨ ਅੰਕਿਤ ਹਨ।

ਭਟ ਲੋਕ ਦੇਸ਼ ਦੇ ਵੱਖੋ-ਵੱਖ ਹਲਕਿਆਂ ਵਿੱਚ ਵਸਦੇ ਹਰ ਜਜ਼ਮਾਨ ਤੱਕ ਪਹੁੰਚ ਕਰਦੇ ਸਨ। ਕਈ ਵਾਰੀ ਭਟਾਂ ਨੂੰ ਕਿਸੇ ਜਜਮਾਨ ਕੋਲ ਜਾਣ ਲਈ ਪ੍ਰਦੇਸਾਂ ਵਿੱਚ ਵੀ ਜਾਣਾ ਪੈਂਦਾ ਸੀ। ਵਹੀਆਂ ਵਿੱਚ ਭਟਾਂ ਦੁਆਰਾ ਆਪਣੇ ਜਜ਼ਮਾਨਾਂ ਦਾ ਗੋਤ, ਬੰਸ, ਮੂੰਹੀ ਆਦਿ ਵੀ ਅੰਕਿਤ ਕੀਤੀ ਜਾਂਦੀ ਸੀ। ਜਨਮ ਜਾਂ ਮਰਨ ਦੀ ਤਿਥੀ ਬਿਕਰਮੀ ਸੰਮਤ ਅਨੁਸਾਰ ਦਿੱਤੀ ਜਾਂਦੀ ਸੀ ਤੇ ਥਿਤਿ, ਮਹੀਨਾ, ਸੰਮਤ ਸਭ ਕੁਝ ਲਿਖਿਆ ਜਾਂਦਾ ਸੀ। ਜਨਮ-ਮਰਨ ਦੀਆਂ ਤਾਰੀਖ਼ਾਂ ਤੋਂ ਇਲਾਵਾ ਹੋਰ ਕਈ ਪ੍ਰਕਾਰ ਦਾ ਵੇਰਵਾ ਵੀ ਇਨ੍ਹਾਂ ਵਹੀਆਂ ਵਿੱਚੋਂ ਮਿਲਦਾ ਹੈ। ਪਰਿਵਾਰ ਨਾਲ ਸਬੰਧਤ ਕਿਸੇ ਪ੍ਰਸਿੱਧ ਸਾਕੇ ਦਾ ਵੇਰਵਾ ਤਾਰੀਖ਼ ਸਹਿਤ, ਕਿਸੇ ਜਜਮਾਨ ਦੇ ਪੁੱਤਰ ਜਾਂ ਪੋਤਰੇ ਦੇ ਵਿਆਹ ਦੀ ਤਿਥੀ, ਜਜ਼ਮਾਨਾਂ ਅਤੇ ਉਨ੍ਹਾਂ ਦੇ ਵਡੇਰਿਆਂ ਦੀ ਪ੍ਰਸੰਸਾ ਆਦਿ ਬਹੁ-ਪੱਖੀ ਵਿਵਰਨ ਵਹੀਆਂ ਵਿੱਚੋਂ ਪ੍ਰਾਪਤ ਹੁੰਦਾ ਹੈ। ਭਟ, ਅਕਸਰ ਰਾਜ ਦਰਬਾਰਾਂ ਵਿੱਚ ਰਹਿੰਦੇ ਸਨ ਅਤੇ ਯੁੱਧਾਂ ਵਿੱਚ ਰਾਜਿਆਂ ਦੁਆਰਾ ਪ੍ਰਾਪਤ ਕੀਤੀਆਂ ਜਿੱਤਾਂ ਦੀਆਂ ਗਾਥਾਵਾਂ, ਉਨ੍ਹਾਂ ਦਿਆਂ ਪੂਰਵਜਾਂ ਅਤੇ ਪ੍ਰਜਾ ਨੂੰ ਸੁਣਾਉਂਦੇ ਸਨ।

ਮੌਜੂਦਾ ਸਮੇਂ ਦੌਰਾਨ ਭਟਾਂ ਦੇ ਕੁਝ ਵੰਸ਼ਜ ਪਰਿਵਾਰ ਜ਼ਿਲ੍ਹਾ ਜੀਂਦ, ਤਹਿਸੀਲ ਸਫੀਦੋ ਦੇ ਪਿੰਡ ਕਰਸਿੰਧੂ ਵਿੱਚ ਵਸੇ ਹੋਏ ਹਨ। ਕਰਸਿੰਧੂ ਪਿੰਡ ਦੇ ਪਰਿਵਾਰਾਂ ਦਾ ਆਪਣਾ ਪਰਿਵਾਰਕ ਕਾਲਕ੍ਰਮ ਹੈ, ਜਿਹੜਾ ਇਨ੍ਹਾਂ ਕੋਲ ਮੌਜੂਦ ਵਹੀਆਂ ਵਿੱਚੋਂ ਪ੍ਰਾਪਤ ਹੁੰਦਾ ਹੈ। ਇਨ੍ਹਾਂ ਵਹੀਆਂ ਵਿੱਚ ਕੇਵਲ ਪਰਿਵਾਰਕ ਮੈਂਬਰਾਂ ਦੇ ਨਾਂਵਾਂ ਦੀ ਸੂਚੀ ਹੀ ਮਿਲਦੀ ਹੈ, ਉਨ੍ਹਾਂ ਦੇ ਜੀਵਨ ਸੰਬੰਧੀ ਕੋਈ ਮਹੱਤਵਪੂਰਨ ਘਟਨਾ ਦਾ ਕੋਈ ਉਲੇਖ ਪ੍ਰਾਪਤ ਨਹੀਂ ਹੁੰਦਾ। ਭਟ ਵਹੀਆਂ ਦੇ ਪਰਿਵਾਰਕ ਕਾਲਕ੍ਰਮ ਤੋਂ ਪਤਾ ਚਲਦਾ ਹੈ ਕਿ ਭਟ ਕਲ੍ਹ, ਮਥੁਰਾ ਜਾਲਪ ਤੇ ਕੀਰਤ, ਤਿੰਨੇ ਭਟ ਭੀਖਾ ਦੇ ਪੁੱਤਰ ਸਨ। ਭਟ ਭੀਖਾ ਜੀ ਪੰਜ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ। ਭਟ ਸਲ੍ਹ, ਭਲ ਅਤੇ ਟਲ, ਭਟ ਭੀਖਾ ਦੇ ਭਰਾ ਭਟ ਸੇਖ ਦੇ ਪੁੱਤਰ ਸਨ। ਇਸੇ ਤਰ੍ਹਾਂ ਭਟ ਦਾਸ, ਬਲ ਅਤੇ ਗੰਗ, ਭਟ ਭੀਖਾ ਦੇ ਦੂਜੇ ਭਰਾ, ਭਟ ਤੋਖਾ ਦੇ ਪੁੱਤਰ ਸਨ। ਹਰਬੰਸ, ਸੇਵਕ ਤੇ ਨਲ੍ਹ, ਭਟ ਭੀਖਾ ਦੇ ਤੀਜੇ ਭਰਾ ਗੋਖਾ ਦੇ ਪੁੱਤਰ ਸਨ। ਭਟ ਭੀਖਾ ਦੇ ਸਭ ਤੋਂ ਛੋਟੇ ਅਤੇ ਚੌਥੇ ਭਰਾ ਚੋਖਾ ਦੇ ਪੁੱਤਰ ਕਲ੍ਹ, ਜਲ ਤੇ ਗਯੰਦ ਸਨ।

ਵਰਨਣਯੋਗ ਹੈ ਕਿ ਸਿੱਖ ਇਤਿਹਾਸ ਨਾਲ ਸੰਬੰਧਿਤ ਵਹੀਆਂ ਕੇਵਲ ਤਿੰਨ ਹੀ ਹਨ- ਭਟ ਵਹੀ ਤਲਉਂਢਾ, ਭਟ ਵਹੀ ਕਰਸਿੰਧੂ ਅਤੇ ਭਟ ਵਹੀ ਭਾਦਸੋਂ। ਇਨ੍ਹਾਂ ਤਿੰਨਾਂ ਵਿੱਚੋਂ ਵੀ ਸਭ ਤੋਂ ਮਹੱਤਵਪੂਰਨ ਵਹੀ ਕਰਸਿੰਧੂ ਵਾਲੀ ਹੈ, ਜਿਥੇ ਕਿ ਮੌਜਦਾ ਸਮੇਂ ਭਟ ਸਿੱਖ ਆਬਾਦ ਹਨ। ਇਥੇ ਭਟ ਮਾਨ ਸਿੰਘ ਤੇ ਸੰਤਾ ਸਿੰਘ ਦੀ ਅੰਸ-ਬੰਸ ਰਹਿ ਰਹੀ ਹੈ। ਇਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :-

ਗੁਰਦਿਆਲ ਸਿੰਘ ਬੇਟਾ ਸੰਤਾ ਸਿੰਘ, ਦੀਦਾਰ ਸਿੰਘ ਬੇਟਾ ਅਤਰ ਸਿੰਘ ਪੋਤਾ ਮਾਨ ਸਿੰਘ, ਸ਼ੇਰ ਸਿੰਘ ਬੇਟਾ ਅਤਰ ਸਿੰਘ ਪੋਤਾ ਮਾਨ ਸਿੰਘ, ਨਵਾਬ ਸਿੰਘ ਬੇਟਾ ਜੋਗਿੰਦਰ ਸਿੰਘ ਪੋਤਾ ਮਾਨ ਸਿੰਘ, ਵਿਜੈ ਸਿੰਘ ਕੌਸ਼ਿਸ਼ ਬੇਟਾ ਗੰਗਾ ਸਿੰਘ ਪੋਤਾ ਮੋਲੂ ਰਾਮ, ਅਨਿਲ ਸਿੰਘ ਬੇਟਾ ਜਸਮੇਰ ਸਿੰਘ ਪੋਤਾ ਜੈਲਾ ਸਿੰਘ, ਗੁਲਾਬ ਸਿੰਘ ਬੇਟਾ ਰਾਜਪਾਲ ਸਿੰਘ ਪੋਤਾ ਸ਼ਾਦੀ ਸਿੰਘ, ਕ੍ਰਿਸ਼ਨ ਬੇਟਾ ਰਾਜਪਾਲ ਸਿੰਘ ਪੋਤਾ ਸ਼ਾਦੀ ਸਿੰਘ, ਦਲਬੀਰ ਸਿੰਘ ਬੇਟਾ ਸੂਰਜ ਮੱਲ ਪੋਤਾ ਨੇਤੂ ਰਾਮ।

ਭਟ ਸਾਹਿਬਾਨ ਦਾ ਉਕਤ ਪਰਿਵਾਰ ਭਾਵੇਂ ਬਹੁਤ ਵੱਡਾ ਹੈ, ਪ੍ਰੰਤੂ ਇਨ੍ਹਾਂ ਵਿੱਚੋਂ ਕੇਵਲ ਚਾਰ ਭਟ ਸਾਹਿਬਾਨ (ਗੁਰਦਿਆਲ ਸਿੰਘ, ਦੀਦਾਰ ਸਿੰਘ, ਸ਼ੇਰ ਸਿੰਘ ਤੇ ਨਵਾਬ ਸਿੰਘ) ਹੀ ਸਾਬਤ-ਸੂਰਤ ਸਿੱਖ ਹਨ, ਬਾਕੀ ਸਾਰਾ ਪਰਿਵਾਰ ਸਹਿਜਧਾਰੀ ਹੈ। ਭਟ ਗੁਰਦਿਆਲ ਸਿੰਘ ਤੋਂ ਬਿਨਾਂ ਬਾਕੀ ਤਿੰਨੇ ਭਟ ਸਾਹਿਬ ਅੱਜ ਵੀ ਰਾਜ ਪ੍ਰੋਹਿਤ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਵਰਨਣਯੋਗ ਹੈ ਕਿ ਭਾਰਤ ਵਿੱਚ ਰਾਜਪੂਤਾਂ ਦੀਆਂ ਪੰਜ ਪ੍ਰਮੁੱਖ ਗੋਤਾਂ ਹਨ : ਰਾਠੌਰ, ਚੌਹਾਨ, ਪੰਵਾਰ, ਯਾਦਵ ਤੇ ਤੋਮਰ। ਇਨ੍ਹਾਂ ਪੰਜਾਂ ਗੋਤਾਂ ਦੇ ਇਹ ਭਟ ਸਾਹਿਬਾਨ ਕੁਲ ਪ੍ਰੋਹਿਤ ਹਨ, ਜਿਨ੍ਹਾਂ ਨੂੰ ਰਾਜ ਪ੍ਰੋਹਿਤ ਕਿਹਾ ਜਾਂਦਾ ਹੈ। ਉਕਤ ਦਰਸਾਏ ਸਹਿਜਧਾਰੀ ਭਟਾਂ ਵਿੱਚੋਂ ਵਿਜੈ ਸਿੰਘ ਭਟ ਕਰਸਿੰਧੂ ਪਿੰਡ ਦੇ ਮੌਜੂਦਾ ਸਰਪੰਚ ਵੀ ਹਨ, ਜਿਨ੍ਹਾਂ ਨੇ ਪਿੰਡ ਦਾ ਕਾਫੀ ਵਿਕਾਸ ਕਰਵਾਇਆ ਹੈ।

ਕਰਸਿੰਧੂ (ਪਰਗਣਾ ਸਫ਼ੈਦੋਂ) ਨਿਵਾਸੀ ਭਟ ਸੰਤਾ ਸਿੰਘ ਦੇ ਪੁੱਤਰ ਦੱਸਦੇ ਹਨ ਕਿ ਉਨ੍ਹਾਂ ਕੋਲ 20 ਮਣ ਤੋਂ ਉਤੇ ਵਹੀਆਂ ਸੁਰੱਖਿਅਤ ਪਈਆਂ ਹਨ। ਭਟਾਂ ਦੀ ਨਵੀਂ ਪੀੜ੍ਹੀ ਦੇ ਭਟ ਨੌਜਵਾਨ, ਬੇਸ਼ਕ ਪਿਤਾ-ਪੁਰਖੀ ਕਿੱਤਾ ਛੱਡ ਬੈਠੇ ਹਨ, ਪਰੰਤੂ ਫਿਰ ਵੀ ਅਧਿਕਾਰੀ ਬੱਚੇ ਨੂੰ ਭਟਾਕਸ਼ਰੀ ਸਿਖਾਈ ਜਾਂਦੀ ਹੈ।

**ਭਟ ਵਹੀਆਂ** : ਭਟ ਵਹੀਆਂ ਅਜਿਹਾ ਇਤਿਹਾਸਕ ਸਰੋਤ ਹਨ, ਜਿਹੜੀਆਂ ਤਵਾਰੀਖੀ ਹਵਾਲਿਆਂ ਨਾਲ ਸ਼ਰਸਾਰ ਹਨ। ਭਟ ਵਹੀਆਂ ਉਹ ਲਿਖਤੀ ਦਸਤਾਵੇਜ਼ ਹਨ, ਜਿਨ੍ਹਾਂ ਵਿੱਚ ਭਟ ਆਪਣੇ ਜਜਮਾਨਾਂ ਦੇ ਬੰਸ ਦਾ ਪੀੜ੍ਹੀ-ਦਰ-ਪੀੜ੍ਹੀ ਵੇਰਵਾ ਲਿਖਦੇ ਆਏ ਹਨ। ਭਟ ਵਹੀਆਂ ਨੂੰ ਜੇਕਰ ਕਾਲਕ੍ਰਮਿਕ ਦਸਤਾਵੇਜ਼ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ, ਕਿਉਂਕਿ ਇਨ੍ਹਾਂ ਵਹੀਆਂ ਵਿੱਚ ਕਾਲਕ੍ਰਮ ਅਨੁਸਾਰ ਸਿੱਖ ਇਤਿਹਾਸ ਲਿਖਿਆ ਮਿਲਦਾ ਹੈ। ਭਟ ਵਹੀਆਂ ਭਟਾਕਸ਼ਰੀ ਵਿੱਚ ਲਿਖੀਆਂ ਗਈਆਂ ਹਨ। ਇਨ੍ਹਾਂ ਦੀ ਲਿਪੀ ਖਰੋਸ਼ਤੀ ਹੈ, ਜਿਹੜੀ ਬਿਨਾਂ ਕਿਸੇ ਲਗ ਮਾਤਰਾ ਤੋਂ ਲਿਖੀ ਜਾਂਦੀ ਹੈ। ਮਿਸਾਲ ਵਜੋਂ ਇਸ ਲਿਪੀ ਵਿੱਚ 'ਗਰ' ਸ਼ਬਦ ਨੂੰ ਗੁਰੂ (ਅਧਿਆਪਕ), ਗੋਰੂ (ਗਊ), ਗੋਰੀ (ਸੁੰਦਰਤਾ), ਗਿਰੀ (ਪਹਾੜ), ਗੇਰੂ (ਓਚਰੇ) ਅਤੇ ਗਾਰ (ਗੁਫਾ) ਵਜੋਂ ਪੜ੍ਹਿਆ ਜਾ ਸਕਦਾ ਹੈ। ਇਹ ਲਿਪੀ ਪੰਜਾਬ ਦੇ ਮਹਾਜਨਾਂ ਦੁਆਰਾ ਵਰਤੀ ਜਾਂਦੀ ਲੰਡੇ ਲਿਪੀ ਨਾਲ ਮਿਲਦੀ-ਜੁਲਦੀ ਹੈ। ਵਰਨਣਯੋਗ ਹੈ ਕਿ ਭਟ ਵਹੀਆਂ ਪਰਿਵਾਰਕ ਬਜ਼ੁਰਗਾਂ ਦੁਆਰਾ ਸਿੱਖਿਅਤ ਲੋਕ ਹੀ ਪੜ੍ਹ ਸਕਦੇ ਹਨ। (ਬਾਕੀ ਸਫ਼ਾ 31 'ਤੇ)



# ਸੋਸ਼ਲ ਮੀਡੀਆ ਦੀ ਵਧ ਰਹੀ ਆਦਤ ਇੱਕ ਚਿੰਤਾ ਦਾ ਵਿਸ਼ਾ



ਚਾਨਣ ਦੀਪ ਸਿੰਘ ਔਲਖ
9876888177



(ਹੋਰ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਵੀ ਮਹੱਤਵਪੂਰਨ ਹੈ ਜੋ ਤੁਹਾਨੂੰ ਸੰਤੁਸ਼ਟੀ ਅਤੇ ਖੁਸ਼ੀ ਪ੍ਰਦਾਨ ਕਰਦੀਆਂ ਹਨ)

ਅੱਜ ਦੇ ਸਮੇਂ ਵਿੱਚ, ਸੋਸ਼ਲ ਮੀਡੀਆ ਸਾਡੀ ਜ਼ਿੰਦਗੀ ਦਾ ਇੱਕ ਅਨਿੱਖੜਵਾਂ ਅੰਗ ਬਣ ਗਿਆ ਹੈ। ਦੋਸਤਾਂ ਅਤੇ ਪਰਿਵਾਰ ਨਾਲ ਜੁੜੇ ਰਹਿਣ ਤੋਂ ਲੈ ਕੇ ਤਾਜ਼ਾ ਖਬਰਾਂ ਅਤੇ ਰੁਝਾਨਾਂ ਬਾਰੇ ਸੂਚਿਤ ਰਹਿਣ ਤੱਕ, ਸੋਸ਼ਲ ਮੀਡੀਆ ਪਲੇਟਫਾਰਮ ਬਹੁਤ ਸਾਰੇ ਲਾਭਾਂ ਦੀ ਪੇਸ਼ਕਸ਼ ਕਰਦੇ ਹਨ। ਹਾਲਾਂਕਿ, ਇਨ੍ਹਾਂ ਪਲੇਟਫਾਰਮਾਂ ਦੀ ਬਹੁਤ ਜ਼ਿਆਦਾ ਵਰਤੋਂ ਇੱਕ ਖਤਰਨਾਕ ਆਦਤ ਦਾ ਕਾਰਨ ਬਣ ਸਕਦੀ ਹੈ, ਜਿਸਦਾ ਸਾਡੀ ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ’ਤੇ ਮਹੱਤਵਪੂਰਨ ਪ੍ਰਭਾਵ ਪੈ ਸਕਦਾ ਹੈ।

ਸੋਸ਼ਲ ਮੀਡੀਆ ਦੀ ਲਤ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਬਹੁਤ ਜ਼ਿਆਦਾ ਵਰਤੋਂ ਨੂੰ ਦਰਸਾਉਂਦੀ ਹੈ, ਜੋ ਕਿਸੇ ਵਿਅਕਤੀ ਦੇ ਰੋਜ਼ਾਨਾ ਜੀਵਨ ਦੀਆਂ ਗਤੀਵਿਧੀਆਂ ਵਿੱਚ ਦਖ਼ਲਅੰਦਾਜ਼ੀ ਕਰਦਾ ਹੈ। ਜੋ ਲੋਕ ਸੋਸ਼ਲ ਮੀਡੀਆ ਦੇ ਆਦੀ ਹਨ, ਉਹ ਅਣਗਿਣਤ ਘੰਟੇ ਆਪਣੀਆਂ ਫੀਡਾਂ ਰਾਹੀਂ ਬ੍ਰਾਊਜ਼ ਕਰਨ, ਸੂਚਨਾਵਾਂ ਦੀ ਜਾਂਚ ਕਰਨ, ਅਤੇ ਆਪਣੀ ਸਮਾਂ-ਸੀਮਾਵਾਂ ਰਾਹੀਂ ਸਕ੍ਰੋਲ ਕਰਨ ਲਈ ਬਿਤਾਉਂਦੇ ਹਨ। ਇਸ ਬਹੁਤ ਜ਼ਿਆਦਾ ਵਰਤੋਂ ਨਾਲ ਨਾਕਾਰਾਤਮਕ ਨਤੀਜੇ ਨਿਕਲ ਸਕਦੇ ਹਨ, ਜਿਸ ਵਿੱਚ ਉਤਪਾਦਕਤਾ ਵਿੱਚ ਕਮੀ, ਨੀਂਦ ਦੀ ਕਮੀ ਅਤੇ ਸਰੀਰਕ ਸਿਹਤ ਵਿੱਚ ਗਿਰਾਵਟ ਸ਼ਾਮਲ ਹੈ।

ਸੋਸ਼ਲ ਮੀਡੀਆ ਦੀ ਲਤ ਵਿੱਚ ਯੋਗਦਾਨ ਪਾਉਣ ਵਾਲੇ ਪ੍ਰਮੁੱਖ ਕਾਰਕਾਂ ਵਿੱਚੋਂ ਇੱਕ ਹੈ ਤਤਕਾਲ ਸੰਤੁਸ਼ਟੀ ਦੀ ਨਿਰੰਤਰ ਲੋੜ। ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਪ੍ਰਾਪਤ ਕੀਤੇ ਤਤਕਾਲ ਫੀਡਬੈਕ, ਲਾਈਕ ਅਤੇ ਟਿੱਪਣੀਆਂ ਬਹੁਤ ਜ਼ਿਆਦਾ ਆਦੀ ਬਣਾ ਸਕਦੀਆਂ ਹਨ, ਜਿਸ ਨਾਲ ਜਾਂਚ ਅਤੇ ਸਕ੍ਰੋਲਿੰਗ ਦਾ ਕਦੇ ਨਾ ਖਤਮ ਹੋਣ ਵਾਲਾ ਚੱਕਰ ਸ਼ੁਰੂ ਹੁੰਦਾ ਹੈ। ਮਹੱਤਵਪੂਰਨ ਅਪਡੇਟਾਂ ਜਾਂ ਗੱਲਬਾਤ ਤੋਂ ਖੁੰਝ ਜਾਣ ਦਾ ਡਰ ਇੱਕ ਹੋਰ ਕਾਰਕ ਹੈ ਜੋ ਸੋਸ਼ਲ ਮੀਡੀਆ ਦੀ ਲਤ ਵਿੱਚ ਯੋਗਦਾਨ ਪਾਉਂਦਾ ਹੈ।

ਇਸ ਤੋਂ ਇਲਾਵਾ, ਸੋਸ਼ਲ ਮੀਡੀਆ ਸਾਡੀ ਮਾਨਸਿਕ ਸਿਹਤ ’ਤੇ ਵੀ ਮਾੜਾ ਪ੍ਰਭਾਵ ਪਾ ਸਕਦਾ ਹੈ। ਸੋਸ਼ਲ ਮੀਡੀਆ ’ਤੇ ਦੂਜਿਆਂ ਨਾਲ ਲਗਾਤਾਰ ਤੁਲਨਾ ਘੱਟ ਸਵੈ-ਮਾਣ ਅਤੇ ਚਿੰਤਾ ਦੀਆਂ ਭਾਵਨਾਵਾਂ ਦਾ ਕਾਰਨ ਬਣ ਸਕਦੀ ਹੈ। ਸੋਸ਼ਲ ਮੀਡੀਆ ਦੀ ਲਤ ਇਕੱਲਤਾ ਅਤੇ ਉਦਾਸੀ ਦੀਆਂ ਭਾਵਨਾਵਾਂ ਦਾ ਕਾਰਨ ਵੀ ਬਣ ਸਕਦੀ ਹੈ, ਕਿਉਂਕਿ ਲੋਕ ਆਪਣੀ ਸਕ੍ਰੀਨ ’ਤੇ ਜ਼ਿਆਦਾ ਸਮਾਂ ਬਿਤਾਉਂਦੇ ਹਨ ਅਤੇ ਅਸਲ ਜ਼ਿੰਦਗੀ ਵਿਚ ਦੂਜਿਆਂ ਨਾਲ ਘੱਟ ਸਮਾਂ ਬਿਤਾਉਂਦੇ ਹਨ।

ਸੋਸ਼ਲ ਮੀਡੀਆ ਦੀ ਲਤ ਤੋਂ ਛੁਟਕਾਰਾ ਪਾਉਣ ਲਈ, ਇਨ੍ਹਾਂ ਪਲੇਟਫਾਰਮਾਂ ’ਤੇ ਬਿਤਾਏ ਸਮੇਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਆਪਣੇ ਲਈ ਸੀਮਾਵਾਂ ਨਿਰਧਾਰਤ ਕਰੋ ਅਤੇ ਸੋਸ਼ਲ ਮੀਡੀਆ ’ਤੇ ਆਪਣਾ ਸਮਾਂ ਸੀਮਤ ਕਰਨ ਲਈ ਸੁਚੇਤ ਕੋਸ਼ਿਸ਼ ਕਰੋ। ਹੋਰ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਵੀ ਮਹੱਤਵਪੂਰਨ ਹੈ ਜੋ ਤੁਹਾਨੂੰ ਸੰਤੁਸ਼ਟੀ ਅਤੇ ਖੁਸ਼ੀ ਪ੍ਰਦਾਨ ਕਰਦੀਆਂ ਹਨ, ਜਿਵੇਂ ਕਿ ਪੜ੍ਹਨਾ, ਕਸਰਤ ਕਰਨਾ, ਅਤੇ ਦੋਸਤਾਂ ਅਤੇ ਪਰਿਵਾਰ ਨਾਲ ਸਮਾਂ ਬਿਤਾਉਣਾ।

ਸਿੱਟੇ ਵਜੋਂ, ਸੋਸ਼ਲ ਮੀਡੀਆ ਦੀ ਲਤ ਇੱਕ ਵਧ ਰਹੀ ਚਿੰਤਾ ਦਾ ਵਿਸ਼ਾ ਹੈ ਜੋ ਸਾਡੀ ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ’ਤੇ ਮਾੜਾ ਪ੍ਰਭਾਵ ਪਾ ਸਕਦੀ ਹੈ। ਸਾਨੂੰ ਸੋਸ਼ਲ ਮੀਡੀਆ ਦੀ ਬਹੁਤ ਜ਼ਿਆਦਾ ਵਰਤੋਂ ਦੇ ਨਾਕਾਰਾਤਮਕ ਨਤੀਜਿਆਂ ਤੋਂ ਜਾਣੂ ਹੋਣਾ ਚਾਹੀਦਾ ਹੈ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਆਪਣੇ ਸਮੇਂ ਨੂੰ ਸੀਮਤ ਕਰਨ ਲਈ ਮਹੱਤਵਪੂਰਨ ਕਦਮ ਚੁੱਕਣੇ ਚਾਹੀਦੇ ਹਨ। ਇਸਦੀ ਵਧੇਰੇ ਵਰਤੋਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਸੁਚੇਤ ਰਹਿਣ ਨਾਲ ਅਤੇ ਜੋ ਸਾਨੂੰ ਖੁਸ਼ੀ ਦੇ ਸਕਦੀਆਂ ਹਨ ਉਨ੍ਹਾਂ ਗਤੀਵਿਧੀਆਂ ਵਿੱਚ ਸ਼ਾਮਲ ਹੋ ਕੇ ਅਸੀਂ ਖੁਸ਼ਹਾਲ ਅਤੇ ਸਿਹਤਮੰਦ ਜੀਵਨ ਜੀਅ ਸਕਦੇ ਹਾਂ।

# ਆਨਲਾਈਨ ਝੂਠ ਤੇਜ਼ੀ ਨਾਲ ਕਿਉਂ ਫ਼ੈਲਦੇ ਹਨ ?



ਕਲਮਾਂ ਦੇ ਜਜ਼ਬਾਤ
ਡਾ. ਹਰਸ਼ਿੰਦਰ ਕੌਰ,
ਐਮ. ਡੀ.
0175-2216783



ਖ਼ਬਰਾਂ ਅਨੁਸਾਰ ਸੰਨ 2006 ਤੋਂ 2017 ਤੱਕ ਟਵਿੱਟਰ ਉੱਤੇ 30 ਲੱਖ ਲੋਕਾਂ ਨੇ ਇੱਕ ਲੱਖ ਛੱਬੀ ਹਜ਼ਾਰ ਝੂਠ ਫੈਲਾਏ। ਇਹ ਵੀ ਪਤਾ ਲੱਗਿਆ ਕਿ ਚੋਟੀ ਦੀਆਂ ਝੂਠੀਆਂ ਇੱਕ ਫੀਸਦੀ ਖ਼ਬਰਾਂ ਨੇ ਇੱਕ ਲੱਖ ਲੋਕਾਂ ਤੱਕ ਪਹੁੰਚ ਕੀਤੀ ਤੇ ਹਰ ਜਣੇ ਨੇ ਘੱਟੋ ਘੱਟ 40 ਤੋਂ 100 ਵਾਰ ਅੱਗੇ ਸ਼ੇਅਰ ਕੀਤੀ। ਦੂਜੇ ਪਾਸੇ ਸੱਚੀ ਖ਼ਬਰ ਵੱਧੋ-ਵੱਧ ਇੱਕ ਹਜ਼ਾਰ ਲੋਕਾਂ ਨੇ ਅੱਗੋਂ ਟਵੀਟ ਕੀਤੀ। ਇਸ ਤੋਂ ਬਾਅਦ ਆਮ ਪਰ ਮਸਾਲੇਦਾਰ ਖ਼ਬਰਾਂ ਵੱਲ ਧਿਆਨ ਕੀਤਾ ਗਿਆ। ਅਜਿਹੀਆਂ ਖ਼ਬਰਾਂ 45 ਲੱਖ ਵਾਰ ਅੱਗੋਂ ਟਵੀਟ ਹੋਈਆਂ। ਇਹ ਸਾਰੀਆਂ ਖ਼ਬਰਾਂ ਵਧਾ ਚੜ੍ਹਾ ਕੇ ਸੱਚ ਨੂੰ ਵਿਗਾੜ ਕੇ ਜਾਂ ਨਿਰੇ ਝੂਠ ਦੇ ਆਧਾਰ ਉੱਤੇ ਸਨ।

ਝੂਠੀਆਂ ਖ਼ਬਰਾਂ ਦੇ ਵੱਧ ਫੈਲਣ ਦੇ ਕਾਰਨ ਲੱਭਦਿਆਂ ਇਹ ਨੁਕਤਾ ਦਿਸਿਆ ਕਿ ਸਿਆਸਤ ਨਾਲ ਸਬੰਧਤ ਝੂਠੀਆਂ ਖ਼ਬਰਾਂ ਅੱਗ ਵਾਂਗ ਫੈਲਦੀਆਂ ਸਨ। ਦੂਜੇ ਨੰਬਰ ਉੱਤੇ ਝੂਠੇ ਅੱਤਵਾਦ ਨਾਲ ਸਬੰਧਤ, ਉਸ ਤੋਂ ਬਾਅਦ ਕੁਦਰਤੀ ਆਫਤਾਂ, ਫਿਰ ਸਾਇੰਸ ਵਿਚਲਾ ਝੂਠ ਤੇ ਫਿਰ ਗਲੀ ਮੁਹੱਲੇ ਜਾਂ ਵਿੱਤੀ ਸੰਕਟ ਦੀਆਂ ਝੂਠੀਆਂ ਖ਼ਬਰਾਂ।

ਦਰਅਸਲ ਝੂਠੀਆਂ ਖ਼ਬਰਾਂ ਗਲਪ ਕਹਾਣੀਆਂ ਵਾਂਗ ਸਾਡਾ ਧਿਆਨ ਖਿੱਚਦੀਆਂ ਹਨ ਕਿਉਂਕਿ ਉਸ ਵਿੱਚ ਡਰ, ਪਿਆਰ, ਤਣਾਓ, ਗੁੱਸਾ, ਘਬਰਾਹਟ, ਖੁਸ਼ੀ ਆਦਿ, ਸਭ ਦਾ ਮਿਸ਼ਰਨ ਮਿਲ ਜਾਂਦਾ ਹੈ, ਜਦਕਿ ਅਸਲ ਘਟਨਾਵਾਂ ਵਿੱਚ ਸਭ ਕੁੱਝ ਇੱਕ ਵਾਰ ਨਹੀਂ ਮਿਲਦਾ। ਸਿਆਸੀ ਖ਼ਬਰਾਂ ਇਸ ਲਈ ਵੱਧ ਧਿਆਨ ਖਿੱਚਦੀਆਂ ਹਨ, ਕਿਉਂਕਿ ਉਨ੍ਹਾਂ ਵਿੱਚਲੇ ਪਾਤਰ ਸਾਡੇ ਤੋਂ ਕਾਫੀ ਅਗਾਂਹ ਲੰਘ ਚੁੱਕੇ ਹੁੰਦੇ ਹਨ ਤੇ ਉਨ੍ਹਾਂ ਨੂੰ ਢਾਹ ਲਗਾਉਂਦੀ ਖ਼ਬਰ ਸਾਡੇ ਅੰਦਰ ਸਕੂਨ ਪਹੁੰਚਾਉਂਦੀ ਹੈ। ਸਿਆਸੀ ਉਥਲ ਪੁਥਲ ਨਾਲ ਆਪਣੇ ਪੂੰਜੀ ਨਿਵੇਸ਼, ਨੌਕਰੀ, ਤਰੱਕੀ, ਵਪਾਰ ਆਦਿ ਦਾ ਬਹੁਤ ਕੁੱਝ ਜੁੜਿਆ ਹੋਣਾ ਵੀ ਅਜਿਹੀਆਂ ਖ਼ਬਰਾਂ ਵੱਲ ਛੇਤੀ ਧਿਆਨ ਖਿੱਚਦਾ ਹੈ। ਇਹੀ ਕਾਰਨ ਹੈ ਕਿ ਸਿਆਸੀ ਖੇਡ ਵਿੱਚ ਝੂਠੀਆਂ ਖ਼ਬਰਾਂ ਨਾਲ ਲੋਕਾਂ ਦਾ ਧਿਆਨ ਖਿੱਚ ਕੇ ਹੋਰ ਪਾਸੇ ਕੇਂਦ੍ਰਿਤ ਕਰਨ ਦੀ ਰੁਚੀ ਵਧਦੀ ਜਾ ਰਹੀ ਹੈ। ਇੰਝ ਅਸਲ ਮੁੱਦਿਆਂ ਤੋਂ ਪੂਰੀ ਤਰ੍ਹਾਂ ਭਟਕਾ ਕੇ ਲੋਕਾਂ ਨੂੰ ਸੌਖਿਆਂ ਗੁੰਮਰਾਹ ਕੀਤਾ ਜਾ ਸਕਦਾ ਹੈ।

ਮਿਸਾਲ ਵਜੋਂ, ਘੱਟ ਤਨਖਾਹ ਤੇ ਦੋ ਵੇਲੇ ਦੀ ਰੋਟੀ ਨਾ ਮਿਲਣ ਤੋਂ ਦੁਖੀ ਜਨਤਾ ਨੂੰ ਅਸਲ ਨੁਕਤੇ ਤੋਂ ਭਟਕਾਉਣ ਲਈ ਕਿਸੇ ਨੇਤਾ ਦੇ ਇਸ਼ਕ ਦੇ ਚੱਕਰ ਬਾਰੇ ਖ਼ਬਰ ਪੜ੍ਹਨ ਨੂੰ ਪਰੋਸ ਦਿੱਤੀ ਜਾਵੇ ਤਾਂ ਉਹ ਇਨ੍ਹਾਂ ਸਿਆਸੀ ਉਲਝਣਾਂ ਵਿੱਚ ਹੀ ਫਸ ਕੇ ਰਹਿ ਜਾਂਦਾ ਹੈ। ਝੂਠੀਆਂ ਖ਼ਬਰਾਂ ਨਾਲ ਸਟਾਕ ਮਾਰਕਿਟ ਵੀ ਖ਼ਰਬਾਂ ਦਾ ਘਾਟਾ ਸਹਿਣ ਲਈ ਮਜਬੂਰ ਹੋ ਜਾਂਦੀ ਹੈ।

ਹੁਣ ਤਾਂ ਇਹ ਸਭ ਵੇਖਦਿਆਂ ਝੂਠੇ ਬੰਬ ਦੀ ਖ਼ਬਰ, ਅੱਤਵਾਦੀ ਹਮਲੇ, ਪ੍ਰਧਾਨ ਮੰਤਰੀ ਦੇ ਝੂਠੇ ਐਕਸੀਡੈਂਟ ਤੋਂ ਲੈ ਕੇ ਕਿਸੇ ਮਹਾਂਮਾਰੀ ਬਾਰੇ ਭੈਅ ਫੈਲਾਉਣ ਲਈ ਝੂਠੀਆਂ ਖ਼ਬਰਾਂ ਦਾ ਅੰਬਾਰ ਲੱਗ ਚੁੱਕਿਆ ਹੈ।

ਇਸ ਵਾਸਤੇ ਅਨੇਕ ਬੰਦੇ ਬਕਾਇਦਾ ਨੌਕਰੀ ਉਤੇ ਲਾਏ ਜਾਂਦੇ ਹਨ, ਜਿਨ੍ਹਾਂ ਦਾ ਕੰਮ ਹੀ ਝੂਠੀਆਂ ਤੇ ਮਸਾਲੇਦਾਰ ਖ਼ਬਰਾਂ ਬਣਾ ਕੇ ਫੈਲਾਉਣਾ ਹੁੰਦਾ ਹੈ।

ਡੈਲ ਵਿਕੇਰੀਓ ਤੇ ਬੈਸੀ ਖੋਜੀਆਂ ਨੇ ਵਿਗਿਆਨ ਅਤੇ ਕਿਸੇ ਸ਼ਖ਼ਸੀਅਤ ਨੂੰ ਢਾਅ ਲਾਉਣ ਨਾਲ ਸਬੰਧਤ ਫੈਲਾਏ ਝੂਠ ਦੀਆਂ ਕਹਾਣੀਆਂ ਨੂੰ ਘੋਖਿਆ। ਉਨ੍ਹਾਂ ਨੇ ਖੋਜੀ ਫਰਿਗੇਰੀ ਵਲੋਂ 4000 ਝੂਠੀਆਂ ਖ਼ਬਰਾਂ ਉਤੇ ਕੀਤੀ ਖੋਜ ਨੂੰ ਆਧਾਰ ਬਣਾਇਆ ਜਿਹੜੀਆਂ ਫੇਸਬੁੱਕ ਰਾਹੀਂ ਫੈਲਾਈਆਂ ਗਈਆਂ ਸਨ।

ਬਦਕਿਸਮਤੀ ਨਾਲ ਮਨੁੱਖੀ ਦਿਮਾਗ਼ ਵਾਰ ਵਾਰ ਸੁਣੇ ਝੂਠ ਨੂੰ ਸੱਚ ਮੰਨਣ ਲੱਗ ਪੈਂਦਾ ਹੈ। ਇਸੇ ਨੂੰ ਆਧਾਰ ਬਣਾ ਕੇ ਅਤੇ ਕਿਸੇ ਕੋਰਟ ਕੇਸ ਵਿੱਚ ਫਸਣ ਤੋਂ ਬਚਣ ਲਈ-‘ਸੂਤਰਾਂ ਤੋਂ ਪਤਾ ਲੱਗਿਆ ਹੈ’, ‘ਸੂਹ ਮਿਲੀ ਹੈ’, ਵਰਗੀਆਂ ਸਤਰਾਂ ਨੂੰ ਝੂਠੀ ਖ਼ਬਰ ਤੋਂ ਪਹਿਲਾਂ ਜੋੜ ਲਿਆ ਜਾਂਦਾ ਹੈ। ਇੰਝ ਹੀ ਅਸਲ ਫੋਟੋ ਵਿੱਚ ਕੰਪਿਊਟਰ ਰਾਹੀਂ ਥੋੜ੍ਹਾ ਬਹੁਤ ਜੋੜ-ਤੋੜ ਕਰਕੇ ਸੌਖਿਆਂ ਹੀ ਹੋਰਨਾਂ ਨੂੰ ਭਰਮਾਇਆ ਜਾ ਸਕਦਾ ਹੈ। ਝੂਠੀ ਖ਼ਬਰ ਫੈਲਾਉਣ ਦੇ ਵੀ ਵੱਖੋ-ਵੱਖ ਢੰਗ ਹੁੰਦੇ ਹਨ :-

1) ਰਿਊਮਰ ਡਿਫਿਊਜ਼ਨ : ਇਸ ਅਧੀਨ ਕਿਸੇ ਝੂਠੀ ਖ਼ਬਰ ਨੂੰ ਇੱਕ ਬੰਦੇ ਤੋਂ ਸ਼ੁਰੂ ਕੀਤਾ ਜਾਂਦਾ ਹੈ ਤੇ ਫਿਰ ਉਸੇ ਖ਼ਬਰ ਨੂੰ 200 ਬੰਦਿਆਂ ਵਲੋਂ ‘ਰੀ-ਟਵੀਟ’ ਕੀਤਾ ਜਾਂਦਾ ਹੈ, ਜਿਸ ਤੋਂ ਬਾਅਦ ਲੋਕ ਆਪ ਹੀ ਇਸ ਨੂੰ ਅੱਗੋਂ ਟਵੀਟ ਕਰਨ ਲੱਗ ਪੈਂਦੇ ਹਨ।

2) ਰਿਊਮਰ ਕੈਸਕੇਡ :- ਇੱਕੋ ਝੂਠੀ ਕਹਾਣੀ ਨੂੰ ਥੋੜ੍ਹਾ ਜਿੰਨਾ ਬਦਲ ਕੇ ਕਿਸੇ ਹੋਰ ਵੱਲੋਂ ਵੱਖ ਟਵੀਟ ਕਰਵਾਇਆ ਜਾਂਦਾ ਹੈ। ਇੰਝ ਕਹਾਣੀ ਦਾ ਅਸਲ ਨੁਕਤਾ ਉਹੀ ਰੱਖਿਆ ਜਾਂਦਾ ਹੈ ਪਰ ਵਿੱਚ ਲਾਏ ਮਸਾਲੇ ਖੱਟੇ, ਮਿੱਠੇ ਜਾਂ ਤਿੱਖੇ ਕਰ ਦਿੱਤੇ ਜਾਂਦੇ ਹਨ। ਇਹੋ ਜਿਹੇ ਵੱਖੋ ਵੱਖ ਟਵੀਟ ਝੂਠੀ ਖ਼ਬਰ ਨੂੰ ਹੋਰ ਪਕਿਆਈ ਵਿੱਚ ਲੈ ਜਾਂਦੇ ਹਨ। ਫਿਰ ਅਜਿਹੇ ਵੱਖੋ ਵੱਖ ਝੂਠੇ ਟਵੀਟ ਕਾਫ਼ਲੇ ਵਾਂਗ ਅਸਰ ਵਿਖਾਉਂਦੇ ਹਨ ਤੇ ਅੱਗੋਂ ਹਰ ਵੱਖਰਾ ਟਵੀਟ 200 ਬੰਦਿਆਂ ਤੋਂ ਰੀ-ਟਵੀਟ ਕਰਵਾਇਆ ਜਾਂਦਾ ਹੈ ਜੋ ਲੱਖਾਂ ਲੋਕਾਂ ਤੱਕ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਦੇ ਟਵੀਟ ਨੂੰ ‘ਵਾਇਰਲ’ ਦਾ ਨਾਂ ਦੇ ਕੇ ਅੰਤਰਰਾਸ਼ਟਰੀ ਖ਼ਬਰ ਬਣਾ ਦਿੱਤਾ ਜਾਂਦਾ ਹੈ।

ਅਜਿਹੇ ਟਵੀਟ ਕਈ ਵਾਰ ਪੁਸ਼ਤਾਂ ਤੱਕ ਉਸੇ ਝੂਠ ਨੂੰ ਅਗਾਂਹ ਤੋਰਦੇ ਸੱਚ ਵਿੱਚ ਤਬਦੀਲ ਹੋ ਜਾਂਦੇ ਹਨ।

ਰਿਊਮਰ ਕੈਸਕੇਡ ਆਮ ਤੌਰ ’ਤੇ 1000 ਬੰਦਿਆਂ ਤੋਂ ਇੱਕ ਅੱਧੇ ਦਿਨ ਦੇ ਫ਼ਾਸਲੇ ’ਤੇ ਸ਼ੁਰੂ ਕਰਵਾਏ ਜਾਂਦੇ ਹਨ। ਮਿਸਾਲ ਵਜੋਂ ਕਿਸੇ ਨੂੰ ‘ਪੱਪੂ’ ਸਾਬਤ ਕਰਨਾ ਹੋਵੇ ਤਾਂ ਉਸ ਬਾਰੇ ਝੂਠੇ, ਮੂਰਖਤਾ ਵਾਲੇ ਨਿੱਕੇ ਨਿੱਕੇ ਟਵੀਟ ਜਾਂ ਚੁਟਕਲਿਆਂ ਤੋਂ ਸ਼ੁਰੂ ਕਰਕੇ, ਉਸ ਵੱਲੋਂ ਬੋਲੇ ਸ਼ਬਦਾਂ ਵਿੱਚ ਰਤਾ ਹੇਰ ਫ਼ੇਰ ਕਰਕੇ ਉਸ ਨੂੰ ਮਜ਼ਾਕ ਦਾ ਪਾਤਰ ਬਣਾ ਦਿੱਤਾ ਜਾਂਦਾ ਹੈ।

ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵੇਲੇ ਸਿਆਸੀ ਖ਼ਬਰਾਂ ਦਾ ਜੋੜ-ਤੋੜ ਸਿਖਰਾਂ ਉੱਤੇ ਸੀ। ਇਸ ਦੀ ਸ਼ੁਰੂਆਤ 2013 ਤੋਂ ਹੋਈ ਤੇ ਸੰਨ 2015 ਤੱਕ ਇਹ ਕੰਮ ਪੂਰਾ ਜ਼ੋਰ ਫੜ ਗਿਆ। ਸੰਨ 2016 ਵਿੱਚ ਰਿਊਮਰ ਡਿਫਿਊਜ਼ਨ ਤੋਂ ਰਿਊਮਰ ਕੈਸਕੇਡ ਵੱਲ ਕੰਮ ਤੋਰ ਦਿੱਤਾ ਗਿਆ। ਉਸ ਦੌਰਾਨ ਰਿਕਾਰਡਤੋੜ ਕੈਸਕੇਡ ਕੀਤੇ ਗਏ, ਯਾਨੀ 45,000 ਤੋਂ ਵੀ ਵੱਧ।

ਇਨ੍ਹਾਂ ਵਿੱਚ ਹੀ ਸਾਇੰਸ, ਵੱਡੀਆਂ ਸਖਸ਼ੀਅਤਾਂ, ਵਪਾਰ, ਅੱਤਵਾਦੀ ਸੰਗਠਨਾਂ ਆਦਿ ਬਾਰੇ ਵੀ ਅਨੇਕ ਝੂਠ ਫੈਲਾਏ ਗਏ ਤਾਂ ਜੋ ਲੋਕ ਸੱਚ ਝੂਠ ਵਿੱਚ ਫਰਕ ਕਰ ਹੀ ਨਾ ਸਕਣ ਤੇ ਉਲਝਦੇ ਤੁਰੀ ਜਾਣ।

ਇਸ ਤੋਂ ਬਾਅਦ ਦੂਜਾ ਨੁਕਤਾ ਸਾਹਮਣੇ ਆਇਆ ਜਿਸ ਵਿੱਚ ਇੱਕੋ ਥਾਂ ਤੋਂ ‘ਪੂਰਨ ਸੱਚ’, ‘ਅੱਧਾ ਸੱਚ’, ਅੱਧਾ ਝੂਠ’ ਤੇ ‘ਕੋਰਾ ਝੂਠ’ ਟਵੀਟ ਕਰਵਾਇਆ ਗਿਆ। ਇਹ ਵੇਖਣ ਨੂੰ ਮਿਲਿਆ ਕਿ ਇਸ ਤਰ੍ਹਾਂ ਦੇ ਰਲਗੱਡ ਟਵੀਟਾਂ ਵਿੱਚ ਲੋਕ ਪੂਰੀ ਤਰ੍ਹਾਂ ਉਲਝ ਜਾਂਦੇ ਹਨ ਤੇ ਕਦੇ ਵੀ ਪੂਰਾ ਝੂਠ ਫੜ ਨਹੀਂ ਸਕਦੇ। ਇਹ ਨੁਕਤਾ ਸੰਨ 2017 ਵਿੱਚ ਪੂਰਾ ਜ਼ੋਰ ਫੜ ਗਿਆ।

ਇਸ ਤਰ੍ਹਾਂ ਦੇ ਟਵੀਟਾਂ ਵਿੱਚੋਂ ਵੀ ਅੱਧਾ ਝੂਠ ਤੇ ਕੋਰਾ ਝੂਠ ਅੱਗੋਂ ਵੱਧ ਟਵੀਟ ਕੀਤੇ ਗਏ ਪਰ ਲੋਕਾਂ ਵਲੋਂ ‘ਨਿਰੇ ਝੂਠ’ ਨੂੰ ਬਾਕੀਆਂ ਨਾਲੋਂ 19 ਗੁਣਾ ਵੱਧ ਟਵੀਟ ਕੀਤਾ ਗਿਆ ਤੇ ਘੰਟਿਆਂ ਵਿੱਚ ਹੀ ਇੱਕ ਲੱਖ ਲੋਕਾਂ ਤੱਕ ਪਹੁੰਚ ਗਿਆ। ਟੀ. ਵੀ. ਜਾਂ ਅਖ਼ਬਾਰਾਂ ਨਾਲੋਂ ਵੀ ਵੱਧ ਝੂਠੇ ਟਵੀਟ ਦੀ ਪਹੁੰਚ ਵੇਖੀ ਗਈ।

ਇਸ ਦੇ ਉਲਟ ਸੱਚੀ ਖ਼ਬਰ ਛੇ ਗੁਣਾਂ ਵੱਧ ਸਮੇਂ ਬਾਅਦ ਵੀ ਸਿਰਫ 1500 ਲੋਕਾਂ ਤੱਕ ਪਹੁੰਚਦੀ ਦਿਸੀ। ਇੱਕੋ ਵੇਲੇ ਦੋ ਵੱਖੋ ਵੱਖ ਜਣਿਆਂ ਤੋਂ ਇੱਕੋ ਖ਼ਬਰ ਦੇ ਸੱਚੇ ਤੇ ਝੂਠੇ ਪਹਿਲੂ ਟਵੀਟ ਕਰਵਾਏ ਗਏ। ਕਮਾਲ ਹੀ ਹੋ ਗਈ ਜਦੋਂ ਇਹ ਖ਼ਬਰਾਂ 1:10 ਦੇ ਹਿਸਾਬ ਨਾਲ ਫੈਲੀਆਂ ਲੱਭੀਆਂ। ਯਾਨਿ ਲੋਕਾਂ ਨੇ ਝੂਠ ਨੂੰ ਵੱਧ ਸ਼ੌਂਕ ਨਾਲ ਪੜ੍ਹਿਆ ਤੇ ਅੱਗੋਂ 10 ਗੁਣਾ ਵੱਧ ਟਵੀਟ ਕਰ ਕੇ 1000 ਗੁਣਾਂ ਵੱਧ ਲੋਕਾਂ ਤੱਕ ਪਹੁੰਚਾ ਦਿੱਤਾ।

ਸਪਸ਼ਟ ਹੋ ਗਿਆ ਕਿ ਕਿਸੇ ਦੀ ਉਮਰ ਭਰ ਦੀ ਕਮਾਈ ਸ਼ੋਹਰਤ ਨੂੰ ਪਲਾਂ ਵਿੱਚ ਹੀ ਢਾਹਿਆ ਜਾ ਸਕਦਾ ਹੈ। ਅਜਿਹੇ ਨੈਟਵਰਕ ਹੁਣ ਸੈਂਕੜਿਆਂ ਦੀ ਗਿਣਤੀ ਵਿੱਚ ਕੰਮ ਕਰ ਰਹੇ ਹਨ, ਜਿੱਥੇ ਅੱਗੋਂ ਹਜ਼ਾਰਾਂ ਲੋਕ ਇਸ ਕੰਮ ਵਿੱਚ ਲਾਏ ਹੋਏ ਹਨ, ਜਿਨ੍ਹਾਂ ਦਾ ਕੰਮ ਸਿਰਫ਼ ਟਵੀਟ ਨੂੰ ਅਗਾਂਹ ਤੋਰਨਾ ਹੈ ਜੋ ਕਰੋੜਾਂ ਲੋਕਾਂ ਤੱਕ ਝੱਟਪਟ ਪਹੁੰਚ ਜਾਂਦਾ ਹੈ।

ਜਦੋਂ ਝੂਠ ਫੜਿਆ ਜਾਵੇ :- ਜਦੋਂ ਕਿਸੇ ਇੱਕ ਜਣੇ ਵਲੋਂ ਕੀਤੇ ਝੂਠੇ ਟਵੀਟ ਜਾਂ ਫੇਸਬੁੱਕ ਉੱਤੇ ਲਿਖੇ ਝੂਠ ਦੋ ਕੁ ਵਾਰ ਫੜੇ ਜਾਣ ਅਤੇ ਝੂਠੇ ਸਬਤ ਹੋ ਜਾਣ ਤਾਂ ਇਹ ਵੇਖਣ ਵਿੱਚ ਆਇਆ ਕਿ ਲੋਕ ਉਸ ਵਲੋਂ ਕੀਤੇ ਇੱਕ ਅੱਧ ਸੱਚੇ ਟਵੀਟ ਵੀ ਮੰਨਣੋਂ ਹੱਟ ਜਾਂਦੇ ਹਲ। ਇਸੇ ਲਈ ਝੂਠ ਫੈਲਾਉਣ ਵਾਲੇ ਲਗਾਤਾਰ ਕੁਝ ਸੱਚ ਤੇ ਬਾਕੀ ਸਾਰਾ ਝੂਠ ਰਲਗੱਡ ਕਰਕੇ ਅਨੇਕ ਥਾਵਾਂ ਤੋਂ ਇੱਕੋ ਵੇਲੇ ਝਮੇਲਾ ਪਾ ਕੇ ਰੱਖ ਦਿੰਦੇ ਹਨ ਕਿ ਇੱਕ ਆਮ ਬੰਦਾ ਇਸ ਵਿੱਚਲੇ ਕਿੰਨੇ ਫੀਸਦੀ ਸੱਚ ਜਾਂ ਕਿੰਨਾ ਝੂਠ, ਲੱਭ ਹੀ ਨਹੀਂ ਸਕਦਾ।

ਇੱਕ ਥਿਊਰੀ ਦੇ ਅਨੁਸਾਰ ਅਜਿਹੇ ਝੂਠ ਸੱਚ ਦਾ ਮਿਸ਼ਰਨ ਆਮ ਤੌਰ ’ਤੇ ਲੋਕ ਰਾਇ ਤਬਦੀਲ ਕਰਨ, ਸਿਆਸੀ ਲਾਹਾ ਲੈਣ ਜਾਂ ਵਪਾਰ ਵਧਾਉਣ ਲਈ ਕੀਤਾ ਜਾ ਰਿਹਾ ਹੈ।

ਮਿਸਾਲ ਵਜੋਂ ਇਹੋ ਜਿਹਾ ਇਸ਼ਤਿਹਾਰ, ‘ਇਹ ਫੈਸ਼ਨ ਤਾਂ ਟਰੈਂਡਿੰਗ ਵਿੱਚ ਹੈ, ਤੈਨੂੰ ਪਤਾ ਹੀ ਨਹੀਂ ?’ ਇਹ ਕੋਰਾ ਝੂਠ ਹੋਣ ਦੇ ਬਾਵਜੂਦ ਅਣਗਿਣਤ ਲੋਕਾਂ ਨੂੰ ਉਸ ਪਾਸੇ ਖਿੱਚੇਗਾ ਤੇ ਬਦੋਬਦੀ ਖ਼ਰੀਦਣ ਉੱਤੇ ਮਜਬੂਰ ਕਰੇਗਾ।

ਇਸ ਵਿੱਚ ਮਨੁੱਖੀ ਮਨ ਦੇ ਦੋ ਪੱਖ ਛੋਹੇ ਗਏ। ਪਹਿਲਾ, ਇਹ ਫੈਸ਼ਨ ਅਣਗਿਣਤ ਲੋਕ ਪਹਿਲਾਂ ਹੀ ਅਪਣਾ ਚੁੱਕੇ ਹਨ ਤੇ ਮੈਨੂੰ ਪਤਾ ਹੀ ਨਹੀਂ। ਦੂਜੇ, ਕਿਤੇ ਮੈਂ ਸਭ ਤੋਂ ਵੱਖ ਪਿਛਾਂਹ ਰਹਿ ਕੇ ਮਜ਼ਾਕ ਦਾ ਪਾਤਰ ਹੀ ਨਾ ਬਣ ਜਾਵਾਂ! ਇਸ ਹੀਣ ਭਾਵਨਾ ਨੂੰ ਘਟਾਉਣ ਲਈ ਬੰਦਾ ਉਹੀ ਟਵੀਟ ਅਗਾਂਹ ਕਰ ਦਿੰਦਾ ਹੈ ਕਿ ਮੈਨੂੰ ਪਤਾ ਹੈ ਤੇ ਮੈਂ ਵੀ ਇਸ ਦਾ ਹਿੱਸਾ ਹਾਂ।

ਇੱਕ ਖੋਜ ਅਧੀਨ ਟਵਿਟਰ ਨੇ 5 ਹਜ਼ਾਰ ਲੋਕ ਸ਼ਾਮਲ ਕੀਤੇ, ਜਿਨ੍ਹਾਂ ਵਿੱਚ ਸੱਚ ਝੂਠ ਲਿਖਣ ਵਾਲੇ ਸਾਰੇ ਹੀ ਬਿਨਾਂ ਕਿਸੇ ਚੋਣ ਦੇ ਜੋੜ ਲਏ ਗਏ। ਉਨ੍ਹਾਂ ਵਿੱਚੋਂ ਛਾਣਬੀਣ ਕੀਤੇ ਬਗ਼ੈਰ 25 ਹਜ਼ਾਰ ਟਵੀਟ ਕੱਢੇ ਜਿਹੜੇ ਦੋ ਮਹੀਨੇ ਪਹਿਲਾਂ ਤੋਂ ਇਨ੍ਹਾਂ ਨੇ ਵੇਖੇ ਹੋਏ ਸਨ। ਫਿਰ ਇਹ ਲੱਭਿਆ ਗਿਆ ਕਿ ਇਨ੍ਹਾਂ ਵਿੱਚੋਂ ਕਿੰਨੇ ਰੀ-ਟਵੀਟ ਕੀਤੇ ਗਏ। ਲਗਭਗ 200 ਤੋਂ ਵੱਧ ਵੱਖੋ ਵੱਖਰੇ ਵਿਸ਼ਿਆਂ ਉੱਤੇ ਕੀਤੇ ਗਏ ਟਵੀਟ ਸਨ ਤੇ ਵੱਖੋ-ਵੱਖ ਜ਼ੁਬਾਨਾਂ ਵਿੱਚਲੇ ਲੋਕ ਸ਼ਾਮਲ ਕੀਤੇ ਗਏ ਸਨ।

ਸਾਰੇ ਹੀ ਤੱਥਾਂ ਨੂੰ ਵੇਖਦੇ ਹੋਏ ਇਹ ਨਿਚੋੜ ਨਿਕਲਿਆ, ਜੋ ‘ਨੈਸ਼ਨਲ ਰੀਸਰਚ ਕਾਊਂਸਲ ਕੈਨੇਡਾ’ ਅਨੁਸਾਰ 8 ਕਿਸਮਾਂ ਦੇ ਹਾਵ ਭਾਵ ਉਜਾਗਰ ਕਰ ਸਕਦੀਆਂ ਹਨ, ਉਹੀ ਖ਼ਬਰਾਂ ਸਭ ਤੋਂ ਵੱਧ ਰੀ-ਟਵੀਟ ਹੋ ਕੇ ਲੱਖਾਂ ਲੋਕਾਂ ਤੱਕ ਪਹੁੰਚਦੀਆਂ ਹਨ। ਇਨ੍ਹਾਂ ਵਿੱਚ ਗੁੱਸਾ, ਭੈਅ, ਉਮੀਦ, ਵਿਸ਼ਵਾਸ, ਹੈਰਾਨੀ, ਉਦਾਸੀ, ਖੁਸ਼ੀ ਤੇ ਨਫ਼ਰਤ ਸ਼ਾਮਲ ਸਨ।

ਲ ਗਭਗ 32 ਹਜ਼ਾਰ ਅਜਿਹੇ ਟਵੀਟ ਜਿਹੜੇ ਇਨ੍ਹਾਂ ਅੱਠ ਕਿਸਮਾਂ ਦੇ ਹਾਵ-ਭਾਵ ਨਾਲ ਲਬਰੇਜ਼ ਸਨ, (**ਬਾਕੀ ਸਫ਼ਾ 31 ’ਤੇ**)


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's
FUEL CARDS
NO CREDIT - NO PROBLEM
BEST CUSTOMER SERVICE
QUIKQ wex
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
ROAD SQUAD
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035




# ਦੇਸ਼ ਪੰਜਾਬ ਦੀ ਮਹਾਰਾਣੀ ਜਿੰਦ ਕੌਰ

ਸ਼ਮਸ਼ੇਰ ਸਿੰਘ ਜੇਠੂਵਾਲ

ਕਾਬਲ, ਕੰਧਾਰ ਅਫਗਾਨਿਸਤਾਨ ਤੋਂ ਕਸ਼ਮੀਰ, ਲੇਹ ਲੱਦਾਖ ਤੱਕ ਫੈਲੇ ਵਿਸ਼ਾਲ ਸਿੱਖ ਰਾਜ ਦੀ ਮਹਾਰਾਣੀ ਜਿੰਦਾ ਨੇ ਰਾਜ-ਭਾਗ ਖੁੱਸ ਜਾਣ ਤੋਂ ਬਾਅਦ ਜੋ ਅਸਹਿ-ਅਕਹਿ ਦੁੱਖ ਝੱਲੇ ਉਸ ਕਹਿਰੀ ਤਵਾਰੀਖ਼ ਨੂੰ ਪੜ੍ਹ ਕੇ ਅੱਖਾਂ 'ਚੋਂ ਹੰਝੂ ਵਹਿ ਤੁਰਦੇ ਹਨ।

ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਮੁਲਤਾਨ, ਪਿਸ਼ਾਵਰ, ਕਸ਼ਮੀਰ ਵਰਗੇ ਸ਼ਹਿਰ ਅਤੇ ਪੰਜਾਂ ਦਰਿਆਵਾਂ ਸਤਿਲੁਜ, ਬਿਆਸ, ਰਾਵੀ, ਝਨਾਬ, ਜੇਹਲਮ ਦੀ ਮਾਲਕ ਮਹਾਰਾਣੀ ਨਾਲ, ਦੁਨੀਆਂ ਨੂੰ ਸ਼ਾਂਤੀ ਦਾ ਪਾਠ ਪੜ੍ਹਾਉਣ ਵਾਲੇ ਪਾਪੀ ਗੋਰਿਆਂ ਨੇ ਜੋ ਸਲੂਕ ਕੀਤਾ, ਉਸ ਤੋਂ ਵੱਧ ਬੇਰਹਿਮ ਅਣਮਨੁੱਖੀ ਵਰਤਾਰੇ ਦੀ ਮਿਸਾਲ ਸੰਸਾਰ ਵਿੱਚ ਕਿਤੇ ਨਹੀਂ ਮਿਲਦੀ।





ਜਿੰਦ ਕੌਰ (ਉਮਰ 45) ਦੀ ਜੌਰਜ ਰਿਚਮੌਂਡ ਦੁਆਰਾ ਬਣਾਈ ਗਈ ਤਸਵੀਰ

ਮਹਾਰਾਣੀ ਜਿੰਦਾ ਦਾ ਜਨਮ ਸੰਨ 1817 ਈ: ਨੂੰ ਖਾਲਸਾ ਰਾਜ ਦੇ ਪਿੰਡ ਚਾਹੜ ਜ਼ਿਲ੍ਹਾ ਸਿਆਲਕੋਟ ਵਿਖੇ ਨਾਮਵਰ ਸਰਦਾਰ ਮੰਨਾ ਸਿੰਘ ਔਲਖ ਦੇ ਗ੍ਰਹਿ ਹੋਇਆ।

ਸਿੱਖ ਜਰਨੈਲ ਸਰਦਾਰ ਜਵਾਲਾ ਸਿੰਘ ਭੜਾਣੀਆਂ ਨੇ ਸੰਨ 1835 ਨੂੰ ਜਿੰਦਾ ਦਾ ਰਿਸ਼ਤਾ ਮਹਾਰਾਜਾ ਰਣਜੀਤ ਸਿੰਘ ਨਾਲ ਕਰਵਾਇਆ ਜਿਸ ਤੋਂ ਬਾਅਦ ਜਿੰਦਾ ਨੂੰ ਦੇਸ਼ ਪੰਜਾਬ ਦੀ ਮਹਾਰਾਣੀ ਦਾ ਲਕਬ ਹਾਸਲ ਹੋਇਆ। 4 ਸਤੰਬਰ 1838 ਨੂੰ ਮਹਾਰਾਣੀ ਦੀ ਕੁੱਖੋਂ ਮਹਾਰਾਜਾ ਦਲੀਪ ਸਿੰਘ ਦਾ ਜਨਮ ਹੋਇਆ।

ਸੰਨ੍ਹ 1839 ਵਿਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਨਮਕ ਹਰਾਮੀ ਡੋਗਰਿਆਂ ਦੀਆਂ ਗਦਾਰੀਆਂ ਕਰਕੇ ਪੰਜਾਬ ਅਤੇ ਸਿੱਖ ਰਾਜ ਦੇ ਦੁਸ਼ਮਣ ਬਣੇ ਫਿਰੰਗੀਆਂ ਦੇ ਹੌਂਸਲੇ ਏਨੇ ਬੁਲੰਦ ਹੋਏ ਜਿਨ੍ਹਾਂ ਨੇ ਮਹਾਰਾਣੀ ਜਿੰਦ ਕੌਰ 'ਤੇ ਦੋਸ਼ ਲਾ ਕੇ ਗੋਰਿਆਂ ਨੇ ਮਹਾਰਾਣੀ ਜਿੰਦਾ ਨੂੰ 20 ਅਗਸਤ 1847 ਨੂੰ ਸ਼ੇਖੂਪੁਰੇ ਕੈਦ ਕਰ ਲਿਆ।

ਸਿੱਖ ਰੋਹ ਵਧਦਾ ਵੇਖ ਮਹਾਰਾਣੀ ਜਿੰਦਾ ਨੂੰ ਸੰਨ 1848 ਨੂੰ ਬਨਾਰਸ ਚੁਨਾਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਜਿਥੋਂ ਬਹਾਦਰ ਮਹਾਰਾਣੀ ਅਪ੍ਰੈਲ 1849 ਨੂੰ ਇਕ ਨੌਕਰਾਣੀ ਦੇ ਭੇਸ ਵਿੱਚ ਨਦੀ ਕੰਢੇ ਬਣੇ ਸੁੰਨਸਾਨ ਕਿਲ੍ਹੇ 'ਚੋਂ ਭੱਜ ਕੇ ਨੇਪਾਲ ਜਾ ਪਹੁੰਚੀ ਜਿੱਥੇ ਨੇਪਾਲ ਦੇ ਰਾਜੇ ਨੇ ਮਹਾਰਾਣੀ ਦੀ ਰਿਹਾਇਸ਼ ਦਾ ਪ੍ਰਬੰਧ ਕਰਕੇ ਸਿੱਖਾਂ 'ਤੇ ਅਹਿਸਾਨ ਕੀਤਾ।

ਡੋਗਰਿਆਂ ਦੀਆਂ ਗਦਾਰੀਆਂ ਦੀ ਬਦੌਲਤ ਦੇਸ਼ ਪੰਜਾਬ 'ਤੇ ਪੂਰੀ ਤਰ੍ਹਾਂ ਕਾਬਜ ਹੋ ਚੁੱਕੇ ਫਿਰੰਗੀ 1854 'ਚ ਸਿੱਖਾਂ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਪਾਦਰੀਆਂ ਵਲੋਂ ਕੇਸ ਕੱਟ ਕੇ ਧੋਖੇ ਨਾਲ ਈਸਾਈ ਬਣਾ ਕੇ ਇੰਗਲੈਂਡ ਲੈ ਗਏ, ਜਿੱਥੋਂ ਉਸ ਨੂੰ ਪੰਜਾਬ ਨਾ ਪਰਤਣ ਦਿੱਤਾ ਭਾਵ ਜਲਾਵਤਨ ਕਰ ਦਿੱਤਾ ਗਿਆ।

ਬੇਗਾਨੀ ਧਰਤੀ 'ਤੇ ਮਜਬੂਰ ਦੇਸ਼ ਪੰਜਾਬ ਦੇ ਵਾਰਸ ਦੁਖੀਏ ਮਾਂ ਪੁੱਤਾਂ ਨੂੰ ਆਦਰਾਂ ਦੀ ਖਿੱਚ ਨੇ 12 ਸਾਲ ਬਾਅਦ ਮਿਲਣ ਲਈ ਮਜਬੂਰ ਕਰ ਦਿੱਤਾ। ਪਰ ਨੇਪਾਲ ਸਰਕਾਰ ਨੇ ਅੰਗਰੇਜਾਂ ਦੇ ਦਬਾਅ ਅਧੀਨ ਦਲੀਪ ਸਿੰਘ ਨੂੰ ਨੇਪਾਲ ਆਉਣ ਤੋਂ ਰੋਕ ਦਿੱਤਾ। ਵਿਛੜੇ ਮਾਂ ਪੁੱਤਾਂ ਦੀ ਮਿਲਣੀ ਕਲਕੱਤੇ ਵਿਖੇ ਹੋਈ।

ਰਾਜ-ਭਾਗ ਤੋਂ ਜਲਾਵਤਨੀਆਂ ਕੱਟ ਰਹੇ ਦੋਵੇਂ ਮਾਂ ਪੁੱਤ ਲੰਮੇ ਅਰਸੇ ਬਾਅਦ ਗਲ਼ੇ ਮਿਲਕੇ ਬਹੁਤ ਰੋਏ। ਇਥੇ ਮਹਾਰਾਣੀ ਜਿੰਦ ਕੌਰ ਦੀ ਸਿੱਖੀ ਨਾਲ ਪਿਆਰ ਦੀ ਇਕ ਕਮਾਲ ਦੀ ਵਾਰਤਾ ਜੁੜੀ ਹੈ। ਪੁੱਤ ਦੇ ਵਿਯੋਗ ਵਿੱਚ ਅੱਖਾਂ ਦੀ ਰੌਸ਼ਨੀ ਗਵਾ ਚੁੱਕੀ ਮਹਾਰਾਣੀ ਪੁੱਤ ਦੀ ਕੰਢ 'ਤੇ ਹੱਥ ਫੇਰਦੀ ਦਾ ਹੱਥ ਜਦੋਂ ਸਿਰ 'ਤੇ ਪਹੁੰਚਿਆ ਤਾਂ ਮਹਾਰਾਣੀ ਨੇ ਧਾਹਾਂ ਮਾਰੀਆਂ ਕਹਿਣ ਲੱਗੀ, ਪੁੱਤ, ਰਾਜਭਾਗ ਗਿਆ ਕੋਈ ਗੱਲ ਨਹੀਂ, ਪਰ ਤੂੰ ਗੁਰੂ ਪਾਤਸ਼ਾਹ ਦੀ ਸਿੱਖੀ ਕਿਉਂ ਛੱਡੀ?

ਰੋ ਰਹੇ ਪੁੱਤ ਦਲੀਪ ਨੇ ਕਿਹਾ ਮਾਤਾ ਮੈਨੂੰ ਬਚਪਨ 'ਚ ਫਿਰੰਗੀ ਨੇ ਧੋਖੇ ਨਾਲ ਈਸਾਈ ਬਣਾ ਦਿੱਤਾ।

ਰੋਂਦੀ ਜਿੰਦਾ ਨੂੰ ਜਦੋਂ ਦਲੀਪ ਮਿਲਿਆ ਧਾਹਾਂ ਮਾਰਕੇ ਰੋਈ ਮਜਬੂਰ ਮਾਤਾ,

ਜੂੜਾ ਪੁੱਤ ਦੇ ਸਿਰ ਤੇ ਨਾ ਵੇਖ ਕੇ ਤੇ ਹੋਈ ਟੁੱਟ ਕੇ ਚਕਨਾਚੂਰ ਮਾਤਾ,

ਪੁੱਤਰ ਕਿਹਾ ਮਾਤਾ ਦੇ ਪੈਰ ਫੜਕੇ ਮੈਨੂੰ ਕੀਤਾ ਫਰੰਗੀ ਨੇ ਦੂਰ ਮਾਤਾ,

ਜਿਥੋਂ ਦਲੀਪ ਸਿੰਘ ਉਸ ਨੂੰ ਇੰਗਲੈਂਡ ਲੈ ਗਿਆ। ਮਹਾਰਾਜੇ ਨੇ ਕੇਸ ਰੱਖੇ, ਅੰਮ੍ਰਿਤ ਛਕਿਆ। ਪਾਪੀਆਂ ਨੇ ਮਾਂ ਪੁੱਤਾਂ ਨੂੰ ਇਕੱਠੇ ਵੇਖ ਬਰਦਾਸ਼ਤ ਨਾ ਕੀਤਾ, ਦੋਵਾਂ ਨੂੰ ਅਲੱਗ ਰਹਿਣ ਲਈ ਮਜਬੂਰ ਕੀਤਾ, ਮਹਾਰਾਣੀ ਨੂੰ ਕੈਨਸਿੰਗਸਨ ਵਿੱਚ ਅਬਿਗਟਨ ਹਾਊਸ ਭੇਜ ਦਿੱਤਾ।

ਜਿੰਦਗੀ ਦੀਆਂ ਤਲ਼ਖ਼, ਹਕੀਕਤਾਂ ਨਾਲ ਜੂਝਦੀ ਬਹਾਦਰ ਸਿਦਕੀ ਸਿੱਖ ਮਹਾਰਾਣੀ ਦੀ ਸਿਹਤ ਅਜਿਹੀ ਵਿਗੜੀ ਕਿ ਬਾਅਦ ਵਿਚ ਠੀਕ ਨਾ ਹੋਈ, ਲਗਾਤਾਰ ਬਿਮਾਰ ਰਹਿਣ ਦੇ ਬਾਵਜੂਦ ਆਪਣੇ ਪੁੱਤ ਮਹਾਰਾਜੇ ਨੂੰ ਸਿੱਖੀ ਦੀਆਂ ਐਸੀਆਂ ਨਸੀਹਤਾਂ ਦੇਂਦੀ ਜਿਵੇਂ ਬੁਝਣ ਲੱਗੇ ਦੀਵੇ ਦੀ ਜੋਤ ਜਰਾ ਵਧੇਰੇ ਰੋਸ਼ਨ ਹੋ ਜਾਇਆ ਕਰਦੀ, ਆਖਦੀ :

'ਪੁੱਤ ਮੇਰੇ ਸਰੀਰ ਦੀ ਇਹ ਮਿੱਟੀ ਦੇਸ਼ ਪੰਜਾਬ ਦੀ ਅਮਾਨਤ ਹੈ, ਵੇਖੀਂ ਕਿਤੇ ਨਿਰਦਈ ਗੋਰਿਆਂ ਦੇ ਦੇਸ਼ ਵਿੱਚ ਰੁਲਦੀ ਨਾ ਰਹਿ ਜਾਏ, ਮੇਰੇ ਸਵਾਸ ਪੂਰੇ ਹੋਣ ਤੱਕ ਮੇਰੀ ਅਰਥੀ ਨੂੰ ਏਥੋਂ ਚੁੱਕ ਲਈ, ਦੇਸ਼ ਪੰਜਾਬ ਲਾਹੌਰ ਵਿੱਚ ਗੁਰਦਵਾਰਾ ਡੇਹਰਾ ਸਾਹਿਬ ਸਾਹਮਣੇ ਸ਼ੇਰੇ ਪੰਜਾਬ ਦੇ ਨਾਲ ਗੁਰੂ ਚਰਨਾਂ ਵਿੱਚ ਜਾ ਧਰੀਂ।'

ਸਾਰੀ ਜਿੰਦਗੀ ਸੰਘਰਸ਼ ਦੇ ਲੇਖੇ ਲਾਉਣ ਵਾਲੀ ਮਹਾਰਾਣੀ ਜਿੰਦ ਕੌਰ 1 ਅਗਸਤ 1863 ਨੂੰ ਗੁਰਪੁਰੀ ਜਾ ਬਿਰਾਜੀ। ਕੁਦਰਤ ਨੂੰ ਜਲਾਵਤਨ ਮਾਂ ਪੁੱਤਾਂ ਦਾ ਮਿਲਣਾ ਗਵਾਰਾ ਨਾ ਹੋਇਆ। ਅੰਗਰੇਜ ਈਸਾਈਆਂ ਦੀ ਨਿਰਦਈ ਹਕੂਮਤ ਨੇ ਮਹਾਰਾਣੀ ਦੀ ਅੰਤਿਮ ਇੱਛਾ ਮੁਤਾਬਿਕ ਮਹਾਰਾਣੀ ਦੀ ਮ੍ਰਿਤਕ ਦੇਹ ਨੂੰ ਵੀ ਪੰਜਾਬ ਲੈ ਕੇ ਜਾਣ ਦੀ ਆਗਿਆ ਨਾ ਦਿੱਤੀ। ਲੰਮਾ ਸਮਾਂ ਮਲਿਕਾ ਵਿਕਟੋਰੀਆ ਨੂੰ ਮਹਾਰਾਜਾ ਦਲੀਪ ਸਿੰਘ ਵਲੋਂ ਅਰਜੋਈਆਂ ਕੀਤੀਆਂ ਇਕ ਸਾਲ ਤੋਂ ਵਧੇਰੇ ਸਮਾਂ ਬੀਤ ਜਾਣ ਤੋਂ ਬਾਅਦ ਇਜਾਜ਼ਤ ਦਿੱਤੀ।



ਮਹਾਰਾਣੀ ਜਿੰਦਾ ਦੀ ਆਖਰੀ ਇੱਛਾ ਪੂਰੀ ਕਰਨ ਲਈ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਬਕਸੇ ਵਿੱਚ ਬੰਦ ਕਰਕੇ ਵਤਨ ਦੇਸ਼ ਪੰਜਾਬ ਵੱਲ ਨੂੰ ਤੋਰਿਆ ਗਿਆ। ਸਮੁੰਦਰੀ ਜਹਾਜ਼ ਰਾਹੀਂ ਪੰਜਾਬ ਆਉਂਦਾ ਮਹਾਰਾਜਾ ਧਾਹੀਂ ਰੋਇਆ, ਲੰਮਾ ਸਫ਼ਰ ਤਹਿ ਕਰਕੇ ਜਹਾਜ ਕਲਕੱਤੇ ਪਹੁੰਚਿਆ, ਸਮੇਂ ਦਾ ਸਿਤਮ ਵੇਖੋ, ਕਾਲੇ ਦਿਲਾਂ ਵਾਲੇ ਪਾਪੀ ਗੋਰਿਆਂ ਨੇ ਕਲਕੱਤੇ ਬੰਦਰਗਾਹ 'ਤੇ ਆਉਣ 'ਤੇ ਫੇਰ ਕਹਿ ਦਿੱਤਾ ਤੁਹਾਨੂੰ ਪੰਜਾਬ ਜਾਣ ਦੀ ਇਜਾਜ਼ਤ ਨਹੀਂ ਹੈ।

ਕਾਸ਼ ਗੋਰਿਆਂ ਅਤੇ ਉਨ੍ਹਾਂ ਦੇ ਦੇਸ਼ ਦੀਆਂ ਤਾਰੀਫ਼ਾਂ ਕਰਨ ਵਾਲੇ ਅਯਾਸ਼ ਪਾਖੰਡੀਆਂ ਨੇ ਇਸ ਤਵਾਰੀਖ਼ ਨੂੰ ਪੜ੍ਹਿਆ ਹੁੰਦਾ।

ਪੂਰਾ ਇਕ ਸਾਲ ਮਲਿਕਾ ਵਿਕਟੋਰੀਆ ਨੂੰ ਅਪੀਲਾਂ ਕਰਕੇ ਇਜਾਜ਼ਤ ਲੈਣ ਵਾਲਾ ਮਹਾਰਾਜਾ ਦਲੀਪ ਸਿੰਘ ਹੁਣ ਬਦਨੀਤ ਹਾਕਮਾਂ ਅੱਗੇ ਹਾਰ ਗਿਆ। ਮਹਾਰਾਸ਼ਟਰ ਦੇ ਨਾਸਿਕ ਸ਼ਹਿਰ ਗੋਦਾਵਰੀ ਨਦੀ ਦੇ ਕੰਢੇ 'ਤੇ ਪੰਜਾਬ ਦੀ ਮਹਾਰਾਣੀ ਜਿੰਦ ਕੌਰ ਦਾ ਸਸਕਾਰ ਕਰਕੇ ਧਾਹੀਂ ਰੋਇਆ। ਉਸਦੇ ਦਰਦ ਨੂੰ ਕਵੀ ਵਿਧਾਤਾ ਸਿੰਘ ਤੀਰ ਨੇ ਕਲਮਬੰਦ ਕੀਤਾ ਹੈ :- ਨੀ ਗੋਦਾਵਰੀ ਆਣ ਕੇ ਅੱਜ ਤੈਨੂੰ,

ਅੰਮੀ ਆਪਣੀ ਭੇਟ ਚੜ੍ਹਾ ਚੱਲਿਆ।

ਮੈਨੂੰ ਗੋਦ ਵਿਚ ਜਿਹੜੀ ਬਿਠਾਲਦੀ ਸੀ,

ਤੇਰੀ ਗੋਦ ਵਿਚ ਉਸ ਨੂੰ ਬਿਠਾ ਚੱਲਿਆ।

ਰੱਖੀਂ ਯਾਦ ਰਣਜੀਤ ਦੀ ਜਿੰਦ ਹੈ ਈ,

ਏਹਨੂੰ ਜਿੰਦ ਦੇ ਵਾਂਗ ਸੰਭਾਲ ਰੱਖੀਂ।

ਮੇਰੀ ਅੰਮੜੀ ਕਿਤੇ ਨਾ ਜਾਏ ਘਾਬਰ,

ਏਨੂੰ ਜਿੰਦ ਦੇ ਵਾਂਗ ਸੰਭਾਲ ਰੱਖੀਂ।

ਮੇਰੇ ਭਾਗ ਜੇਕਰ ਮੇਰੇ ਵੱਲ ਹੁੰਦੇ,

ਜੇਕਰ ਮੈਨੂੰ ਨਸੀਬ ਉਹ ਘੜੀ ਹੁੰਦੀ,

ਸਾਂਝੀ ਜਿੰਦਾ ਰਣਜੀਤ ਦੀ ਮੜ੍ਹੀ ਹੁੰਦੀ।

ਲਾਲਾਂ ਹੀਰਿਆਂ ਦੇ ਨਾਲ ਜੜ੍ਹੀ ਹੁੰਦੀ।

ਲਟ-ਲਟ ਬਲ਼ ਰਹੇ ਸਿਵੇ ਦੇ ਨੇੜੇ ਅੰਗਰੇਜ਼ ਪੁਲਿਸ ਅਧਿਕਾਰੀ ਮਹਾਰਾਜੇ ਨੂੰ ਦੁਬਾਰਾ ਜਹਾਜ ਵਿੱਚ ਬੈਠਾ ਇੰਗਲੈਂਡ ਲੈ ਜਾਣ ਨੂੰ ਕਾਹਲੇ ਪੈ ਰਹੇ ਸਨ। ਜਲਾਵਤਨ ਮਹਾਰਾਜੇ ਨੂੰ ਇੰਗਲੈਂਡ ਵਾਪਿਸ ਪਰਤਣਾ ਪਿਆ।

ਮਹਾਰਾਜਾ ਦਲੀਪ ਸਿੰਘ ਦੀ ਪੁੱਤਰੀ ਸ਼ਹਿਜ਼ਾਦੀ ਬੰਬਾ ਵਲੋਂ ਮਾਰਚ 1924 ਨੂੰ ਨਾਸਿਕ ਤੋਂ ਲਿਆਂਦੀ ਭਸਮ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਮਾਧ ਨੇੜੇ ਦੱਬ ਕੇ ਲਾਹੌਰ ਵਿਖੇ ਮਹਾਰਾਣੀ ਜਿੰਦਾ ਦੀ ਸਮਾਧ ਬਣਵਾਈ ਗਈ।

ਨੋਟ : ਮਹਾਰਾਣੀ ਜਿਸ ਕਿਲ੍ਹੇ 'ਚੋਂ ਭੱਜ ਕੇ ਨੇਪਾਲ ਜਾਣ ਵਿੱਚ ਸਫਲ ਹੋਈ, ਉਸ ਦੀਆਂ ਤਸਵੀਰਾਂ ਮਿਲੀਆਂ ਹਨ, ਪਰ ਜਿੱਥੇ ਮਹਾਰਾਣੀ ਦਾ ਸਸਕਾਰ ਕੀਤਾ ਗਿਆ ਨਾਸਿਕ ਵਿਖੇ ਉਸ ਜਗ੍ਹਾ ਦੀਆਂ ਤਸਵੀਰਾਂ ਨਹੀਂ ਮਿਲ ਸਕੀਆਂ।



ਹਰਦੇਵ ਗਰੇਵਾਲ

ਨਾਵਲ

ਕਿਸ਼ਤ-18

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

'ਤਾਂ ਫਿਰ ਜਿੰਨ੍ਹੀਂ ਪੈਰੀਂ ਅੰਦਰ ਆਇਆ ਸੀ, ਓਹਨੀਂ ਪੈਰੀਂ ਬਾਹਰ ਨਾ ਜਾ ਪਾਉਂਦਾ ਸਾਹਬਜ਼ਾਦਾ।'

'ਤਾਂ ਫਿਰ ਥਿੰਦ ਸਾਹਬ ਕੀ ਨਿਕਲਿਆ?' ਤੇਜਵੀਰ ਨੇ ਮੁੱਦੇ ਵੱਲ ਪਰਤਦਿਆਂ ਪੁੱਛਿਆ।

ਜਵਾਬ ਵਿੱਚ ਥਿੰਦ ਨੇ ਵਿਸਥਾਰਪੂਰਵਕ ਦੱਸਿਆ ਕਿ ਪਨਵਾੜੀ ਨੇ ਬਿਨਾਂ ਕਿਸੇ ਹੁੱਜਤ ਦੇ ਕਬੂਲ ਕੀਤਾ ਕਿ ਕਤਲ ਦੀ ਰਾਤ ਉਸਨੇ ਕਿਸੇ ਵੱਡੀ ਗੱਡੀ ਵਾਲ਼ੇ ਸਾਹਬ ਨੂੰ ਕੰਧ ਟੱਪ ਕੇ ਕਾਲਜ ਅੰਦਰ ਵੜਦੇ-ਨਿਕਲਦੇ ਦੇਖਿਆ ਸੀ, ਜੋ ਉਸ ਰੂਟ ਦਾ ਰੈਗੂਲਰ ਵਿਜ਼ੀਟਰ ਸੀ। ਫਿਰ ਪਨਵਾੜੀ ਨੂੰ ਨਾਲ਼ ਲੈ ਕੇ, ਸੰਨੀ ਨੂੰ ਹਾਜ਼ਰੀ ਭਰਨ ਖ਼ਾਤਰ ਸੁਨੇਹਾ ਦੇਣ ਲਈ ਸਿਪਾਹੀ ਸਮੇਤ ਥਿੰਦ ਆਪ ਗਿਆ। ਇੱਤਫ਼ਾਕ ਨਾਲ ਸੰਨੀ ਉਸ ਵੇਲੇ ਘਰ ਹੀ ਸੀ ਅਤੇ ਉਸਦੀ ਗੱਡੀ ਵੀ। ਪਨਵਾੜੀ ਨੇ ਉਸਦੀ ਗੱਡੀ ਦੀ ਬੜੀ ਸਹੂਲਤ ਨਾਲ਼, ਕਿੱਲ-ਠੋਕਵੀਂ ਸ਼ਨਾਖ਼ਤ ਕੀਤੀ। ਗੱਡੀ ਦੇ ਪਿਛਲੇ ਸ਼ੀਸ਼ੇ 'ਤੇ ਬੜੇ ਮੋਟੇ-ਮੋਟੇ ਸ਼ਬਦਾਂ 'ਚ 'ਹੰਟਰ' ਲਿਖਿਆ ਹੋਇਆ ਸੀ, ਜਿਸਨੂੰ ਪਨਵਾੜੀ ਨੇ ਝੱਟ ਪਹਿਚਾਣ ਲਿਆ। ਸਿਪਾਹੀ ਨੂੰ ਸੁਨੇਹਾ ਦੇਣ ਲਈ ਭੇਜ ਕੇ, ਥਿੰਦ ਪਨਵਾੜੀ ਨੂੰ ਲੈ ਕੇ ਪੁਲਿਸ ਹੈੱਡਕੁਆਰਟਰ ਵਾਪਿਸ ਆ ਗਿਆ। ਜਦੋਂ ਦੋਨਾਂ ਪਿਉ-ਪੁੱਤਰਾਂ ਨੇ ਪੁਲਿਸ ਹੈੱਡਕੁਆਰਟਰ ਅੰਦਰ ਕਦਮ ਹੀ ਰੱਖਿਆ ਸੀ ਤਾਂ ਲੁਕੋ ਕੇ ਖੜ੍ਹਾਏ ਪਨਵਾੜੀ ਨੇ, ਬੇਹਿਚਕ ਸੰਨੀ ਦੀ ਉਸ ਰਾਤ ਵੱਡੀ ਗੱਡੀ ਵਾਲ਼ੇ ਸਾਹਬ ਦੇ ਫੇਰਾ ਪਾਉਣ ਵਾਲੇ ਦੇ ਰੂਪ ਵਜੋਂ ਸ਼ਨਾਖ਼ਤ ਕੀਤੀ।

'ਤਾਂ ਫਿਰ ਸੰਨੀ ਨੇ ਕੀ ਬਿਆਨ ਦਿੱਤਾ?'

'ਕੋਰਾ ਮੁੱਕਰ ਗਿਆ। ਮੇਰੇ ਜ਼ੋਰ ਦੇਣ 'ਤੇ ਕਿ ਉਸਦੇ ਹੋਸਟਲ ਆਉਣ ਜਾਣ ਦਾ ਮੇਰੇ ਕੋਲ਼ ਇੱਕ ਚਸ਼ਮਦੀਦ ਗਵਾਹ ਹੈ, ਉਸਦਾ ਜਵਾਬ ਸੀ ਕਿ ਗਵਾਹ ਨੂੰ ਭੁਲੇਖਾ ਪਿਆ ਹੋਣਾ।'

'ਉਸਦੇ ਫ਼ਿੰਗਰ ਪ੍ਰਿੰਟਜ਼ ਤੇ ਡੀ.ਐੱਨ.ਏ. ਸੈਂਪਲ ਦਾ ਕੀ ਬਣਿਆ?'

'ਕੇ ਉਹ 'ਕੱਲਾ ਆਇਆ ਹੁੰਦਾ ਤਾਂ ਗੱਲ ਹੋਰ ਹੁੰਦੀ, ਪਰ ਮਨਿਸਟਰ ਸਾਹਬ ਦੀ ਮੌਜੂਦਗੀ 'ਚ ਉਸਨੇ ਸਾਫ਼ ਇਨਕਾਰ ਕਰ ਦਿੱਤਾ। ਉਨ੍ਹਾਂ ਦੀ ਤਾਂ ਇੱਕੋ ਰਟ ਸੀ, ਕਿ ਪਹਿਲਾਂ ਚਾਰਜ ਲਗਾਓ ਤੇ ਗ੍ਰਿਫ਼ਤਾਰ ਕਰੋ। ਜੇ ਫ਼ਿੰਗਰ ਪ੍ਰਿੰਟਜ਼ ਲੈਣੇ ਆਂ, ਤਾਂ ਵਕੀਲ ਦੀ ਮੌਜੂਦਗੀ 'ਚ ਲਓ। ਤੇ ਜੇ ਨਿਸ਼ਾਨ ਨਾ ਮੈਚ ਕਰਦੇ ਤਾਂ ਪਾਸਾ ਪੁੱਠਾ ਵੀ ਪੈ ਸਕਦਾ ਸੀ, ਸੋ ਮੈਂ ਜ਼ੋਰ ਨਾ ਦਿੱਤਾ ਹਾਲੇ।'

'ਤਾਂ ਫੇਰ ਕੀ ਗੱਲ ਬਣੀ ਥਿੰਦ ਸਾਹਬ? ਪੰਛੀ ਤਾਂ ਹੱਥੋਂ ਨਿੱਕਲ਼ ਹੀ ਗਿਆ ਸੁੱਕਾ-ਸੁੱਕਾ।' ਗਗਨ ਬੋਲਿਆ।

'ਕਾਕਾ ਜੀ, ਵੀਹ ਸਾਲ ਹੋ ਗਏ ਨੇ ਪੁਲਿਸ ਦੀ ਨੌਕਰੀ ਕਰਦਿਆਂ, ਕੋਈ ਘਾਹ ਨੀਂ ਖੋਤੀ।'

'ਮਤਲਬ?' ਐਤਕੀਂ ਪੁੱਛਣ ਵਾਲ਼ਾ ਤੇਜਵੀਰ ਸੀ।

'ਮਤਲਬ ਇਹ ਕਾਕਾ ਜੀ, ਬਈ ਫ਼ਿੰਗਰ ਪ੍ਰਿੰਟਜ਼ ਉਸਨੇ ਦਿੱਤੇ ਤਾਂ ਨਹੀਂ, ਪਰ ਮੈਂ ਹਾਸਿਲ ਵੀ ਕਰ ਲਏ ਤੇ ਮੈਚ ਕਰਨ ਲਈ ਫ਼ਾਰੈਂਸਿਕ ਐਕਸਪੱਰਟ ਕੋਲ਼ ਭੇਜ ਵੀ ਦਿੱਤੇ।'

'ਪਰ ਥਿੰਦ ਸਾਹਬ,ਤੁਸੀਂ ਫ਼ਿੰਗਰ ਪ੍ਰਿੰਟਜ਼ ਹਾਸਿਲ ਕਿਵੇਂ ਕੀਤੇ?'

'ਬਈ ਕਾਕਾ ਜੀ, ਆਏ-ਗਏ ਨੂੰ ਪਾਣੀ-ਧਾਣੀ ਵੀ ਤਾਂ ਪੁੱਛੀਦਾ ਕਿ ਨਹੀਂ?'

'ਕ-ਮਾ-ਲ ਕਰਤੀ ਥਿੰਦ ਸਾਹਬ,' ਗਗਨ ਦੇ ਮੂੰਹੋਂ ਆਪ-ਮੁਹਾਰੇ ਨਿਕਲ ਪਿਆ।

'ਤੇ ਫ਼ਿੰਗਰ ਪ੍ਰਿੰਟਜ਼ ਦੀ ਰਿਪੋਰਟ ਕਦੋਂ ਕੁ ਤੱਕ ਆਊ?' ਤੇਜਵੀਰ ਨੇ ਪੁੱਛਿਆ।

'ਬੱਸ ਆਉਂਦੀ ਹੋਣੀ ਆ।'

'ਆਹ ਤਾਂ ਮੁਸਤੈਦੀ ਆਲ਼ੀ ਹੱਦ ਲਾਹ 'ਤੀ ਥਿੰਦ ਸਾਹਬ, ਫਿਰ ਜਾਣ ਕਾਹਨੂੰ ਦੇਣਾ ਸੀ ਐਂਗਰੀ ਯੰਗ ਮੈਨ ਨੂੰ? ਥੋੜ੍ਹੀ ਦੇਰ ਹੋਰ ਰੋਕ ਲੈਣਾ ਸੀ, ਤੇ ਰਿਪੋਰਟ ਦੇ ਪਾਜ਼ਿਟਿਵ ਆਉਣ 'ਤੇ ਹੁਣੇ ਈ ਨੱਪ ਲੈਣਾ ਸੀ?' ਗਗਨ ਨੇ ਕਾਹਲ਼ੇ ਜਿਹੇ ਪੈਂਦਿਆਂ ਪੁੱਛਿਆ।

'ਕਾਕਾ ਜੀ, ਬਹੁਤਾ ਗਰਮ ਖਾਓ ਤਾਂ ਮੂੰਹ ਵੀ ਸੜ ਜਾਂਦਾ ਹੁੰਦਾ। ਨਾਲ਼ੇ ਡੋਰ ਨੂੰ ਢਿੱਲ ਦੇ ਕੇ ਵੀ ਦੇਖੀਦੀ ਏ ਕਿ ਪਤੰਗ ਕਿੰਨੀ ਕੁ ਉੱਚੀ ਉਡਦੀ ਏ।' ਆਖਦਿਆਂ ਥਿੰਦ ਦੇ ਚਿਹਰੇ 'ਤੇ ਤਜਰਬੇਕਾਰੀ ਭਰੀ ਮੁਸਕਰਾਹਟ ਖੇਡ ਰਹੀ ਸੀ।

'ਮਤਲਬ?'

'ਮਤਲਬ ਇਹ ਕਿ ਫ਼ਲਾਈਟ ਇਜ਼ ਐਨ ਐਵੀਡੈਂਸ ਆੱਫ਼ ਗਿਲਟ। ਭੱਜਣਾ ਆਪਣੇ ਆਪ ਵਿੱਚ ਗ਼ੁਨਾਹ ਦਾ ਇੱਕ ਸਬੂਤ ਹੁੰਦਾ ਏ।'

'ਪਰ ਕਿਤੇ ਇਹ ਨਾ ਹੋਵੇ ਥਿੰਦ ਸਾਹਬ। ਕਿ ਪੰਛੀ ਹੱਥ ਆਉਣ ਤੋਂ ਪਹਿਲਾਂ ਹੀ ਉਡਾਰੀ ਮਾਰ ਜਾਏ ਤੇ ਆਪਾਂ ਹੱਥ ਮਲ਼ਦੇ ਹੀ ਰਹਿ ਜਾਈਏ।'

'ਪੰਛੀ ਹਰ ਵਕਤ ਨਿਸ਼ਾਨੇ 'ਤੇ ਐ ਕਾਕਾ ਜੀ, ਚੌਵੀ ਘੰਟੇ ਦੀ ਨਿਗਰਾਨੀ ਹੇਠ।'

'ਮੰਨ ਗਏ ਥਿੰਦ ਸਾਹਬ, ਤਜਰਬਾ ਆਖ਼ਿਰ ਤਜਰਬਾ ਹੀ ਹੁੰਦਾ ਏ।'

ਐਨੇ ਨੂੰ ਦਰਵਾਜ਼ਾ ਖਟਖਟਾ ਕੇ ਇੱਕ ਸਿਪਾਹੀ ਅੰਦਰ ਆਇਆ ਅਤੇ ਆਪਣੇ ਹੱਥ 'ਚ ਫੜੀ ਫ਼ਾਈਲ ਥਿੰਦ ਦੇ ਹਵਾਲੇ ਕਰਕੇ ਚਲਾ ਗਿਆ। ਥਿੰਦ ਕੁਝ ਦੇਰ ਬੜੇ ਗਹੁ ਨਾਲ਼ ਫ਼ਾਈਲ ਵਿਚਲੇ ਕਾਗ਼ਜ਼ਾਂ ਦਾ ਮੁਆਇਨਾ ਕਰਦਾ ਰਿਹਾ।

ਤੇਜਵੀਰ ਅਤੇ ਗਗਨ ਚੁੱਪਚਾਪ ਉਸਦੇ ਬੋਲਣ ਦਾ ਇੰਤਜ਼ਾਰ ਕਰਦੇ ਰਹੇ।

ਅੰਤ ਥਿੰਦ ਫ਼ਾਈਲ ਟੇਬਲ ਉੱਤੇ ਰੱਖ, ਤੇਜਵੀਰ ਵੱਲ ਦੇਖ, ਬੜੇ ਅਰਥਪੂਰਣ ਢੰਗ ਨਾਲ਼ ਮੁਕੁਰਾਇਆ।

'ਥਿੰਦ ਸਾਹਬ, ਉਹੀ ਗੱਲ ਏ ਜੋ ਮੈਂ ਸੋਚ ਰਿਹਾਂ?' ਤੇਜਵੀਰ ਨੇ ਉਤਸੁਕਤਾ ਨਾਲ਼ ਪੁੱਛਿਆ।

'ਬਿਲਕੁਲ, ਤੇਰਾ ਤੀਰ ਇੱਕਦਮ ਨਿਸ਼ਾਨੇ 'ਤੇ ਲੱਗਿਆ ਤੇਜਵੀਰ। ਗਰਿੱਲ ਤੋਂ ਲੈ ਕੇ ਮ੍ਰਿਤਕਾ ਦੀ ਬੱਾਡੀ, ਸਿਗਰਟ ਦੇ ਟੋਟੇ, ਕੰਡੋਮ ਦੇ ਪਾਊਚ ਤੇ ਹੋਰ ਵੀ ਕਈ ਥਾਵਾਂ 'ਤੇ, ਐਥੋਂ ਤੱਕ ਕਿ ਇਸਤੇਮਾਲਸ਼ੁਦਾ ਕੰਡੋਮ 'ਤੇ ਵੀ ਸੰਨੀ ਬਾਜਵਾ ਦੇ ਫ਼ਿੰਗਰ ਪ੍ਰਿੰਟਜ਼ ਮੌਜੂਦ ਨੇ। ਹਾਲਾਂਕਿ ਕਈ ਆਈਟਮਜ਼ 'ਤੇ, ਮਿਸਾਲ ਵਜੋਂ ਗਰਿੱਲ ਹੀ ਲੈ ਲਓ, ਮ੍ਰਿਤਕਾ ਦੇ ਫ਼ਿੰਗਰ ਪ੍ਰਿੰਟਜ਼ ਸਮੇਤ ਕਈ ਹੋਰ ਵੀ ਫ਼ਿੰਗਰ ਪ੍ਰਿੰਟਜ਼ ਮੌਜੂਦ ਸਨ, ਪਰ ਸੰਨੀ ਬਾਜਵਾ ਦੇ ਫ਼ਿੰਗਰ ਪ੍ਰਿੰਟਜ਼ ਤਾਂ ਤਕਰੀਬਨ ਹਰ ਆਈਟਮ 'ਤੇ ਮੌਜੂਦ ਨੇ, ਸਿਵਾਏ ਇੱਕ ਆਈਟਮ ਦੇ।'

'ਉਹ ਕਿਹੜੀ?'

'ਝਾੜੀਆਂ 'ਚੋਂ ਬਰਾਮਦ ਪੇਚਕਸ। ਉਸ ਉੱਪਰ ਫ਼ਿੰਗਰ ਪ੍ਰਿੰਟਜ਼ ਤਾਂ ਮਿਲ਼ੇ ਨੇ, ਪਰ ਉਹ ਨਾ ਤਾਂ ਸੰਨੀ ਬਾਜਵਾ ਦੇ ਨੇ ਅਤੇ ਨਾ ਹੀ ਮ੍ਰਿਤਕਾ ਦੇ। ਪਰ ਇਹ ਕੋਈ ਵੱਡੀ ਗੱਲ ਨਹੀਂ, ਹੋ ਸਕਦਾ ਏ ਕਿ ਉਹ ਪੇਚਕਸ ਕਤਲ ਨਾਲ਼ ਤਾਅਲੁੱਕ ਰੱਖਦਾ ਸਬੂਤ ਹੋਵੇ ਹੀ ਨਾ। ਜਾਂ ਤਾਂ ਬਾਹਰੋਂ ਕੂੜੇ ਵਿੱਚੋਂ ਆਏ ਇਸ ਪੇਚਕਸ ਨੂੰ ਕਿਸੇ ਨੇ ਚਾਰਦੀਵਾਰੀ ਉੱਤੋਂ ਦੀ ਅੰਦਰ ਸੁੱਟ ਦਿੱਤਾ ਹੋਵੇ, ਜਾਂ ਇਹ ਵੀ ਹੋ ਸਕਦਾ ਏ ਕਿ ਜਿਨ੍ਹਾਂ ਹੋਰ ਚਾਰ ਲੋਕਾਂ ਦੀ ਆਵਾਜਾਈ ਉਸ ਰੂਟ 'ਤੇ ਦੱਸੀ ਜਾਂਦੀ ਏ, ਉਨ੍ਹਾਂ ਵਿੱਚੋਂ ਕਿਸੇ ਇੱਕ ਦਾ ਡਿੱਗ ਪਿਆ ਹੋਵੇ। ਜਿਸ ਦਾ ਜ਼ਾਹਿਰ ਹੈ ਕਿ ਇਸ ਕਤਲ ਨਾਲ਼ ਕੋਈ ਲੈਣਾ-ਦੇਣਾ ਹੀ ਨਾ ਹੋਵੇ। ਬਹਿਰਹਾਲ, ਸੰਨੀ ਬਾਜਵਾ ਨੂੰ ਨੱਪਣ ਲਈ ਏਨੇ ਸਬੂਤ ਤੇ ਪਨਵਾੜੀ ਦੀ ਗਵਾਹੀ ਹੀ ਬਹੁਤ ਹੈ। ਬਾਕੀ ਤਾਂ ਚੋਰ ਦੇ ਪੈਰ ਨਹੀਂ ਹੁੰਦੇ! ਆਪੇ ਹੀ ਮੰਨ ਜਾਊ, ਗ੍ਰਿਫ਼ਤਾਰੀ ਲਈ ਵਾਰੰਟ ਹਾਸਿਲ ਕਰਨਾ ਤਾਂ ਹੁਣ ਮਹਿਜ਼ ਵਕਤ ਦੀ ਹੀ ਗੱਲ ਏ। ਆਖ਼ਿਰ ਮਨਿਸਟਰ ਸਾਹਬ ਦਾ 'ਚਾਰਜ ਲਗਾਓ, ਗ੍ਰਿਫ਼ਤਾਰ ਕਰੋ' ਦਾ ਚਾਅ ਵੀ ਤਾਂ ਪੂਰਾ ਕਰਨਾ ਹੋਇਆ ਬਈ, ਬਾਕੀ ਇੱਕ ਵਾਰ ਰਿਮਾਂਡ ਮਿਲਣ ਦੀ ਦੇਰ ਏ, ਫਿਰ ਤਾਂ ਸਾਹਬਜ਼ਾਦਾ ਆਪੇ ਹੀ ਗਾ-ਗਾ ਕੇ ਕਥਾ ਸੁਣਾਊ।'

'ਪਰ ਦੇਖਿਓ ਥਿੰਦ ਸਾਹਬ, ਗ੍ਰਿਫ਼ਤਾਰੀ ਦੀ ਖ਼ਬਰ 'ਤੇ ਪਹਿਲਾ ਹੱਕ ਸਾਡਾ ਬਣਦਾ, ਹੋਰ ਨਾ ਕਿਤੇ ਗਰਮੀਆਂ 'ਚ ਬੁਣਦੇ ਅਸੀਂ ਰਹਿ ਜਾਈਏ ਤੇ ਸਿਆਲ਼ਾਂ 'ਚ ਸਵੈਟਰ ਕੋਈ ਹੋਰ ਈ ਪਾਈ ਫਿਰੇ।'



ਪਹਿਲੀ ਵਾਰ ਖੁੱਲ੍ਹ ਕੇ ਹੱਸਿਆ ਥਿੰਦ। 'ਫ਼ਿਕਰ ਨਾ ਕਰੋ ਕਾਕਾ ਜੀ, ਪਹਿਲਾਂ, ਬਹੁਤ ਪਹਿਲਾਂ, ਸਭ ਤੋਂ ਪਹਿਲਾਂ ਇਹ ਖ਼ਬਰ ਤੁਹਾਨੂੰ ਹੀ ਮਿਲੇਗੀ।'

ਗਗਨ ਨੂੰ ਦਫ਼ਤਰ ਛੱਡ ਕੇ ਤੇਜਵੀਰ ਆਪਣੇ ਫਲੈਟ ਵੱਲ ਰਵਾਨਾ ਹੋ ਗਿਆ। ਮੋਟਰ ਸਾਈਕਲ ਚਲਾਉਂਦਾ ਹੋਇਆ ਵੀ ਉਹ ਇਸ ਕੇਸ ਬਾਰੇ ਹੀ ਸੋਚ ਰਿਹਾ ਸੀ।

ਕੇਵਲ ਦੋ ਦਿਨਾਂ ਵਿੱਚ ਹੀ ਇੰਨਾ ਉਲਝਿਆ ਹੋਇਆ ਕੇਸ ਸੱਾਲਵ ਹੋਣ ਦੇ ਕਿਨਾਰੇ ਪਹੁੰਚ ਗਿਆ ਸੀ। ਤੇਜਵੀਰ ਨੂੰ ਏਨੀ ਜਲਦੀ ਇਸ ਗੁੱਥੀ ਦੇ ਸੁਲਝਣ ਦੀ ਆਸ ਨਹੀਂ ਸੀ। ਹਾਲੇ ਦੁਪਹਿਰ ਤੱਕ ਤਾਂ ਕਾਤਿਲ ਦੀ ਸ਼ਨਾਖ਼ਤ ਦਾ ਕੋਈ ਥਹੁ-ਸਿਰਾ ਹੀ ਨਹੀਂ ਲੱਭ ਰਿਹਾ ਸੀ, ਪਰ ਉਸ ਅਜੀਬ ਜਿਹੀ ਲੜਕੀ ਸਿੰਮੀ ਨਾਲ਼ ਹੋਈ ਇੱਕ ਛੋਟੀ ਜਿਹੀ ਮੁਲਾਕਾਤ ਨੇ ਤਾਂ ਜਿਵੇਂ ਸਾਰੇ ਪਰਦੇ ਹੀ ਹਟਾ ਦਿੱਤੇ ਸਨ।

ਲੜਕੀ ਸੀ ਜਾਂ 'ਗੂਗਲ' ਦਾ 'ਸਰਚ ਇੰਜਣ'? ਸਵਾਲ ਕਰਨ ਦੀ ਵੀ ਜ਼ਹਿਮਤ ਨਹੀਂ ਉਠਾਉਣੀ ਪਈ, ਤੇ ਸਾਰੀ ਜਾਣਕਾਰੀ ਇੱਕੋ ਪਲੇਟ 'ਚ ਪਾ ਕੇ, ਤੇ ਚਾਂਦੀ ਦਾ ਵਰਕ ਲਗਾ ਕੇ, ਇਉਂ ਪਰੋਸ ਦਿੱਤੀ ਜਿਵੇਂ ਕਿ ਪਲੇਟ ਪਹਿਲਾਂ ਤੋਂ ਹੀ ਉਸਦੇ ਇੰਤਜ਼ਾਰ ਵਿਚ ਸਜਾ ਕੇ ਰੱਖੀ ਪਈ ਹੋਵੇ।

ਅਜਿਹੀਆਂ ਸੋਚਾਂ 'ਚ ਘਿਰਿਆ ਤੇਜਵੀਰ ਕਦੋਂ ਆਪਣੇ ਫਲੈਟ ਵਾਲ਼ੀ ਬਿਲਡਿੰਗ ਦੇ ਸਾਹਮਣੇ ਪਹੁੰਚ ਗਿਆ, ਪਤਾ ਹੀ ਨਹੀਂ ਚੱਲਿਆ।

ਪਾਰਕਿੰਗ 'ਚ ਮੋਟਰ ਸਾਈਕਲ ਖੜ੍ਹੀ ਕਰ, ਪਹਿਲਾਂ ਉਹ ਚੌਹਾਨ ਸਾਹਬ ਦੇ ਫਲੈਟ ਅੱਗੇ ਪਹੁੰਚਿਆ।

ਚੌਹਾਨ ਸਾਹਬ ਇੱਕ ਰਿਟਾਇਰਡ ਪ੍ਰੋਫ਼ੈਸਰ ਸਨ, ਸੋ ਆਪਣੀ ਪਤਨੀ ਸਮੇਤ ਉਸ ਫਲੈਟ ਵਿੱਚ ਰਹਿੰਦੇ ਸਨ। ਕੋਈ ਔਲਾਦ ਨਾ ਹੋਣ ਕਰਕੇ ਦੋਨੋਂ ਮੀਆਂ-ਬੀਵੀ ਤੇਜਵੀਰ ਨੂੰ ਬੜਾ ਸਨੇਹ ਕਰਦੇ ਸਨ। ਤੇਜਵੀਰ ਦੀ ਇਹ ਆਦਤ ਬਣ ਗਈ ਸੀ ਕਿ ਉਹ ਜਦੋਂ ਵੀ ਫਲੈਟ ਤੋਂ ਬਾਹਰ ਜਾਂਦਾ ਤਾਂ ਚਾਬੀ ਚੌਹਾਨ ਸਾਹਬ ਜਾਂ ਮਿਸਿਜ਼ ਚੌਹਾਨ ਦੇ ਹਵਾਲੇ ਕਰ ਜਾਂਦਾ।

ਉਸਨੇ ਡੋਰ ਬੈੱਲ ਵਜਾਈ ਤਾਂ ਦਰਵਾਜ਼ਾ ਮਿਸਿਜ਼ ਚੌਹਾਨ ਨੇ ਖੋਲ੍ਹਿਆ। ਉਨ੍ਹਾਂ ਚਾਬੀ ਫੜਾਉਂਦਿਆਂ ਦੱਸਿਆ ਕਿ ਚੌਹਾਨ ਸਾਹਬ ਵੱਾਕ 'ਤੇ ਗਏ ਹੋਏ ਨੇ।

ਫਲੈਟ ਅੰਦਰ ਵੜਦਿਆਂ ਹੀ ਫ਼੍ਰੈੱਸ਼ ਹੋਣ ਤੋਂ ਪਹਿਲਾਂ, ਦਿਨ ਭਰ ਦੀ ਥਕਾਨ ਦੇ ਪ੍ਰਭਾਵ ਹੇਠ, ਉਸਦੇ ਦਿਲ 'ਚ ਆਇਆ ਕਿ ਕਿਉਂ ਨਾ ਪਹਿਲਾਂ ਇੱਕ ਕੱਪ ਕੜਕ ਚਾਹ ਦਾ ਹੋ ਜਾਏ। ਤੇਜਵੀਰ ਨੇ ਆਪਣੇ ਡਰਾਇੰਗ ਰੂਮ ਨਾਲ਼ ਹੀ ਅਟੈਚਡ ਓਪਨ ਕਿਚਨ 'ਚ ਜਾ ਕੇ ਆਪਣੀ ਮਨਪਸੰਦ 'ਕੜਕ ਚਾਹ' ਬਣਾਈ ਅਤੇ ਚਾਹ ਦਾ ਕੱਪ ਲੈ ਕੇ ਉਹ ਹਾਲੇ ਸੋਫ਼ੇ 'ਤੇ ਬੈਠਣ ਹੀ ਲੱਗਾ ਸੀ ਕਿ ਡੋਰ ਬੈੱਲ ਖੜਕ ਪਈ।

ਉਸਨੇ ਬੁੱਲ੍ਹਾਂ 'ਤੇ ਛੁਹਾਏ ਬਿਨਾਂ ਹੀ ਚਾਹ ਦਾ ਕੱਪ ਸੋਫ਼ੇ ਦੇ ਸਾਹਮਣੇ ਪਏ ਟੇਬਲ 'ਤੇ ਰੱਖਿਆ ਅਤੇ ਜਾ ਕੇ ਦਰਵਾਜ਼ਾ ਖੋਲ੍ਹਿਆ। ਸਾਹਮਣੇ ਚੌਹਾਨ ਸਾਹਬ ਖੜ੍ਹੇ ਸਨ।

'ਸਤਿ ਸ੍ਰੀ ਅਕਾਲ ਚੌਹਾਨ ਸਾਹਬ! ਪਲੀਜ਼ ਕਮ ਇਨਸਾਈਡ।'

'ਨਹੀਂ-ਨਹੀਂ ਬੇਟਾ, ਮੈਂ ਸਿੱਧਾ ਵੱਾਕ ਤੋਂ ਆ ਰਿਹਾਂ, ਸੋ ਪਹਿਲਾਂ ਫ਼੍ਰੈਸ਼ ਹੋ ਲਾਂ, ਫਿਰ ਬੈਠਾਂਗੇ। ਮੈਂ ਤਾਂ ਦਰਅਸਲ ਤੁਹਾਨੂੰ ਇੱਕ ਮੈਸੇਜ਼ ਦੇਣ ਆਇਆ ਸੀ ਬੇਟਾ! ਤੁਹਾਡੇ ਪਿੰਡ ਤੋਂ ਕੋਈ ਸਾਢੇ ਕੁ ਚਾਰ ਵਜੇ, ਤੁਹਾਡੇ ਕੋਈ ਚਾਚਾ ਜੀ ਆਏ ਸਨ। ਫ਼ਲੈਟ ਬੰਦ ਹੋਣ 'ਤੇ ਉਹ ਮੇਰੇ ਕੋਲ਼ ਆ ਗਏ। ਤੁਹਾਨੂੰ ਕਿਤੇ ਗਿਆ ਦੇਖ ਉਹ ਪ੍ਰੇਸ਼ਾਨ ਜਿਹੇ ਹੋ ਗਏ ਕਿ ਤੁਸੀਂ ਪਤਾ ਨਹੀਂ ਕਦੋਂ ਆਓਗੇ। ਮੈਂ ਉਨ੍ਹਾਂ ਨੂੰ ਆਪਣੇ ਕੋਲ਼ ਇੰਤਜ਼ਾਰ ਕਰਨ ਨੂੰ ਕਿਹਾ, ਤਾਂ ਉਨ੍ਹਾਂ ਨੂੰ ਤੁਸੀਂ ਦੱਸਿਆ ਹੀ ਹੋਏਗਾ ਕਿ ਤੁਹਾਡੇ ਫ਼ਲੈਟ ਦੀ ਚਾਬੀ ਮੇਰੇ ਕੋਲ਼ ਹੁੰਦੀ ਏ, ਸੋ ਉਨ੍ਹਾਂ ਕਿਹਾ ਕੀਤਾ ਕਿ ਉਹ ਤੁਹਾਡੇ ਆਉਣ ਤੱਕ ਤੁਹਾਡੇ ਫ਼ਲੈਟ 'ਚ ਹੀ ਇੰਤਜ਼ਾਰ ਕਰ ਲੈਣਗੇ। ਮੈਂ ਤਾਂ ਸਗੋਂ ਇਹ ਵੀ ਕਿਹਾ ਕਿ ਆਪਾਂ ਏਥੇ ਹੀ ਬੈਠ ਜਾਨੇ ਆਂ, ਪਰ ਉਨ੍ਹਾਂ ਨੂੰ ਥੋੜ੍ਹਾ ਅਨਕੰਫ਼ਰਟੇਬਲ ਦੇਖ ਕੇ, ਮੈਂ ਉਨ੍ਹਾਂ ਨੂੰ ਤੁਹਾਡੇ ਫ਼ਲੈਟ ਦੀ ਚਾਬੀ ਦੇ ਦਿੱਤੀ।'

ਤੇਜਵੀਰ ਹੈਰਾਨ ਹੋ ਗਿਆ ਕਿ ਪਿੰਡੋਂ ਕਿਹੜਾ ਚਾਚਾ ਆ ਗਿਆ?

'ਪਰ ਫ਼ਲੈਟ ਤਾਂ ਬੰਦ ਸੀ ਚੌਹਾਨ ਸਾਹਬ?'

'ਉਹੀ ਤਾਂ ਬੇਟਾ ਮੈਂ ਦੱਸਣ ਜਾ ਰਿਹਾ ਸੀ ਕਿ ਅੱਧੇ ਕੁ ਘੰਟੇ ਬਾਅਦ ਉਹ ਮੈਨੂੰ ਚਾਬੀ ਵਾਪਿਸ ਕਰਕੇ, ਇਹ ਮੈਸੇਜ਼ ਦੇ ਗਏ ਕਿ ਉਨ੍ਹਾਂ ਨੂੰ ਸ਼ਹਿਰ ਕੋਈ ਕੰਮ ਯਾਦ ਆ ਗਿਆ, ਸੋ ਹੁਣ ਉਹ ਰਾਤ ਨੂੰ ਆਉਣਗੇ। ਮੈਂ ਕਿਹਾ ਕਿ ਚਲੋ ਪਹਿਲਾਂ ਤੁਹਾਨੂੰ ਮੈਸੇਜ਼ ਦੇ ਦਿਆਂ, ਬਾਅਦ 'ਚ ਹੀ ਫ਼੍ਰੈਸ਼ ਹੋਵਾਂਗਾ।'

ਤੇਜਵੀਰ ਦਾ ਮੱਥਾ ਠਣਕਿਆ।

'ਚੌਹਾਨ ਸਾਹਬ, ਚਾਚਾ ਜੀ ਦਾ ਹੂਲੀਆ ਕਿਹੋ ਜਿਹਾ ਸੀ ਭਲਾਂ?'

ਚੌਹਾਨ ਸਾਹਬ ਨੇ ਦੱਸਿਆ।

ਤੇਜਵੀਰ ਦੇ ਮੱਥੇ 'ਤੇ ਪੈ ਚੁੱਕੀਆਂ ਚਿੰਤਾ ਦੀਆਂ ਲਕੀਰਾਂ ਹੋਰ ਡੂੰਘੀਆਂ ਹੋ ਗਈਆਂ। ਅਜਿਹੇ ਕਿਸੇ 'ਚਾਚੇ' ਦਾ ਤਾਂ ਇਸ ਦੁਨੀਆਂ ਵਿਚ ਕਿਤੇ ਵਜੂਦ ਹੀ ਨਹੀਂ ਸੀ।

'ਸਮਥਿੰਗ ਇਜ਼ ਰੌਂਗ।'

ਉਸਦੇ ਦਿਮਾਗ਼ ਵਿੱਚ ਖ਼ਤਰੇ ਦੀ ਘੰਟੀ ਵੱਜ ਉੱਠੀ।

ਉਸਦੇ ਹਾਵ-ਭਾਵ ਦੇਖ ਚੌਹਾਨ ਸਾਹਬ ਵੀ ਘਬਰਾ ਗਏ।

'ਕੀ ਗੱਲ ਬੇਟਾ? ਇਜ਼ ਐਵਰੀਥਿੰਗ ਓ ਕੇ? ਮੈਂ ਕੋਈ ਗ਼ਲਤੀ ਤਾਂ ਨਹੀਂ ਕੀਤੀ ਚਾਬੀ ਦੇ ਕੇ?'

ਚੌਹਾਨ ਸਾਹਬ ਦੀ ਇਸ ਵਿੱਚ ਕੋਈ ਗ਼ਲਤੀ ਨਹੀਂ ਸੀ। ਸਗੋਂ ਤੇਜਵੀਰ ਵੱਲੋਂ ਹੀ ਉਨ੍ਹਾਂ ਨੂੰ ਇਹ ਹਦਾਇਤ ਸੀ ਕਿ ਜੇਕਰ ਕੋਈ ਪਹਿਚਾਣ ਵਾਲ਼ਾ ਮਿਲਣ ਆਏ ਤਾਂ ਬੇਸ਼ੱਕ ਫ਼ਲੈਟ ਦੀ ਚਾਬੀ ਉਸਨੂੰ ਦੇ ਦੇਣ।

'ਨਹੀਂ-ਨਹੀਂ ਚੌਹਾਨ ਸਾਹਬ, ਕੋਈ ਐਸੀ ਗੱਲ ਨਹੀਂ, ਤੁਸੀਂ ਪਹਿਲਾਂ ਫ਼੍ਰੈਸ਼ ਹੋ ਲਓ, ਫੇਰ ਗੱਲਬਾਤ ਕਰਦੇ ਆਂ ਆਪਾਂ।'

ਅਨਮਨੇ ਜਿਹੇ ਢੰਗ ਨਾਲ਼ ਚੌਹਾਨ ਸਾਹਬ ਵਿਦਾ ਹੋਏ ਤੇ ਤੇਜਵੀਰ ਨੇ ਦਰਵਾਜ਼ਾ ਭੇੜ ਕੇ ਅੰਦਰ ਨੂੰ ਆਉਂਦਿਆਂ-ਆਉਂਦਿਆਂ ਹੀ, ਜੇਬ 'ਚੋਂ ਮੋਬਾਈਲ ਫ਼ੋਨ ਕੱਢ ਗਗਨ ਦਾ ਨੰਬਰ ਮਿਲਾਇਆ।

ਗਗਨ ਨੇ ਫ਼ੌਰਨ ਫ਼ੋਨ ਉਠਾਇਆ।

'ਹੈਲੋ ਗਗਨ !'

ਆਖ਼ਰੀ ਸ਼ਬਦ ਹਾਲੇ ਤੇਜਵੀਰ ਦੇ ਮੂੰਹ 'ਚ ਹੀ ਸਨ, ਕਿ ਤੇਜਵੀਰ ਦਾ ਭੇੜਿਆ ਹੋਇਆ ਦਰਵਾਜ਼ਾ ਭੜਾਕ ਕਰਕੇ ਖੁੱਲ੍ਹਿਆ ਅਤੇ ਸਾਹਮਣੇ ਆਪਣੇ ਦਲ-ਬਲ ਸਮੇਤ, ਸਰਦੂਲ ਸਿੰਘ ਖੜ੍ਹਾ ਸੀ।

'ਗਗਨ, ਸਰਦੂਲ ਸਿੰਘ ਚਾਲ ਖੇਡ ਗਿਆ। ਤੂੰ ਕਿਸੇ ਨੂੰ ਨਾਲ਼ ਲੈ ਕੇ ਚੌਂਕੀ ਪਹੁੰ।'

ਏਸ ਤੋਂ ਪਹਿਲਾਂ ਕਿ ਤੇਜਵੀਰ ਵਾਕ ਪੂਰਾ ਕਰ ਪਾਉਂਦਾ, ਸਰਦੂਲ ਸਿੰਘ ਡਰਾਇੰਗ ਰੂਮ ਦੇ ਫ਼ਰਸ਼ ਨੂੰ ਪੈਰਾਂ ਥੱਲੇ ਰੌਂਦਦਾ ਹੋਇਆ ਅੱਗੇ ਵਧਿਆ ਤੇ ਉਸਨੇ ਤੇਜਵੀਰ ਦੇ ਹੱਥੋਂ ਮੋਬਾਈਲ ਖੋਹ ਕੇ, ਥਾੜ੍ਹ ਕਰ ਕੇ ਸਾਹਮਣੀ ਕੰਧ 'ਚ ਦੇ ਮਾਰਿਆ।

ਮੋਬਾਈਲ ਪੁਰਜ਼ਾ-ਪੁਰਜ਼ਾ ਹੋ ਖਿੱਲਰ ਗਿਆ।

'ਇਹ ਕੀ ਬਦਤਮੀਜ਼ੀ ਏ?' ਤੇਜਵੀਰ ਦੇ ਮੂੰਹੋਂ ਨਿਕਲਿਆ।

'ਤੂੰ ਪੁੱਤ ਮੇਰੀ ਬਦਤਮੀਜ਼ੀ ਦੇਖੀ ਕਿੱਥੇ ਆ ਹਾਲੇ? ਬਦਤਮੀਜ਼ੀ ਤਾਂ ਤੈਨੂੰ ਮੈਂ ਚੌਂਕੀ ਲਜਾ ਕੇ ਦਿਖਾਊਂ, ਬਈ ਬਦਤਮੀਜ਼ੀ ਹੁੰਦੀ ਕਿਹੋ ਜਿਹੀ ਐ।' ਮਿਹਣੇ ਮਾਰਦੀ ਜਨਾਨੀ ਵਾਂਗੂੰ ਹਵਾ 'ਚ ਹੱਥ ਲਹਿਰਾਉਂਦਾ ਹੋਇਆ ਸਰਦੂਲ ਸਿੰਘ ਜ਼ਹਿਰੀ ਸੱਪ ਵਾਂਗੂੰ ਫੁੰਕਾਰਿਆ।

'ਨਿਰਾ ਖੜੱਪੇ ਸੱਪ ਦੀ ਸਿਰੀ ਨੂੰ ਹੱਥ ਪਾ ਲਿਆ ਬਾਈ ਤੂੰ! ਹੁਣ ਨੀ ਮੰਨਦਾ ਡੰਗ ਮਾਰੇ ਤੋਂ ਬਿਨਾਂ ਨਾਂ।'

ਤੇਜਵੀਰ ਦੇ ਜ਼ਿਹਨ 'ਚ ਗਗਨ ਦੇ ਆਖੇ ਬੋਲ ਗੂੰਜੇ।

'ਸੱਦ ਲਾ ਕਿਹੜੇ ਭੜੂਏ ਨੂੰ ਸੱਦਣਾ ਤੂੰ, ਅੱਜ ਪੁੱਤ ਆ ਗਿਆਂ ਤੂੰ ਸਰਦੂਲ ਸਿੰਘ ਏ.ਐੱਸ.ਆਈ ਜਾੜ੍ਹ ਹੇਠਾਂ, ਦੇਖੀਂ ਕੜਾਕਾ ਪੈਂਦਾ ਹੁਣ। ਤਲਾਸ਼ੀ ਲਓ ਉਏ ਮੁੰਡਿਓ ਘਰ ਦੀ!'

ਤੇਜਵੀਰ ਸਮਝ ਚੁੱਕਾ ਸੀ ਕਿ ਹੁਣ ਬੋਲਣ ਦਾ ਕੋਈ ਫ਼ਾਇਦਾ ਨਹੀਂ।

ਉਹ ਚੁੱਪਚਾਪ ਆਪਣੀ ਜਗ੍ਹਾ 'ਤੇ ਖੜ੍ਹਾ ਤਲਾਸ਼ੀ ਲਏ ਜਾਣ ਦਾ ਨਾਟਕ ਦੇਖਦਾ ਰਿਹਾ।

ਸਿਪਾਹੀ ਤਲਾਸ਼ੀ ਲੈਣ ਦੇ ਬਹਾਨੇ ਪੂਰੇ ਫ਼ਲੈਟ ਦਾ ਫੁੱਲ ਕਬਾੜਾ ਕਰਨ 'ਤੇ ਤੁਲੇ ਹੋਏ ਸਨ।

ਤੇਜਵੀਰ ਦੀ ਬਣਾਈ 'ਕੜਕ ਚਾਹ', ਜੋ ਵਿਚਾਰੀ ਟੇਬਲ 'ਤੇ ਪਈ ਠੰਡੀ ਹੋ ਰਹੀ ਸੀ, ਉੱਤੇ ਸਰਦੂਲ ਸਿੰਘ ਦੀ ਨਜ਼ਰ ਜਾ ਪਈ।

'ਲੈ, ਸਾਲ਼ੀ ਅੱਜ ਸਵੇਰ ਦੀ ਚਾਹ ਵੀ ਨੀ ਸੀ ਜੁੜੀ! ਹੁਣ ਆਏ ਨੇ ਸਾਰੇ ਕੰਮ ਸੂਤ।' ਸਰਦੂਲ ਸਿੰਘ ਨੇ ਚਾਹ ਦਾ ਕੱਪ ਚੁੱਕ ਕੇ ਮੂੰਹ ਨੂੰ ਲਾਇਆ ਤੇ ਦੋ-ਤਿੰਨ ਸੜ੍ਹਾਕਿਆਂ 'ਚ ਹੀ ਕੱਪ ਦਾ ਤਲ਼ਾ ਦਿਸਣ ਲੱਗ ਪਿਆ।

ਸ਼ਾਇਦ ਅੱਜ ਦੇ ਦਿਨ ਤੇਜਵੀਰ ਦੇ ਹੱਥ ਦੀ ਬਣੀ ਚਾਹ ਹੀ ਲਿਖੀ ਸੀ ਸਰਦੂਲ ਸਿੰਘ ਦਿਆਂ ਨਸੀਬਾਂ 'ਚ। (ਚਲਦਾ)



ਨੈਣ ਸੁੱਖ

# ਕਹਾਣੀ: ਆਈ ਪੁਰੇ ਦੀ ਵਾਅ

**ਕਿਸ਼ਤ-1**

(ਸ਼ਾਹਮੁਖੀ ਤੋਂ ਲਿੱਪੀ ਬਦਲੀ : ਪਰਮਜੀਤ ਸਿੰਘ ਮੀਸ਼ਾ)

ਆਈ ਪੁਰੇ ਦੀ ਵਾਅ, ਤਮਾਕੂ ਵੈਹ ਪਿਆ
ਸੂਬੇ ਮੰਝੀ ਡਾਹੀ ਤੇ ਰੱਖਾ ਢੈਹ ਪਿਆ

ਮੇਲ ਆਈਆਂ ਸਈਆਂ ਦਾ ਗੌਣ ਸੁਣ ਕੇ ਸੂਬੇ ਦੇ ਘਰੋਂ ਭਾਗੀ ਸੰਗਦਿਆਂ ਗੁੜ੍ਹਕਦੇ ਦਿਓਰ ਰੱਖੇ ਤੋਂ ਘੁੰਡ ਕੱਢ ਲਿਆ, ਜਿਸ ਨੇ ਬਾਂਹ ਉਤੇ ਸ਼ਗਨਾਂ ਦਾ ਗਾਨਾ ਬੰਨ੍ਹਿਆ ਹੋਇਆ। ਰੱਖੇ ਦੀਆਂ ਮਾਈਆਂ ਹੋਏ ਛੇ ਦਿਨ ਹੋ ਗਏ, ਅੱਜ ਸਤਵੇਂ ਦਿਨ ਖਾਰਾ। ਭਰਜਾਈ ਭਾਗੀ ਘੜੋਲੀ ਚੁੱਕਣੀ ਜਿਹਦੇ ਲਈ ਓਹ ਲੀਰਾਂ ਦਾ ਇਨ੍ਹੂ ਵਲ੍ਹੇਟ ਰਹੀ। 1921, ਪੁਰੇ ਦੀ ਵਾਅ ਵਗਦਿਆਂ ਬਿਮਾਰ ਲੰਮੇ ਪਏ ਪਾਦਰੀ ਆਈ ਡੀ ਸ਼ਹਿਬਾਜ਼ ਨੂੰ ਛਿਆਠ ਵਰ੍ਹੇ ਪਿੱਛੇ, ਭੁਲਵਾਲ ਜ਼ਿਲ੍ਹਾ ਸ਼ਾਹਪੁਰ ਤੋਂ ਸੈਂਕੜੇ ਕੋਹ ਦੁਰਾਡੇ ਤੀਜੇ ਜ਼ਿਲ੍ਹੇ ਸਿਆਲਕੋਟ ਦੇ ਸ਼ਹਿਰ ਜ਼ਫ਼ਰਵਾਲ ਉਡਾ ਕੇ ਲੈ ਗਈ, ਜਿੱਥੇ ਓਹਦੀ ਦੀਨਦਾਰ ਬਰਾਦਰੀ ਵਿਆਹ ਰਚਾਇਆ ਹੋਇਆ। ਜਾਂਗਲੀ ਵਸੇਬ ਦੀ ਵਲਾਕੀ ਵਿਚ ਬੁਢੇਪਾ ਹੰਢਾਂਦਾ ਗੋਂਦਲ ਬਾਰ ਦੇ ਨਵੇਂ ਉਸਰੇ ਗਿਰਜਾਘਰ ਦੀ ਬਾਰੀ 'ਚੋਂ ਮਾੜੀ ਜੇਹੀ ਆਕੜ ਲੈਂਦਿਆਂ, ਗਭਰੂ ਹੋ ਕੇ ਸਿਹਰੇ ਸਮੇਂ ਮਾਝੇ ਅੱਪੜ ਗਿਆ, ਜਿੱਥੇ ਬਜਵਾਤ ਵਿੱਚ ਰੌਣਕ ਮੇਲਾ ਖਿੜਿਆ ਹੋਇਆ- ਹੁਣ ਉਹ ਮਸੀਹੀ ਬਰਾਦਰੀ ਦਾ ਸਿਰਕੱਢ ਜੀਅ ਤੇ ਉਸ ਦੇ ਨਾਂ ਨਾਲ ਡੀ ਡੀ (ਡਾਕਟਰ ਆਫ਼ ਡਿਵਿਨਟੀ) ਦਾ ਫੁੰਮਣ ਫਬਿਆ ਪਰ ਉਸਨੂੰ ਆਪਣਾ ਲੰਘਿਆ ਪਿਛੋਕੜ ਕਦੀ ਵਿਸਰਿਆ ਨਾ। ਓਹ ਚੰਗਾ ਜਾਣੂ ਕਿ ਅਛੂਤ ਮੁਸਲਮਾਨ ਹੋ ਕੇ ਮੁਸੱਲੀ (ਮੁਸਲਮ ਲੱਲੀ) ਯਾਂ ਦੀਨਦਾਰ, ਸਿੱਖ ਹੋ ਕੇ ਮਜ਼੍ਹਬੀ ਸਿੱਖ ਤੇ ਮਸੀਹ ਹੋ ਕੇ ਕਿਰਨੇ (ਕਿਰਨੇ ਦਾ ਮਤਲਬ ਬਰਾਦਰੀ 'ਚੋਂ ਕਿਰ ਗਏ) ਮਗਰੋਂ ਇਸਾਈ ਅਖਵਾਏ। ਜਿਹੜੇ ਅਛੂਤ, ਕਿਸੇ ਮਜ਼੍ਹਬ ਦੇ ਮੇਚੇ ਵਿੱਚ ਪੂਰੇ ਨਾ ਆਏ, ਓਹ ਲੱਲੀ ਫ਼ਕੀਰ। ਲੱਲਾ (ਕਰਿਸ਼ਨ ਮਹਾਰਾਜ) ਦੇ ਭਗਤ ਹੋਣ ਪਾਦਰੀ ਆਈ ਡੀ ਸ਼ਹਿਬਾਜ਼ ਵਜੋਂ ਲੱਲੀ ਤੇ ਲਾਲਾਂ ਵਾਲੀ ਸਰਕਾਰ (ਸਖ਼ੀ ਸਰਵਰ) ਦੇ ਫ਼ਕੀਰ। ਇਨ੍ਹਾਂ ਅਛੂਤਾਂ ਦੀ ਬਸਤੀ ਮਾਝੇ ਵਿੱਚ ਠੱਠੀ ਤੇ ਦੁਆਬੇ ਵਿੱਚ ਚਮਾਰਲੀ।

ਅਛੂਤ ਹਿੰਦੂ ਹੋ ਕੇ ਮੇਘ ਜਿਹੜੇ ਅਪਣੇ ਆਪ ਨੂੰ ਦੂਜੇ ਅਛੂਤਾਂ ਤੋਂ ਉਚਾ ਜਾਨਣ। ਮੇਘ ਬਰਾਦਰੀ ਮਾਨਣ ਲਈ ਆਪਣਾ ਬ੍ਰਾਹਮਣ ਪਿਛੋਕੜ ਘੜਿਆ... ਅਖੇ ਪੁਰਾਣੇ ਸਮੇਂ ਕੋਈ ਚਾਰ ਭਰਾ ਹੋਏ ਜਿਨ੍ਹਾਂ ਦਾ ਘਰ-ਬਾਹਰ ਸਾਂਝਾ, ਵਖਰਿਪ ਕੋਈ ਨਾ। ਕੁਦਰਤ ਦਾ ਕਰਨਾ, ਵੇਹੜੇ ਵਿੱਚ ਓਹਨਾਂ ਦੀ ਗਾਂ ਚਲਾਣਾ ਕਰ ਗਈ। ਮੋਈ ਗਊ ਮਾਤਾ ਨੂੰ ਕਿਵੇਂ ਬਿੱਲੇ ਲਾਈਏ, ਉਚੀ ਜਾਤੀ ਦੇ ਜੀਆਂ ਨੂੰ ਸਿਆਪਾ ਪੈ ਗਿਆ। ਉਨ੍ਹਾਂ ਦਾ ਧਰਮੀ ਘਰ ਮੰਦਰ ਸਮਾਨ, ਸਾਹਮਣੇ ਦਾਨ ਪੇਟੀ ਪਈ ਹੋਵੇ, ਓਧਰ ਪੂਜਾ ਪਾਠ ਦਾ ਅਸਥਾਨ, ਏਧਰ ਗਊ ਮਾਤਾ ਦੀ ਖੁਰਲੀ, ਵਿਚਕਾਰ ਥੜ੍ਹੀ ਉਤੇ ਤੁਲਸੀ ਦਾ ਬੂਟਾ। ਚੁਮਾਰ ਅਛੂਤ ਅੰਦਰ ਆਵੇ ਕੀਕਣ, ਬ੍ਰਾਹਮਣ ਮੁਰਦਾਰ ਨੂੰ ਹੱਥ ਨਾ ਲਾਣਾ। ਕੋਈ ਉਪਾਅ ਨਾ ਹੋਇਆ ਤੇ ਓੜਕ ਨਿੱਕੇ ਭਰਾ ਏਸ ਨੀਚ ਅਛੂਤੀ ਕੰਮ ਦੀ ਇਸ ਸ਼ਰਤ 'ਤੇ ਹਾਮੀ ਭਰੀ ਕਿ ਓਹ ਕਿਧਰੇ ਭਰਾ ਘੱਤੀ 'ਚੋਂ ਵਿਛੜੇ ਨਾ। ਪਰ ਜਦੋਂ ਓਹ ਪਲੀਤ ਮੁਰਦਾਰ ਨੂੰ ਘਰੋਂ ਬਾਹਰ ਸੁੱਟ ਕੇ ਪਰਤਿਆ, ਵੱਡੇ ਮਾਂ ਜਾਇਆਂ ਛੀ ਛੀ ਕਰਦਿਆਂ ਨੱਕ ਉਤੇ ਹੱਥ ਰੱਖ ਕੇ ਮੂੰਹ ਫੇਰ ਲਏ, ਮੱਥੇ ਲੱਗਣ ਤੋਂ ਇਨਕਾਰੀ ਕਿ ਉਹ ਹੁਣ ਉਨ੍ਹਾਂ ਲਈ ਅਛੂਤ। ਪਰ ਪਰ੍ਹਾਂ ਪਰ੍ਹਾਂ ਹੋਂਦਿਆਂ ਨੂੰ ਨਿੱਕੇ ਭਰਾ ਉਤੇ ਦਯਾ ਆਈ ਤੇ ਓਹਨਾਂ ਮਿਲਣੀ ਲਈ ਓਹਨੂੰ ਚੌਥੇ ਦਿਨ ਦਾ ਵਚਨ ਦਿੱਤਾ। ਓਹ ਚੌਥੇ ਦਿਨ ਆਇਆ ਤੇ ਚੌਥੇ ਹਫ਼ਤੇ ਦੀ ਤਾਰੀਕ ਪਈ। ਚੌਥਾ ਹਫ਼ਤਾ ਵਧਦਾ ਵਧਦਾ ਚੌਥਾ ਮਹੀਨਾ ਜਿਹੜਾ ਅੱਗੋਂ ਚੌਥਾ ਵਰ੍ਹਾ ਹੋਇਆ, ਗੱਲ ਓੜਕ ਚੌਥੇ ਯੁੱਗ ਉਤੇ ਮੁੱਕੀ। 'ਪ੍ਰਾਣ ਜਾਏ ਪਰ ਵਚਨ ਨਾ ਜਾਏ,' ਚਤਾਰਦੇ ਬ੍ਰਾਹਮਣ ਪੰਡਤਾਂ ਦੇ ਗਵੇੜ ਮੂਜਬ ਹੁਣ ਏਹ ਚੌਥਾ ਯੁੱਗ- ਮੁਰਦਾਰ ਨੂੰ ਹੱਥ ਲਾਇਆਂ ਪਾਪੀ ਹੋਏ ਪੀੜ੍ਹੀਓ ਪੀੜ੍ਹੀ ਅਛੂਤ ਮੇਘ।

ਮੇਘ ਓਸ ਲੱਠ ਨੂੰ ਆਖਦੇ ਜੇਹੜੀ ਪਿੰਡ ਦੇ ਸਾਂਝੇ ਛੱਪੜ ਵਿੱਚ ਨੱਪੀ ਹੋਵੇ ਜੀਹਦੇ ਤੋਂ ਡੂੰਘਾਈ ਕੱਢਦੇ। ਜਿੱਥੇ ਸਿਆਲ ਵਿੱਚ ਕੰਮੀ ਸੇਪੀ ਠਰਦਿਆਂ ਖਲੋ ਕੇ ਮਾਲਕਾਂ ਦੀ 'ਸਣ' ਕੱਢਦੇ। ਛੱਪੜ ਵਿੱਚ ਗਾਲਣ ਲਈ ਦੱਬੀ ਸਣ ਪਾਣੀ ਵਿੱਚ ਭਿਓਂ ਭਿਓਂ ਛਿੱਲਦੇ, ਇੰਜ ਓਹ ਟੁੱਟਦੀ ਨਾ, ਪਿਲਛੀ ਤੋਂ ਪੂਰੀ ਪੂਰੀ ਲਹਿੰਦੀ ਤੇ ਏਵੇਂ ਹੀ ਏਥੇ ਪਰਾਲੀ ਦੇ ਖੱਬੜ ਵੱਟਦੇ। ਹਿੰਦੂ ਹੋਏ ਅਛੂਤ ਨੂੰ ਮੇਘ ਤਾਂ ਆਖਦੇ ਕਿ ਓਹ ਹਿੰਦੂ ਧਰਮ ਧਾਰਨ ਕਰਕੇ ਅੱਧੇ ਪਲੀਤੀ 'ਚੋਂ ਬਾਹਰ ਆ ਗਏ ਪਰ ਅੱਧੇ ਅਜੇ ਪਲੀਤੀ ਦੇ ਅੰਦਰ ਕਿਓਂ ਜੇ ਓਹ ਅਪਣੇ ਨੀਚ ਕਰਮਾਂ ਵਜੋਂ ਅਛੂਤ। ਜੱਗ ਭਾਣੇ ਜਿਹੜੇ ਬਦਜ਼ਾਤ ਤੇ ਕਮਜਾਤ, ਓਹਨਾਂ ਵਿੱਚ ਵੀ ਜਾਤਾਂ: ਸਾਰਸਤ, ਸਾਰਸਰ, ਢਬੂਰ, ਪਹੋਤ, ਸੋਧੇ, ਚਾਵਰੀਏ, ਹੰਗਲੇ, ਮਹਿਰੀਏ, ਲੋਕਹਾਰੇ, ਕਲਿਆਨੇ, ਮਕਿਆਨੇ, ਬੀਨਵਾਲ ਤੇ ਚੰਡਾਲ- ਗਿਣਦਿਆਂ ਪਾਦਰੀ ਆਈ ਡੀ ਸ਼ਹਿਬਾਜ਼ ਦੇ ਮੁੱਖ ਉਤੇ ਨਿੱਕੀ ਜੇਹੀ ਹਾਸੀ ਖਿੰਡ ਗਈ- ਹੁਣ ਭਾਵੇਂ ਅੱਖੋਂ ਪੂਰਾ ਨਾ ਦਿਸਦਾ ਪਰ ਚਿੱਤ ਵਿੱਚ ਪਿਛਲੱਗ ਸਾਂਗੇ ਹਰੇ ਰਹੇ, ਪਾਦਰੀ ਆਈ ਡੀ ਸ਼ਹਿਬਾਜ਼ ਵਿਚਾਰੇ ਪਿਆ ਕਿ ਕਦੀ 'ਹੁੱਕਾ ਪਾਣੀ ਬੰਦ' ਵੱਡੀ ਸਜ਼ਾ ਰਹੀ। ਜੁਰਮੀ ਹੁੱਕਾ ਪਾਣੀ ਪੀਂਦਾ ਰਹਿੰਦਾ ਪਰ ਵੱਖਰਿਆਂ, ਵਸਤੀ ਦੇ ਲੋਕ ਓਹਦੇ ਨਾਲ ਹੁੱਕੇ ਪਾਣੀ ਦੀ ਸਾਂਝ ਤਰੋੜ ਲੈਂਦੇ। ਕੀਹ ਅਛੂਤ ਜਮਾਂਦਰੂ ਜੁਰਮੀ, ਚੌਧਰੀ ਕੀ, ਕੰਮੀਆਂ ਨਾਲ ਵੀ ਓਹਨਾਂ ਦਾ ਹੁੱਕਾ ਪਾਣੀ ਸਾਂਝਾ ਨਾ। ਆਪਣੇ ਆਪ ਨਾਲ ਇਹ ਬੁਝਾਰਤ ਪਾਂਦਿਆਂ ਪਾਦਰੀ, ਦੀਨਦਾਰਾਂ ਦਾ ਮੁੰਡਾ, ਜਿਹੜਾ ਮੁਸਲਮਾਨ ਹੋ ਕੇ ਵੀ ਪਲੀਤ।

ਅੰਗਰੇਜ਼ ਰਾਜ ਨੂੰ ਫੁੱਲਦਿਆਂ ਫਲਦਿਆਂ ਵੇਖ ਰਹਿਆ- ਮਹਿਕਮਾ ਮਾਲ ਦਾ ਬੰਦੋਬਸਤ ਹੋਇਆ, ਮੁਰੱਬਾਬੰਦੀ ਦੀ ਚਿੰਤਾ ਭੋਏਂਵਾਲਾਂ ਨੂੰ, ਕੰਮੀਆਂ ਤੇ ਅਛੂਤਾਂ ਨਾਂ ਮਰਲਾ ਨਾ ਲੱਗਾ। ਪਰ ਪੁਰਾਣੀ ਪਰਚੱਲਤ ਸੇਪ ਕਨੂੰਨੀ ਹੋਈ। ਵੱਡੇ ਕੰਮੀ ਤਰਖਾਣ, ਲੌਹਾਰ, ਕਮ੍ਹਾਰ (ਘੁਮਿਆਰ) ਤੇ ਨਾਈ ਲਿਖੀਚੇ ਜਿਨ੍ਹਾਂ ਭੋਏਂਵਾਲਾਂ ਦੇ ਸੇਪੀ, ਉਹ ਇਨ੍ਹਾਂ ਨੂੰ ਹਾੜੀ ਸਾਉਣੀ ਫ਼ੀ ਹੱਲ ਇੱਕ ਭਰੀ ਸੇਪ ਦੇਂਦੇ। ਧੀਆਂ ਪੁੱਤਰਾਂ ਦੇ ਵਿਆਹਵਾਂ ਉਤੇ ਆਟਾ, ਗੁੜ ਤੇ ਚੌਲ ਇਨ੍ਹਾਂ ਨੂੰ ਆਪਣੇ ਜ਼ਮੀਨਦਾਰਾਂ ਕੋਲੋਂ ਮੰਗਿਆਂ ਲੱਭਦੇ। ਵੱਡੇ ਕੰਮੀ ਕੋਈ ਕੱਟੀ ਵੱਛੀ ਕਿੱਲੇ ਤੇ ਜ਼ਰੂਰ ਬੰਨ੍ਹਦੇ ਜਿਹਦੇ ਲਈ ਪੱਠੇ, ਪਰਾਲੀ ਤੇ ਤੂੜੀ ਜ਼ਮੀਨਦਾਰਾਂ ਕੋਲੋਂ ਮੰਗ ਲੈਂਦੇ। ਇਹ ਕੱਟੀ ਵੱਛੀ ਅਕਸਰ ਜ਼ਮੀਨਦਾਰਾਂ ਦੀ ਹੋਂਦੀ, ਕੰਮੀ ਇਸ ਨੂੰ ਦੇਹਾਰੇ (ਅਧਿਆਰੇ) 'ਤੇ ਪਾਲਦੇ। ਜਦੋਂ ਏਹ ਕੱਟੀ ਵੱਛੀ ਮੱਝ ਗਾਂ ਬਣੇ, ਏਹਦਾ ਮੁੱਲ ਪਵੇ। ਚੋਣ ਮਾਲਕ ਦੀ, ਓਹਦੀ ਮਰਜ਼ੀ ਅੱਧ ਤਾਰ ਕੇ ਮੱਝ ਗਾਂ ਲਵੇ, ਭਾਵੇਂ ਅੱਧ ਲੈ ਕੇ ਮੱਝ ਗਾਂ ਕੰਮੀ ਨੂੰ ਦੇਵੇ, ਜਿਵੇਂ ਉਸ ਨੂੰ ਵਾਰਾ ਖਾਵੇ। ਜਿਹੜੇ ਕੰਮੀ ਦੇ ਕਿੱਲੇ ਉਤੇ ਮੱਝ ਗਾਂ ਬੱਝੀ ਹੋਂਦੀ, ਲੋੜ ਪਿਆਂ ਉਸ ਨੂੰ ਕਰਜ਼ਾ ਲੱਭ ਜਾਂਦਾ। ਮੋਚੀ, ਜੁਲਾਹਿਆ ਤੇ ਮਰਾਸੀ ਨਿੱਕੇ ਕੰਮੀ ਜਿਨ੍ਹਾਂ ਨੂੰ 'ਕੰਮੀ ਕਮੀਨ' ਆਖਣ। ਕੰਮ ਦੀ ਕਮਿੱਤਨ ਤੇ ਲਾਗੀ ਬਣ ਕੇ ਲਾਗ ਦੇ ਹੱਕਦਾਰ। ਨਿੱਕੇ ਕੰਮੀਆਂ ਬਾਰੇ ਇਹ ਦੱਸਦੇ ਕਿਹ ਇਹ ਵੀ ਕਦੀ ਅਛੂਤਾਂ ਵਾਂਗੂ ਅਛੂਤ ਰਹੇ। ਮੋਚੀ ਪਹਿਲਾਂ ਚਮਾਰ ਹੋਏ, ਮੁਰਦਾਰ ਦੀ ਖੱਲ ਲਾਹਣਾ ਏਨਾ ਦਾ ਕੰਮ ਤੇ ਮੁਰਦਾਰ ਦੀਆਂ ਆਂਦਰਾਂ ਸੁਕਾਅ ਕੇ ਤੰਦੀ ਦੀ ਰੱਸੀ ਵੱਟਣ ਜਿਹਦੇ ਨਾਲ ਤੀਲੀਆਂ ਜੋੜ ਕੇ ਛੱਜ ਬੰਨ੍ਹੇ ਜਾਵਨ। ਜੁਲਾਹੇ ਕਦੀ ਕੂਚੀ ਰਹੇ ਜੇਹੜੇ ਮੁਰਦਾਰ ਦੇ ਵਾਲਾਂ ਨੂੰ ਵੱਟ ਕੇ ਬੋਰੇ ਤੇ ਗੋਦੜ ਉਣਦੇ। ਮਰਾਸੀ ਪਹਿਲਾਂ ਡੂਮ ਰਹੇ। ਨਿੱਕੇ ਕੰਮੀਆਂ ਨੂੰ ਦੁੱਧ ਲੱਸੀ ਜ਼ਮੀਨਦਾਰਾਂ ਘਰੋਂ ਮੰਗਣਾ ਪਵੇ। ਅਛੂਤ ਜੇ ਕਦੀ ਚੌਧਰੀਆਂ ਦੇ ਬੂਹੇ ਉਤੇ ਸਵਾਲੀ ਓਹਨੂੰ ਜੂਠਾ, ਕਾਣਾ, ਬੇਹਾ ਬਰੂਹੋਂ ਬਾਹਰ ਖਲੋਤੇ ਨੂੰ ਲੱਭਦਾ, ਬੂਹਾ ਟੱਪਣ ਤੋਂ ਡਾਢੀ ਮਨਾਹੀ।

ਅੰਗਰੇਜ਼ਾਂ ਦੇ ਬੰਦੋਬਸਤ ਵਿੱਚ ਹੱਕਦਾਰਾਂ ਤੇ ਹਿੱਸੇਦਾਰਾਂ ਦੇ ਨਾਂ, ਅਛੂਤ ਖਾਤੇ 'ਚੋਂ ਬਾਹਰ, ਵਾਧੂ ਤੇ ਫ਼ਾਲਤੂ ਪਰ ਵਗਾਰ ਬੁੱਤੀ ਲਈ ਹਾਜ਼ਰ। ਫ਼ਸਲਾਂ ਦੀ ਬਿਜਾਈ, ਗਹਾਈ ਤੇ ਵਾਢੀ, ਰੁੱਖਾਂ ਦੀ ਛੰਗਾਈ, ਕਮਾਦਾਂ ਦੀ ਛਿਲਾਈ ਤੇ ਭਾਵੇਂ ਕੋਠਿਆਂ ਦੀ ਲਿਪਾਈ ਜਿੱਥੇ ਬੰਦਿਆਂ ਦੀ ਥੋੜ੍ਹ, ਓਥੇ ਅਛੂਤਾਂ ਦੀ ਲੋੜ ਪਵੇ ਜਿਹਨਾਂ ਨੂੰ ਜਜਮਾਨੀ ਲੱਭਦੀ ਜਿਹੜੀ ਕੋਈ ਮਿੱਥੀ ਹੋਈ ਨਾ, ਦਇਆਵਾਨਾਂ ਦੀ ਮੇਹਰਬਾਨੀ, ਜੋ ਮਰਜ਼ੀ ਦਾਨ ਕਰਨ। ਗੰਦਗੀ ਦਾ ਹੂੰਝਣ ਤੇ ਮੁਰਦਾਰ ਪੂਰਾ ਅਛੂਤਾਂ ਦਾ, ਜਿਹੜੇ ਕੰਮੀਆਂ ਦੇ ਪਿੱਛੇ ਪਿੱਛੇ ਬਾਲਣ ਤੇ ਵਾਢੀਆਂ ਮਗਰੋਂ ਮੁੰਜਰਾਂ ਤੇ ਸਿੱਟੇ ਚੁਗਣ, ਪਿੜ ਹੂੰਝਣ। ਜਾਂਦੀ ਰੁੱਤੇ ਖੱਖੜੀਆਂ ਤੇ ਹਦਵਾਣਿਆਂ ਦੀ ਲੋਟੀ ਪਵੇ, ਅਛੂਤ ਵੀ ਵਾੜੀ ਵਿਚ ਵੜਨ। ਅਛੂਤ ਪਿੰਡੋਂ ਬਾਹਰ ਨੀਵੇਂ ਪਾਸੇ ਅਕਸਰ ਦੱਖਣ ਤੇ ਲਹਿੰਦੀ ਬਾਹੀ, ਰੂੜੀਆਂ ਤੇ ਖੋਲਿਆਂ ਵਿੱਚ ਕੁੱਲੇ ਛੱਤਦੇ। ਏਹ ਥਾਂ ਸ਼ਾਮਲਾਟ ਹੋਂਦੀ ਜਿਹਦੇ ਹਿੱਸੇਦਾਰ ਭੋਏਂਵਾਲ। ਅਚਾਰ ਨੂੰ ਉੱਲੀ ਲੱਗੇ, ਵੜੀਆਂ ਨੂੰ ਕੀੜੀ ਪੈ ਜਾਏ, ਸਾਓਣ ਭਾਦਰੋਂ ਦੀ ਰੁੱਤੇ ਚਾਟੀ ਵਿੱਚ ਪੁਰਾਣਾ ਕਾਲਾ ਗੁੜ ਗਿਸਲ ਕੇ ਰਾਬ ਬਣ ਜਾਏ, ਚੌਧਰਾਣੀ ਦਿਆਲੂ ਬਣ ਕੇ ਭਾਂਡਾ ਅਛੂਤਾਂ ਵੱਲ ਮੁਧਾਅ ਦੇਂਦੀ ਜਿਹਨਾਂ ਦੀ ਮੌਜ ਹੋ ਜਾਏ। ਚੌਧਰੀਆਂ ਦੇ ਹੁੱਕੇ ਨੂੰ ਜੇ ਅਛੂਤ ਮੂੰਹ ਲਾ ਦੇਂਦਾ ਹੁੱਕਾ ਵੀ ਭੱਜਦਾ ਤੇ ਅਛੂਤ ਦੇ ਪਾਸੇ ਵੀ। ਪਾਣੀ ਪੀਣ ਲਈ ਖੂਹ ਦੇ ਪਾੜਛੇ ਨੂੰ ਮੂੰਹ ਲਾ ਕੇ ਵਿਚਾਰਾ ਅਛੂਤ ਕਿੱਧਰ ਜਾਏ, ਚੌਧਰੀ ਡਾਂਗਾਂ ਲੈ ਕੇ ਓਹਦੇ ਪਿੱਛੇ। ਪਰ ਨਿੱਕੇ ਵਾਹੀਵਾਨ ਜਿਹੜੇ ਕਾਮਾ ਰੱਖਣ ਜੋਗੇ ਨਾ, ਕਿਸੇ ਅਛੂਤ ਨੂੰ ਸੀਰੀ ਰੱਖ ਲੈਂਦੇ, ਬਹਿਕ ਤੇ ਛੰਨ ਵਿੱਚ ਹੁੱਕਾ ਵੀ ਰਲ ਕੇ ਪੀਂਦੇ। ਲੱਸੀ ਮੰਗਣ ਗਿਆ ਦੀਨਦਾਰਾਂ ਦਾ ਮੁੰਡਾ ਕੀ ਕਰ ਬੈਠਾ ਕਿ ਓਹਦਾ ਭਾਂਡਾ ਘੜਵੰਜੀ ਨੂੰ ਲੱਗ ਗਿਆ- ਦੁੱਧ ਰਿੜਕਦੀ ਨੱਕ ਚੜ੍ਹੀ ਚੌਧਰਾਣੀ ਦੁਰ ਦੁਰ ਕਰਦਿਆਂ ਪੈਰੋਂ ਜੁੱਤੀ ਲਾਹੀ, ਮਾਰਦੀ ਕੀ, ਗੁਨਾਹੀਂ ਜਾਂਦਾ ਨਾ ਦਿਸਿਆ। "ਵੇ ਤੇਰੇ ਦਾਦੇ ਦਾਹੜੀ ਹੱਗਿਆ!" ਚੌਧਰਾਣੀ ਦੀ ਗਾਹਲ ਕੰਨੀਂ ਪਈ, ਪਾਦਰੀ ਆਈ ਡੀ ਸ਼ਹਿਬਾਜ਼ ਆਪਣੀ ਦਾਹੜੀ ਨੂੰ ਹੱਥ ਲਾਇਆ "ਮੈਂ ਹੁਣ ਆਪ ਦਾਦਾ!" ਜਿਹਦੇ ਚੇਤੇ ਵਿੱਚ ਯਾਦਾਂ ਦੀ ਬਹਾਰ, ਪਾਦਰੀ ਆਈ ਡੀ ਸ਼ਹਿਬਾਜ਼ ਨੂੰ ਪੂਰਾ ਪੰਜਾਬ ਫਿਰਾਅ ਰਹੀ... ਲਹਿੰਦੇ ਦੇ ਜਾਂਗਲੀ ਅਛੂਤਾਂ ਦੂਜੇ ਬੇਦੀਨ ਬਾਰ ਵਾਸੀਆਂ ਵਾਂਗੂ ਜਿਹੜਾ ਮਜ਼੍ਹਬ ਕਬੂਲਿਆ, ਓਹ ਸੂਫ਼ੀਆਂ ਦਾ ਇਸਲਾਮ। ਬਾਰ ਦੇ ਬਾਹਲੇ ਅਛੂਤ ਦੋ ਫ਼ਕੀਰ ਪੀਰਾਂ- ਭਾਵਨ ਸ਼ਾਹ ਤੇ ਕਬੀਰ ਸ਼ਾਹ- ਦੇ ਮੁਸੱਲਾ ਚੁੱਕ ਮੁਰੀਦ ਜਿਹਦੀ ਵਜੋਂ ਓਹ ਮੁਸੱਲੀ ਅਖਵਾਏ। ਜਿਹਨਾਂ ਮਗਰੋਂ ਆਪਣੇ ਆਪ ਨੂੰ ਕਾਗ਼ਜ਼ਾਂ ਵਿੱਚ ਮੁਸਲਿਮ ਸ਼ੇਖ਼ ਲਿਖਵਾਇਆ। ਮੁਸੱਲੀ ਸਫ਼ਾਈ ਸੁਥਰਾਈ ਲਈ ਬੌਂਕਰ ਮਾਂਜਾ ਨਹੀਂ, ਵਸੇਬ ਦੇ ਏਸ ਲੜਾਕੇ ਵਰਗ ਰੁਜ਼ਗਾਰ ਲਈ ਡਾਂਗ ਸੋਟਾ ਫੜਿਆ।

ਮਾਝੇ ਤੇ ਦੁਆਬੇ ਵਿੱਚ ਦੀਨਦਾਰ, ਮੇਘ, ਮਜ਼੍ਹਬੀ ਸਿੱਖ ਤੇ ਕਿਰਨੇ ਸਭ ਪੌਂਦ ਵਾਲਮੀਕੀ ਰਹੇ। ਓਹ ਵਾਲਮੀਕੀ ਕਿਵੇਂ ਤੇ ਕਦੋਂ ਹੋਏ, ਇਹ ਕਹਾਣੀ ਇੰਝ- ਪੰਜਾਬ ਵਿੱਚ ਇੱਕ ਹਿੰਦੂ ਬ੍ਰਾਹਮਣ ਪੰਡਤ ਭਗਵਾਨ ਦਾਸ ਜਿਹੜਾ ਵਾਲਮੀਕੀ ਜੋਗੀ ਹੋ ਗਿਆ। ਓਹ ਫ਼ਾਰਸੀ ਦਾ ਆਲਮ ਤੇ ਸੰਸਕ੍ਰਿਤ ਦਾ ਵਿਦਵਾਨ ਕਦਰਦਾਨ ਤੇ ਮਿਹਰਬਾਨ ਸ਼ਹਿਜ਼ਾਦੇ ਦਾਰਾ ਸ਼ਿਕੋਹ ਦਾ ਸੰਗਤੀ ਬਣਿਆ। ਓਹ ਰੱਜ ਸੋਹਣਾ ਜਿਹਨੂੰ ਲਾਲ ਬਾਣਾਂ ਸੁਹਾਵੇ। ਹਰ ਵੇਲੇ ਲਹੌਰ ਦੇ ਸੂਬੇਦਾਰ ਦਾਰਾ ਸ਼ਿਕੋਹ ਦਾ ਸਾਥ, ਰਿਆਇਆ ਭਾਣੇ ਓਹ ਵੀ ਮੁਗ਼ਲ ਹਾਕਮਾਂ ਦਾ ਜੀਅ। ਓਹ ਸ਼ਹਿਜ਼ਾਦਾ ਲਾਲ ਬੇਗ਼ ਧੁੰਮ ਗਿਆ ਪਰ ਰਾਜ ਮਹਿਲ ਵਿੱਚ ਕਿਸੇ ਖ਼ਿਦਮਤਗਾਰ ਓਹਨੂੰ ਸ਼ਹਿਜ਼ਾਦਾ ਕੀ ਸੱਦਿਆ, ਓਹਦੇ ਅੰਦਰ ਦਾ ਜੋਗੀ ਜਾਗ ਪਿਆ ਤੇ ਦਾਰਾ ਸ਼ਿਕੋਹ ਦੇ ਦਰਵੇਸ਼ੀ ਦਰਬਾਰ ਨੂੰ ਤਜ ਤਿਆਗ ਕੇ ਜਾਂਦਿਆਂ ਆਖਣ ਲੱਗਾ, 'ਮੇਰੀਆਂ ਨਾਸ੍ਹਾਂ ਵਿੱਚ ਦੁਨੀਆਦਾਰੀ ਦੀ ਗੰਦੀ ਮੁਸ਼ਕ, ਮੇਰਾ ਸਾਹ ਔਖਾ, ਸੌਖਿਆਂ ਹੋਵਣ ਲਈ ਹੁਣ ਰਹਿੰਦੀ ਸਾਰੀ ਹਯਾਤੀ ਮੈਂ ਗੰਦਗੀ ਸਾਫ਼ ਕਰਨੀ,' ਗੰਦਗੀ ਹੂੰਝਦੇ ਸ਼ਹਿਜ਼ਾਦੇ ਲਾਲ ਬੇਗ਼ ਪਿੱਛੇ ਲੱਗ ਕੇ ਅਛੂਤ ਵਾਲਮੀਕੀ ਹੋਏ ਜਿਹਨਾਂ ਦੀ ਵਾਲਮੀਕੀ ਪਛਾਣ ਸਹਿਜੇ ਸਹਿਜੇ ਧਰਮ ਬਣੀ- ਅਛੂਤ ਵਾਲਮੀਕੀਆਂ ਦਾ ਭੌਏਂ ਭਾਂਡਾ ਭਾਵੇਂ ਕੋਈ ਨਾ ਪਰ ਨਿਮਾਣਿਆਂ ਕੋਲ ਮੰਨਣ ਮਾਨਣ ਲਈ ਬਥੇਰਾ ਨਿੱਕ ਸੁੱਕ। ਰਾਮ ਕਥਨ ਮਾਲਾ 'ਰਮਾਇਣ' ਦਾ ਰਚਨਹਾਰ ਬਾਲਮੀਕ ਸਵਾਮੀ ਓਹਨਾਂ ਦਾ 'ਬਾਲਾ ਸ਼ਾਹ' ਤੇ ਸੱਪਾਂ ਵਾਲੀ ਸਰਕਾਰ 'ਗੁੱਗਾ ਪੀਰ'। ਮੋਏ ਅਛੂਤ ਦਾ ਕਫ਼ਨ ਦਫ਼ਨ ਮੁਸਲਮਾਨਾਂ ਵਾਂਗੂੰ ਪਰ ਮੌਲਵੀ ਜਨਾਜ਼ਾ ਨਾ ਪੜ੍ਹਾਏ, ਹਿੰਦੂ ਪੰਡਤ ਰਮਾਇਣ ਦਾ ਪਾਠ ਕਰੇ। ਅਮ੍ਰਿਤ ਪਿਆਲਾ ਵਾਲਮੀਕੀਆਂ ਤੇ ਸਿੱਖਾਂ ਵਿੱਚ ਇੱਕੋ ਜੇਹਾ ਜਿਹਦੇ ਵਿੱਚ ਗੁਰੂ ਦਾ ਚੇਲਾ ਹੋਵਣ ਲਈ ਅਮ੍ਰਿਤ ਛਕਦੇ। ਦਿਨ ਰਾਤ ਓਹਨਾਂ ਲਈ ਅਨ੍ਹੇਰੇ ਤੇ ਚਾਨਣ ਦਾ ਯੁੱਧ, ਜਿਸ ਨੂੰ ਓਹ 'ਵਾਰ' ਕਹਿੰਦੇ ਜਿਹੜੇ ਸੱਤ: ਬੋਹਨੀ, ਡੰਨ, ਮਾਂਗੀ, ਚੌਥਾ, ਚਰਾਗੀ, ਛੰਨ ਤੇ ਸੱਤਾ। ਬੋਹਨੀ ਨੂੰ ਪੀਰ ਵਾਰ ਵੀ ਕਹਿੰਦੇ ਕਿਓਂ ਜੇ ਇਹ ਓਹਨਾਂ ਦੇ ਗੁਰੂ ਬਾਲਾ ਸ਼ਾਹ ਦਾ ਜੰਮਣ ਦਿਹਾੜ ਜਿੱਦਣ ਓਹ ਸ਼ਾਮੀਂ ਪੂਜਾ ਪਾਠ ਕਰਦੇ ਜਿਹਨੂੰ ਓਹ 'ਸਤਿ ਸੰਗ' ਆਖਣ। ਸਤਿਸੰਗ ਦੋ ਚੌਂਕੀਆਂ, ਪਹਿਲੀ ਚੌਂਕੀ 'ਸੰਗਤ' ਤੇ ਦੂਜੀ 'ਮੰਗਤ'। ਸੰਗਤ ਵਿੱਚ ਓਹ ਰਲ ਕੇ ਸੱਤ ਵਾਰੀ ਹੋਕਦੇ, 'ਸਤਿਨਾਮ,' ਮਗਰੋਂ ਕਿੰਗ ਤੇ ਘੜਾ ਵੱਜਣ ਲੱਗ ਪੈਂਦੇ, ਗੁਰੂ ਦੇ ਚੇਲੇ ਲੋਕਧਾਰਾ 'ਚੋਂ ਪੁੰਗਰੇ ਇੰਝ ਦੇ ਬੋਲ ਗਾਵਣ :-

ਅਸੀਂ ਰੂੜੀ 'ਚੋਂ ਨਿਕਲੇ ਕੀੜੇ,
ਪਾਕ ਪੀਰ ਦੇ ਦਵਾਰੇ ਜਾਵਣਾ,
ਨਾਮ ਜਪ ਲੈ ਨਿਮਾਣੀਏ ਜਿੰਦੇ
ਹਮੇਸ਼ ਜਿਹਨੇ ਕੰਮ ਆਵਣਾ
ਸੰਗਤ ਮਗਰੋਂ ਮੰਗਤ ਵਿੱਚ ਏਹ ਬਾਣੀ :
ਸਤਿਗੁਰ ਸਤਿਗੁਰ ਬਾਲਾ ਸ਼ਾਹ,
ਲਾਲ ਬੇਗ ਦੇ ਨਾਂ ਦੀ ਵੇਲ,
ਪੀਰਾ ਅਸਾਨੂੰ ਰੱਬ ਮਲਾ,
ਜਿਊਂਦਿਆਂ ਦਾ ਰੱਖੀਂ ਮੇਲ,
ਮੋਇਆਂ ਨੂੰ ਮੋੜ ਲਿਆ,
ਰਲਿਆਂ ਰਲੇ ਖਾਣ ਪੀਣ,
ਆਮੀਨ ਆਮੀਨ।

ਸਤਿਸੰਗ ਲਈ ਵਲੀ ਜਗ੍ਹਾ ਮਿੱਟੀ ਗਾਰੇ ਦੀ ਪਰ ਉਸ ਨੂੰ ਆਖਣ 'ਪੱਕੀ ਥਾਂ', ਜਿਹੜੀ ਓਹ ਕਿਸੇ ਬੁੱਢੇ ਰੁੱਖ ਲਾਗੇ, ਰਾਹ ਦੇ ਕੰਢੇ ਬਣਾਂਦੇ। ਬੁੱਢੇ ਰੁੱਖ ਦੇ ਮੁੱਢ ਨਾਲ ਘੜਵੰਜੀ ਉਤੇ ਘੜਾ ਰੱਖਦੇ ਜਿਹਨੂੰ ਓਹ ਲੰਘਦੇ ਰਾਹੀਆਂ ਲਈ ਸੱਜਰਾ ਭਰਦੇ ਰਹਿੰਦੇ। ਪੱਕੀ ਥਾਂ ਕੀ: ਕੰਧੋਲੀ 'ਤੇ ਚੌਂਕੀ। ਕੰਧੋਲੀ ਇੱਕ ਗਿੱਠ ਤੇ ਇੱਕ ਚੱਪਾ ਮੋਟੀ ਮਹਿਰਾਬੀ ਕੰਧ ਜਿਹੜੀ ਦੋ ਹੱਥ ਉਚੀ ਤੇ ਚਾਰ ਹੱਥ ਲੰਮੀ। ਕੰਧੋਲੀ ਪੱਕੀ ਥਾਂ ਦਾ ਇੱਕ ਪਾਸਾ, ਰਹਿੰਦੇ ਤਿੰਨ ਪਾਸੇ ਚਾਰ ਹੱਥ ਲੰਮੀ, ਚੱਪਾ ਮੋਟੀ ਤੇ ਇੱਕ ਗਿੱਠ ਉਚੀ ਬੰਨ੍ਹੀ ਦੀ ਵਲਗਣ, ਇਹ ਹੋਈ ਚੌਂਕੀ। ਕੰਧੋਲੀ ਵਿੱਚ ਚਾਰ ਆਲ਼ੇ: ਇੱਕ ਉਪਰ, ਇੱਕ ਭੁੰਜੇ ਤੇ ਦੋ ਵਿਚਕਾਰ- ਸੱਜੇ ਖੱਬੇ। ਉਪਰਲੇ ਆਲ਼ੇ ਵਿੱਚ ਪੰਛੀਆਂ ਲਈ ਚੋਗ਼ਾ ਪਾਂਦੇ ਤੇ ਵਿਚਕਾਰਲਿਆਂ ਵਿੱਚ ਸ਼ਾਮੀਂ ਦੋ ਦੀਵੇ ਬਾਲਦੇ- ਇੱਕ ਬਾਲੇ ਸ਼ਾਹ ਤੇ ਦੂਜਾ ਗੁੱਗੇ ਪੀਰ ਦੇ ਨਾਂ ਦਾ। ਹੇਠਲੇ ਆਲ਼ੇ ਵਿੱਚ ਜਿਹਨੇ ਸੁੱਖਿਆ ਹੋਂਦਾ ਓਹ ਪੱਕਿਆ ਅੰਨ ਪਾਂਦਾ ਜਿਹਨੂੰ ਗਾਲੜ, ਚੂਹੇ, ਬਿੱਲੀਆਂ ਤੇ ਕੁੱਤੇ ਖਾਂਦੇ। ਬਰਾਦਰੀ ਵਿੱਚ ਜਿਹੜਾ ਜਵਾਨ ਬਿਮਾਰ ਹੋਂਦਾ, ਉਹ ਵਲ ਹੋਵਣ ਲਈ ਪੱਕੀ ਥਾਂ ਦਾ ਧਿਆਨ ਕਰੇ, ਏਸ ਆਹਰ ਨੂੰ 'ਸੇਵਾ' ਕਹਿੰਦੇ।

ਅਛੂਤ ਮੰਨਤ ਮੁਰਾਦਾਂ ਲਈ ਭੰਡਾਰਾ ਸੁੱਖਦੇ। ਭੰਡਾਰੇ ਦਾ ਦਿਨ ਚੌਥਾ (ਜੁਮੇਰਾਤ)। ਭੰਡਾਰਾ ਕੀ: ਪਹਿਲਾਂ ਫੁੰਮਨੀਆਂ ਮਗਰੋਂ ਲੰਗਰ। ਪੱਕੀ ਥਾਂ ਦਵਾਲੇ ਢੋਲ ਅੱਗੇ ਨੱਚਦਿਆਂ ਫੁੰਮਣ ਹੋਣਾ ਫੁੰਮਨੀਆਂ। ਲੰਗਰ ਵਿੱਚ ਗੁੜ, ਫੁੱਲੜੀਆਂ, ਮਰੂੰਡਾ, ਪਤਾਸੇ ਯਾਂ ਮਿੱਠਾ ਰੋਟ ਵੰਡਦੇ- ਸਤ ਸੰਗ, ਅਮ੍ਰਿਤ ਪਿਆਲਾ, ਭੰਡਾਰਾ ਤੇ ਭਾਵੇਂ ਪਰ੍ਹਿਆ ਪੰਚਾਇਤ, ਪਰਧਾਨ ਤੇ ਆਗੂ 'ਪੀਰ ਪੰਚ'। ਜਿਹੜਾ ਪੰਜ ਪੀਰ ਪੰਚਾਂ ਉਤੇ ਸਰਪੰਚ ਓਹ 'ਨਸ਼ਾਨਦਾਰ' ਅਖਵਾਵੇ। ਪਹਿਲਾ ਨਸ਼ਾਨਦਾਰ ਗੁਜ਼ਰ ਜਾਂਦਾ ਤੇ ਅਗਲੇ ਦੀ ਚੋਣ ਇੰਝ ਕਿ ਪੰਜਾਂ 'ਚੋਂ ਸਭ ਤੋਂ ਵੱਡੇ ਪੀਰ ਦੀ ਵੇਲ ਹੋਕਦਿਆਂ ਖੱਬੀ ਵੀਣੀ ਉਤੇ ਓਹ ਜ਼ਹਿਰੀ ਨਾਗ ਲੜਾਇਆ ਜਾਂਦਾ ਜਿਹਦੇ ਡੰਗਿਆਂ ਕੋਈ ਜਾਨਦਾਰ ਮੋਇਆ ਹੋਵੇ। ਇਹ ਪੀਰ ਪੰਚ ਜੇ ਨਾ ਬਚਦਾ, ਓਹਨੂੰ ਪਾਪੀ ਮਿੱਥਿਆ ਜਾਵੇ- ਜਿਹਦਾ ਮੁਰਦਾ ਰੋਲਦਿਆਂ ਲੈ ਜਾ ਕੇ ਕੱਢੇ ਟੋਏ ਵਿਚ ਦੱਬ ਦੇਂਦੇ, ਕਫ਼ਨ ਦਫ਼ਨ ਨਾ ਰਮਾਇਣ ਦਾ ਪਾਠ। ਬੋਲੋਂ ਥਿੜਕਣਾ, ਅਨਿਆਂ ਕਰਨਾ ਤੇ ਧਿਆਨ ਵਿੱਚ ਗੁਮਾਨ ਵੱਡੇ ਪਾਪ। ਮੋਏ ਪਾਪੀ ਪੀਰ ਪੰਚ ਮਗਰੋਂ ਇਹਤੋਂ ਨਿੱਕੇ ਦੀ ਵਾਰੀ। ਜਿਹੜਾ ਜ਼ਹਿਰੀ ਨਾਗ ਦੇ ਡੰਗਿਆਂ ਜਿਊਂਦਾ ਰਵ੍ਹੇ, ਓਹ ਨਸ਼ਾਨਦਾਰ। ਨਸ਼ਾਨ ਕੀਹ: ਫਨ ਖਲਾਰੀ ਖਲੋਤੇ ਜ਼ਹਿਰੀ ਨਾਗ ਦਾ ਚਿੱਤਰ। ਜਿੱਥੇ ਨਾਗ ਡੰਗ ਮਾਰੇ, ਓਥੇ 'ਚਿਤੇਰਾ' ਸੂਈ ਨਾਲ ਪੱਛਦਿਆਂ ਨੀਲ ਝੱਸਦਾ ਜਾਏ, ਇੰਝ ਨਾਗ ਦਾ ਚਿੱਤਰ ਬਣੇ। ਵਰ੍ਹੇ ਵਾਰ ਅਛੂਤਾਂ ਦਾ ਮੇਲਾ, ਸਾਓਣ ਦਾ ਮਹੀਨਾ ਤੇ ਚੰਨ ਦੀ ਪੰਦ੍ਹਰਵੀਂ। ਦਿਨੇਂ ਰੁੱਸੇ ਮਿਲਦੇ ਤੇ ਰਾਤੀਂ ਗੁੱਗੇ ਪੀਰ ਦੀ ਜੰਝ ਚੜ੍ਹਦੀ। ਅਪਣੇ ਸਭ ਤੋਂ ਵਡੇਰੇ ਬਾਬੇ ਯਾਂ ਮਾਈ ਨੂੰ ਚੁੱਕਿਆ ਹੋਏ, ਪੱਕੀ ਥਾਂ ਦੇ ਸੱਤ ਫੇਰੇ। ਚਿਮਟਾ, ਛੈਣਾ ਤੇ ਢੋਲਕੀ ਵੱਜਦੀ, ਝੰਡਾ ਚੁੱਕ ਕੇ ਗਾਂਦੇ ਕੀ :-

ਜੀਓ, ਜੀਓ ਉੱਚਾ ਪਿੰਡ ਭਰਮੀ,
ਨੀਵਾਂ ਪਾਸ ਲੁੱਚਾ ਜੀਓ, ਜੀਓ
ਗੁੱਗਾ ਪੀਰ ਅਧਰਮੀ (ਆਦਿਧਰਮੀ),
ਝੰਡਾ ਜਿਹਦਾ ਉੱਚਾ ਜੀਓ ਜੀ।

ਯਾਦਾਂ ਦੇ ਮੇਲੇ ਵਿੱਚ ਰਲੇ ਪਾਦਰੀ ਆਈ ਡੀ ਸ਼ਹਿਬਾਜ਼ ਦਾ ਤਰਾਹ ਨਿਕਲ ਗਿਆ ਜਦੋਂ ਕੰਨਾਂ ਵਿੱਚ ਦੀਨਦਾਰ ਦੇ ਮੁੰਡੇ ਇਮਾਮਦੀਨ ਦੀ ਵਾਜ ਪਈ :-

'ਸੁਲੇਮਾਨ ਪੈਗ਼ੰਬਰ ਧਰੋਈ ਧਰੋਈ।'

ਪੁਰੇ ਦੀ ਨਿੰਮੀ ਨਿੰਮੀ ਵਾਅ ਵਿੱਚ ਝੁਲੀਆਂ ਯਾਦਾਂ ਹੁਣ ਵਾ ਵਰੋਲਾ। ਵੱਸਦੇ ਹੱਸਦੇ ਮੇਲ 'ਚੋਂ ਅਛੂਤ ਕਿਰਨ ਲੱਗ ਪਏ।

ਕੰਪਨੀ ਬਹਾਦਰ ਦੀ ਸਰਕਾਰ, ਸਿਆਲਕੋਟ ਦਾ ਇਲਾਕਾ, ਮਿਸ਼ਨਰੀਆਂ ਦੇ ਹਵਾਲੇ ਜਿੱਥੇ ਚਰਚ, ਮਿਸ਼ਨ ਸਕੂਲ ਤੇ ਮਿਸ਼ਨ ਹਸਪਤਾਲ ਮਗਰੋਂ ਬਣੇ, ਅਗਦੋਂ ਕਹਾਣੀ ਹੋਰਵੇਂ- ਮਿਸ਼ਨਰੀ ਸਕਾਟ, ਜਿਹਦਾ ਪੁਰਾਣਾ ਨਾਂ ਜਾਰਜ ਵਾਸ਼ਿੰਗਟਨ ਸਕਾਟ, ਸਿਆਲਕੋਟੋਂ ਬਾਈਬਲ ਮੁਕੱਦਸ ਤੇ ਰਾਸ਼ਨ ਪਾਣੀ ਲੈ ਕੇ ਘੋੜੀ ਉਤੇ ਬਹਿੰਦਾ। ਪਹਿਲਾਂ ਓਹ ਜ਼ਫ਼ਰਵਾਲ ਜਾਂਦਾ, ਫ਼ੇਰ ਓਥੋਂ ਨਾਰੋਵਾਲ, ਜਿੱਥੋਂ ਪਸਰੂਰ ਨੂੰ ਮੂੰਹ ਕਰਦਾ ਤੇ ਪਸਰੂਰੋਂ ਮੁੜ ਸਿਆਲਕੋਟ। ਚਮੜੀ ਗੋਰੀ ਪਰ ਪੰਜਾਬੀ ਵੇਸ। ਦੇਸੀ ਚੋਲਾ, ਢਿੱਲਾ ਪਜਾਮਾ, ਜੱਟਕੀ ਜੁੱਤੀ ਤੇ ਸਿਰ ਉਤੇ ਕਿਸਾਨੀ ਪੱਗ। ਰਾਹ ਵਿੱਚ ਜਿੱਥੇ ਮੋਈ ਮਾਰੀ ਖ਼ਲਕਤ ਓਥੇ ਮਿਸ਼ਨਰੀ ਦੀ ਘੋੜੀ ਖਲੋ ਜਾਏ।



**(ਚਲਦਾ)**

# ਕਾਵਿ ਸੰਸਾਰ

## ਲਛਮਣ ਰੇਖਾ

ਖੁਸ਼ਦੀਪ ਬਰਾੜ



ਕੀ ਇਮਾਨਦਾਰ ਹੋਣਾ,
ਸਭ ਲਈ ਖੁਸ਼ ਹੋਣਾ,
ਚੰਗਾ ਇਨਸਾਨ ਹੋਣਾ,
ਹੀ ਕਾਫੀ ਨਹੀਂ ਹੁੰਦਾ,
ਕੀ ਮਨਘੜ੍ਹਤ ਜ਼ਿੰਮੇਵਾਰੀਆਂ ਨੂੰ
ਨਿਭਾਉਣਾ ਹੀ ਸਭ ਕੁਛ ਹੁੰਦੈ,
ਕੀ ਇਨਸਾਨੀਅਤ ਦਾ,
ਕੋਈ ਵਜੂਦ ਨਹੀਂ,
ਕੀ ਚੰਗਿਆਈ ਦੀ,
ਕੋਈ ਕੀਮਤ ਨਹੀਂ,
ਜੇ ਦਿਖਾਵਾ ਹੀ ਸਭ ਕੁਛ ਹੈ,
ਤਾਂ ਫਿਰ, ਚੰਗੇ ਹੋਣ ਦਾ,
ਢੰਡੋਰਾ ਕਿਉਂ ਪਿੱਟਿਆ ਜਾਂਦੈ ?
ਕੀ ਤੁਹਾਨੂੰ ਕੋਈ ਹੱਕ ਨਹੀਂ,
ਕਿ ਜੋ ਤੁਸੀਂ ਹੋ, ਓਹੀ ਬਣ ਕੇ ਰਹੋ।
ਕੀ ਇੱਕ ਇਨਸਾਨ ਹੋਣਾ,
ਇੱਕ ਸ਼ਰਾਪ ਵਾਂਗ ਹੈ ?
ਕਿਉਂਕਿ ਪਰਿੰਦਿਆਂ 'ਤੇ ਤਾਂ
ਕੋਈ ਬੰਦਿਸ਼ ਨਹੀਂ ਹੁੰਦੀ।
ਪਹਿਲਾਂ ਦੁਨੀਆਂ ਨੂੰ ਖੁਸ਼ ਕਰੀਏ,
ਜਾਂ ਖ਼ੁਦ ਨੂੰ... ?

## ਮੂਲ ਨਾਲੋਂ ਪਿਆਰਾ

ਸੁਰਜੀਤ ਸਿਰੜੀ

ਉਸ ਕਦੇ ਪੈਸੇ ਵਿਆਜੂ ਨਹੀਂ ਦਿੱਤੇ,
ਹੁੰਦੇ ਤਾਂ ਦੇਂਦਾ,
ਕਿਵੇਂ ਜਾਣਦਾ ਵਿਆਜ ਮੂਲ ਨਾਲੋਂ ਪਿਆਰਾ ਹੁੰਦਾ,
ਆਪਣੇ ਬੱਚਿਆਂ ਨੂੰ ਬਹੁਤਾ ਪਿਆਰ ਨਹੀਂ ਦੇ ਸਕਿਆ,
ਭਜਿਆ ਰਿਹਾ ਬਸ ਰੋਟੀ ਦੇ ਆਹਰ ਵਿੱਚ,
ਸਮਾਂ ਹੀ ਨਹੀਂ ਲੱਗਿਆ,
ਬੱਚਿਆਂ ਸੰਗ ਬੱਚੇ ਹੋਣ ਦਾ,
ਹੁਣ ਬਾਪੂ ਨਿੱਕੀ ਜਿਹੀ ਪੋਤੀ ਨਾਲ ਖ਼ੂਬ ਖੇਡਦਾ,
ਆਪਣਾ ਤੇ ਆਪਣੇ ਬੱਚਿਆਂ ਦਾ ਬਚਪਨ ਭਾਲਦਾ,
ਜਿਵੇਂ ਉਸ ਜਾਣ ਲਿਆ ਹੋਵੇ,
ਰੇਤ ਵਿੱਚ ਕਣ ਕਣ ਬਿਖਰਿਆ ਸੋਨਾ,
ਕਿਸਰਾਂ ਚੁਗੀਦਾ ਹੈ,
ਇਸ ਉਮਰੇ ਹੀ ਸਮਝ ਪੈਂਦੀ,
ਵਿਆਜ ਮੂਲ ਨਾਲੋਂ ਪਿਆਰਾ ਹੁੰਦਾ।

## ਗ਼ਜ਼ਲ

ਵਿਰਕ ਪੁਸ਼ਪਿੰਦਰ



ਸਾਰੀ ਰੁਲ ਗਈ ਜਵਾਨੀ ਜੱਟਾ ਮੇਰੀ
ਤੇ ਚੰਡੀਗੜ੍ਹ ਨੇ ਪੰਜਾਬ ਖਾ ਲਿਆ!

ਭੁੱਲ ਜਾਵੇਗਾ ਤੂੰ ਸੈਕਟਰ-17
ਵੀਹੀ 'ਚ ਜਦ ਮੈਂ ਤੱਕਿਆ!

ਮੁੱਖ ਵੇਖ ਕੇ ਮੇਰੇ ਦੀ ਲਾਲੀ
ਬੀ ਜੈਂਕਣਾਂ ਨੂੰ ਗਸ਼ ਪੈ ਜਾਵੇ!

ਜੱਟ ਫਿਰੇ ਨੀ ਟਾਕੀਆਂ 'ਤੇ ਮਰਦਾ
ਤੇ ਛੱਡ ਕੇ ਪਟੋਲਾ ਰੇਸ਼ਮੀ!

ਤੇਰੇ ਵਾਸਤੇ ਰੰਗਾਇਆ ਸੀ ਮੈਂ ਡੋਰੀਆ
ਤੇ ਕੁੜਤੀ ਸ਼ੀਸ਼ਿਆਂ ਵਾਲ਼ੀ ਸੋਹਣਿਆ!

ਤੇਰੇ ਕਰਕੇ ਮੈਂ ਸਾਕ ਸੱਤ ਮੋੜਤੇ
ਕਿਵੇਂ ਤੂੰ ਜੱਟਾ ਕੌਲ਼ ਭੁੱਲ ਗਿਆ!

ਬੁੱਕਲ ਮੇਰੀ ਦਾ ਖਿਆਲ ਚੰਨਾ ਛੱਡ ਕੇ
ਗੈਰਾਂ ਦੇ ਗਲ ਬਾਹਾਂ ਪਾ ਲਈਆਂ!

ਉਨ੍ਹਾਂ ਕਰਨੀਆਂ ਨੇ ਜੇਬ ਤੇਰੀ ਵਿੱਚ ਗਲੀਆਂ
ਹਾੜਾ ਵੇ ਪਿੰਡਾ ਆ ਜਾ ਸੋਹਣਿਆ!

ਸਾਰੀ ਰੁਲ ਗਈ ਜਵਾਨੀ ਜੱਟਾ ਮੇਰੀ
ਤੇ ਚੰਡੀਗੜ੍ਹ ਨੇ ਪੰਜਾਬ ਖਾ ਲਿਆ!

## ਕਾਫ਼ੀ

ਸ਼ਾਹ ਹੁਸੈਨ

1. ਆਗੇ ਨੈਂ ਡੂੰਘੀ, ਮੈਂ ਕਿਤ ਗੁਣ ਲੰਘਸਾਂ ਪਾਰਿ
ਆਗੇ ਨੈਂ ਡੂੰਘੀ, ਮੈਂ ਕਿਤ ਗੁਣ ਲੰਘਸਾਂ ਪਾਰਿ। ਰਹਾਉ।

ਰਾਤਿ ਅੰਨੇਰੀ ਪੰਧਿ ਦੁਰਾਡਾ,
ਸਾਥੀ ਨਹੀਓਂ ਨਾਲਿ।1।
ਨਾਲਿ ਮਲਾਹ ਦੇ ਅਣਬਣਿ ਹੋਈ,
ਉਹ ਸਚੇ ਮੈਂ ਕੂੜਿ ਵਿਗੋਈ,
ਕੈ ਦਰਿ ਕਰੀਂ ਪੁਕਾਰ।2।
ਸਭਨਾਂ ਸਈਆਂ ਸਹੁ ਰਾਵਿਆ,
ਮੈਂ ਰਹਿ ਗਈ ਬੇ ਤਕਰਾਰਿ।3।
ਕਹੈ ਹੁਸੈਨ ਫ਼ਕੀਰ ਨਿਮਾਣਾ,
ਮੈਂ ਰੋਨੀਆਂ ਵਖਤਿ ਗੁਜਾਰਿ।4।

## ਕੁਝ ਲੋਕ

ਹਰਵਿੰਦਰ ਸਿੰਘ ਭੱਟੋਂ

ਅਲਜ਼ਬਰੇ ਦੇ ਸਵਾਲਾਂ ਵਰਗੇ,
ਅਲਫ਼ੇ ਗਾਮੇ ਥੀਟੇ ਵਰਗੇ ਹੁੰਦੇ ਨੇ,
ਬੜਾ ਉਲਝਾਉਂਦੇ ਨੇ ਤਾਅ ਉਮਰ,
ਪਰ ਕਦੇ ਵੀ ਕਿਸੇ ਕੰਮ ਨਹੀਂ ਆਉਂਦੇ,
ਕੁਝ ਲੋਕ....।
ਇਤਿਹਾਸ ਦੀਆਂ ਘਟਨਾਵਾਂ ਵਰਗੇ ਹੁੰਦੇ ਨੇ,
ਜੋ ਕੁਝ ਸਮਾਂ ਤਾਂ ਯਾਦ ਰਹਿੰਦੇ ਨੇ,
ਪਰ ਅਸਲ ਜ਼ਿੰਦਗੀ ਵਿੱਚ,
ਪਤਾ ਨਹੀ ਕਿੱਧਰ ਗੁੰਮ ਜਾਂਦੇ ਨੇ,
ਕੁਝ ਲੋਕ...।
ਮਾਂ ਬੋਲੀ ਦੇ ਲੋਕ ਗੀਤਾਂ ਵਰਗੇ ਹੁੰਦੇ ਨੇ,
ਸੁੱਤੇ ਸਿਧ ਮੂੰਹ ਜ਼ੁਬਾਨੀ ਯਾਦ ਹੋ ਜਾਂਦੇ ਨੇ,
ਫੇਰ ਤਾਅ ਉਮਰ ਜ਼ਿੰਦਗੀ ਨੂੰ ਸਕੂਨ ਬਖਸ਼ਦੇ ਨੇ।

## ਨੈਣ

ਹਰਦੇਵ ਸਿੰਘ

ਅਨਘੜੇ ਪੱਥਰਾਂ ਦੇ ਅੰਦਰ ਬੇਕਿਆਸਾ ਹੁਸਨ ਹੈ,
ਕਿਉਂ ਕਰੇਂ ਤਿੱਖੇ ਰੋਜ਼ਾਨਾ ਨੈਣ ਨੇ ਖੰਜਰ ਨਹੀਂ।
ਗੈਰ ਖੇੜੇ ਵਿਚ ਹਸਣ ਨਾ ਗੈਰ ਗਮ ਵਿਚ ਚੁੱਪ ਰਹਿਣ,
ਸ਼ੁਕਰ ਹੈ ਕਿ ਨੈਣ ਮੇਰੇ ਇਸ ਕਦਰ ਬੰਜਰ ਨਹੀਂ।
ਇਹ ਨਹੀਂ ਕਿ ਅਦਲ ਦੇ ਨੁਸਖੇ ਤੋਂ ਹੀ ਅਨਜਾਣ ਹੈ,
ਉਹ ਮੇਰੇ ਪੀੜਾਂ 'ਚ ਵਿੰਨ੍ਹੇ ਵੇਖਦਾ ਮੰਜਰ ਨਹੀਂ।
ਜੀਅ ਤਾਂ ਕਰਦੈ ਆਖਦਾਂ ਤੂਫਾਨ ਨੂੰ ਮੁੜ ਪਰਖ ਲੈ
ਪਰ ਮੇਰੇ ਨੈਣਾਂ 'ਚ ਵੀ ਪਹਿਲਾਂ ਜਿਹੇ ਸੰਜਰ ਨਹੀਂ।

## ਜਿੰਦ ਮੇਰੀਏ

ਡਾ. ਸਤਿੰਦਰਜੀਤ ਕੌਰ ਬੁੱਟਰ

ਜਿੰਦ ਮੇਰੀਏ ਨਾ ਹੋਵੀਂ ਤੂੰ ਉਦਾਸ ਅੜੀਏ,
ਜੀਵੀਂ ਜ਼ਿੰਦਗੀ ਛੱਡੀ ਨਾ ਤੂੰ ਆਸ ਅੜੀਏ,
ਮੱਸਿਆ ਦੀ ਰਾਤ ਕਦੇ ਪਾਵੇ ਨਾ ਘੇਰਾ ਨੀ,
ਰਾਤ ਪਿੱਛੋਂ ਚੜ੍ਹੇ ਦਿਨ ਰੱਖ ਤੂੰ ਵਿਸ਼ਵਾਸ ਅੜੀਏ।
ਜਿੰਦੇ ਮੇਰੀਏ...।
ਏਸ ਜ਼ਿੰਦਗੀ ਨੂੰ ਤੇਰੇ ਹੀ ਪਿਆਰ ਦਾ ਸਹਾਰਾ,
ਟੁੱਟੇ ਨਾ ਇਹ ਤਾਣੀ ਕਰ ਅਰਦਾਸ ਅੜੀਏ।
ਜਿੰਦੇ ਮੇਰੀਏ .....
ਸੜੀ ਧੁੱਪ ਵਿੱਚ ਮਿਲੇ ਜੀਕੂੰ ਰੁੱਖ ਹੇਠ ਸਾਇਆ
ਚੰਗਾ ਮੇਲ ਨੀ ਹੋਵੇ ਜਿੰਦੇ ਇਹੋ ਅਹਿਸਾਸ ਅੜੀਏ।
ਜਿੰਦੇ ਮੇਰੀਏ...।
ਤੇਰੀ ਖੁਸ਼ੀਆਂ 'ਚੋਂ ਲੱਭੇ ਕੋਈ ਵੱਖਰਾ ਹੀ ਰਾਗ,
ਪਈ ਜਿੰਦ ਨਸ਼ਿਆਵੇ ਮਿਲੇ ਰੂਹ ਨੂੰ ਵਿਗਾਸ ਅੜੀਏ।
ਜਿੰਦੇ ਮੇਰੀਏ..।
ਸਾਡੇ ਵਿਰਸੇ ਨੇ 'ਬੁੱਟਰ' ਇਹੋ ਸਮਝਾਇਆ
ਕਦੇ ਪੀੜ ਨੂੰ ਪਾਵੀਂ ਨਾ ਚੁੱਪ ਦਾ ਲਿਬਾਸ ਅੜੀਏ।
ਜਿੰਦੇ ਮੇਰੀਏ..।

## ਮਿੱਟੀ

ਗ਼ਾਜ਼ੀ ਸ਼ੁਐਬ ਮਲਿਕ

80540-65505

ਤਪਦਾ ਸੂਰਜ ਚੌਦਵੀਂ ਦਾ ਚੰਦ ਹੋ ਜਾਣਾ
ਸਾਗਰ, ਜ਼ਮੀਨ, ਫਲਕ ਨੇ ਤਦ ਖੋ ਜਾਣਾ
ਬਸ਼ਰ, ਹੈਵਾਨਾਂ ਅਜ਼ਲ ਦੀ ਨੀਂਦ ਸੌਂ ਜਾਣਾ
ਮਿੱਟੀ ਨੇ ਇੱਕ ਦਿਨ ਮਿੱਟੀ ਹੋ ਜਾਣਾ
ਰੁੱਖੀ ਸੁੱਖੀ ਨਾਲ ਕਰ ਲੈ ਗੁਜ਼ਾਰਾ
ਸ਼ੁਕਰ ਕਰਨ ਵਾਲਾ ਰੱਬ ਨੂੰ ਪਿਆਰਾ
ਅਮੀਰਾਂ ਗਰੀਬਾਂ ਬੋਝ ਜ਼ਿੰਦਗੀ ਦਾ ਢੋ ਜਾਣਾ
ਮਿੱਟੀ ਨੇ ਇੱਕ ਦਿਨ ਮਿੱਟੀ ਹੋ ਜਾਣਾ
ਖ਼ਾਹਿਸ਼ ਹਰ ਇੱਕ ਦੀ ਸੌ ਸਾਲ ਜੀਵਾਂ
ਲੱਭ ਕੇ ਆਬ ਏ ਹਯਾਤ ਮੈਂ ਪੀਵਾਂ
ਖਬਰੈ ਕਦ ਦੁਨੀਆ ਦਾ ਇਹ ਮੋੜ ਜਾਣਾ
ਮਿੱਟੀ ਨੇ ਇੱਕ ਦਿਨ ਮਿੱਟੀ ਹੋ ਜਾਣਾ
ਨਾ ਕਰ ਜਵਾਨਾ ਤੂੰ ਮਾਣ ਜਵਾਨੀ ਦਾ
ਅਣਖੀਲੀ, ਨਸ਼ੀਲੀ ਤੇ ਮਸਤਾਨੀ ਦਾ
ਫੇਰ ਬੁਢਾਪੇ ਨੇ ਤੇਰਾ ਸਭ ਖੋਹ ਲੈਣਾ
ਮਿੱਟੀ ਨੇ ਇੱਕ ਦਿਨ ਮਿੱਟੀ ਹੋ ਜਾਣਾ
ਕੀੜਿਆਂ ਦੀ ਖ਼ੁਰਾਕ ਬਣ ਜਾਣੈ
ਜੇ ਸਡੌਲ ਏ ਸਰੀਰ ਤਾਂ ਗਲ ਜਾਣੈ
ਹੁਸਨ ਨੇ ਵੀ ਇੱਕ ਦਿਨ ਢਲ ਜਾਣਾ
ਮਿੱਟੀ ਨੇ ਇੱਕ ਦਿਨ ਮਿੱਟੀ ਹ ਜਾਣਾ

ਰਿਸਰਚ ਸਕਾਲਰ
ਉਰਦੂ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ

## 'ਗ਼ਜ਼ਲ'

ਗੁਰਦੀਸ਼ ਕੌਰ ਗਰੇਵਾਲ- ਕੈਲਗਰੀ
ਵਟਸਐਪ: +91 98728 60488

ਆਉਂਦੇ ਜਾਂਦੇ ਰਹਿਣੇ ਸਾਲ,
ਆਉਂਦੇ ਜਾਂਦੇ ਰਹਿਣੇ ਸਾਲ।
ਪਲ ਪਲ ਦੀ ਕਰ ਲੈ ਸੰਭਾਲ।
ਨ੍ਹੇਰੇ ਕੋਲੋਂ ਡਰਦਾ ਕਿਉਂ ਏਂ ?
ਦੀਪ ਬਨੇਰੇ ਉੱਤੇ ਬਾਲ।
ਕਦਮ ਕੁ ਅੱਗੇ ਦੋਸਤ ਹੋਇਆ,
ਅੰਦਰ ਆਇਆ ਕਿਉਂ ਭੁਚਾਲ ?
ਕੁੱਖ 'ਚ ਕੰਜਕ ਕਤਲ ਕਰਾ ਕੇ,
ਕੰਜਕਾਂ ਦੀ ਹੁਣ ਕਰਦੈ ਭਾਲ ?
ਮੁੰਡੇ ਫਿਰਨ ਕੁਆਰੇ ਤਾਂ ਕਿਉਂ,
ਕੁੜੀਆਂ ਦਾ ਹੀ ਪੈ ਗਿਆ ਕਾਲ ?
ਮਤਲਬ ਦੇ ਹੁਣ ਰਿਸ਼ਤੇ ਨਾਤੇ,
ਹਰ ਕੋਈ ਪਾਵੇ ਰੋਜ਼ ਸੁਆਲ।
ਦੀਨ ਇਮਾਨ ਗੁਆਚੇ ਕਿਧਰੇ,
ਰੋਟੀ ਕਾਰਨ ਪੂਰੇ ਤਾਲ।
ਭਲਕ ਪਤਾ ਨੀਂ ਕੈਸੀ ਹੋਣੀ,
ਅੱਜ ਦਾ ਕੰਮ ਨਾ ਕੱਲ੍ਹ ਤੇ ਟਾਲ਼।
ਲਾਡ-ਪਿਆਰ ਵਿਗਾੜੇ ਪੁੱਤਰ,
ਧੀਆਂ ਤਾਂ ਹੁਣ ਕਰਨ ਕਮਾਲ।
'ਦੀਸ਼' ਸਿਆਣਪ ਝਾੜੀਂ ਪਿਛੋਂ,
ਪਹਿਲਾਂ ਆਪਣਾ ਆਪ ਹੰਗਾਲ।

## ਸਾਡੇ ਲਹੂ ਨੂੰ ਆਦਤ ਹੈ

ਪਾਸ਼

ਸਾਡੇ ਲਹੂ ਨੂੰ ਆਦਤ ਹੈ,
ਮੌਸਮ ਨਹੀਂ ਵੇਂਹਦਾ, ਮਹਿਫਲ ਨਹੀਂ ਵੇਂਹਦਾ,
ਜਿੰਦਗੀ ਦੇ ਜਸ਼ਨ ਵਿਢ ਲੈਂਦਾ ਹੈ,
ਸੂਲੀ ਦੇ ਗੀਤ ਛੋਹ ਲੈਂਦਾ ਹੈ,
ਸ਼ਬਦ ਨੇ ਕਿ ਪੱਥਰਾਂ 'ਤੇ ਵਗ ਵਗ ਕੇ ਘਸ ਜਾਂਦੇ ਹਨ,
ਲਹੂ ਹੈ ਕਿ ਤਦ ਵੀ ਗਾਉਂਦਾ ਹੈ,
ਜ਼ਰਾ ਸੋਚੋ ਕਿ ਰੁੱਸੀਆਂ ਸਰਦ ਰਾਤਾਂ ਨੂੰ ਮਨਾਵੇ ਕੌਣ ?
ਨਮੋਹੇ ਪਲਾਂ ਨੂੰ ਤਲੀਆਂ ਉੱਤੇ ਖਿਡਾਵੇ ਕੌਣ ?
ਲਹੂ ਹੀ ਹੈ ਜੋ ਨਿੱਤ ਧਾਰਾਂ ਦੇ ਹੋਠ ਚੁੰਮਦਾ ਹੈ,
ਲਹੂ ਤਾਰੀਖ ਦੀਆਂ ਕੰਧਾਂ ਨੂੰ ਉਲੰਘ ਆਉਂਦਾ ਹੈ,
ਇਹ ਜਸ਼ਨ ਇਹ ਗੀਤ ਕਿਸੇ ਨੂੰ ਬੜੇ ਨੇ,
ਜੋ ਕੱਲ ਤੀਕ ਸਾਡੇ ਲਹੂ ਦੇ ਚੁੱਪ ਦਰਿਆ 'ਚ
ਤੈਰਨ ਦੀ ਮਸ਼ਕ ਕਰਦੇ ਸਨ।

# ਪੰਜਾਬੀ ਸਿਨੇਮਾ ’ਚ ‘ਕਲੀ-ਜੋਟਾ’ : ਕਾਮੇਡੀ ਦੇ ਮੋਹ ਤੋਂ ਮਨੁੱਖੀ ਅਸਤਿਤਵ ਦੇ ਸਵਾਲਾਂ ਤੱਕ



ਕਰਨਜੀਤ ਸਿੰਘ ਕੋਮਲ
99144- 88086
karankomalpup@gmail.com

ਫ਼ਿਲਮ ‘ਕਲੀ ਜੋਟਾ’ ਪੰਜਾਬੀ ਸਿਨੇਮਾ ਲਈ ਸ਼ੁਭ ਸ਼ਗਨ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਸਿਨੇਮਾ ਖ਼ਾਸ ਕਰਕੇ ਸਮਕਾਲੀ ਪੰਜਾਬੀ ਸਿਨੇਮੇ ਨੇ ਕੁਝ ਸਮਾਜਕ-ਸੱਭਿਆਚਾਰਕ ਮਸਲਿਆਂ ਜਿਵੇਂ ਪਰਵਾਸ, ਪੰਜਾਬ-ਸੰਕਟ, ਨਸ਼ਾਖੋਰੀ, ਬੇਰੁਜ਼ਗਾਰੀ ਆਦਿ ਵਿਸ਼ਿਆਂ ਨੂੰ ਥਾਂ ਦਿੱਤੀ ਪਰ ਵਧੇਰੇ ਪੰਜਾਬੀ ਸਿਨੇਮਾ ਕਾਮੇਡੀ ਨਾਲ ਹੱਦੋਂ ਵੱਧ ਮੋਹ ਦਾ ਸ਼ਿਕਾਰ ਰਿਹਾ ਹੈ ਅਤੇ ਇਸ ਵਿੱਚ ਦਰਸ਼ਕ-ਵਰਗ ਦੀ ਮੰਗ ਦੀ ਅਹਿਮ ਭੂਮਿਕਾ ਵੀ ਬਣੀ ਰਹੀ ਹੈ। ਪਰ ਸਮੇਂ ਅਤੇ ਪ੍ਰਸਥਿਤੀਆਂ ਦੇ ਬਦਲਦੇ ਹੋਏ ‘ਕਲੀ-ਜੋਟਾ’ ਵਰਗੀ ਫ਼ਿਲਮ ਦਾ ਆਗਮਨ ਅਤੇ ਇਸ ਪ੍ਰਤੀ ਦਰਸ਼ਕਾਂ ਦਾ ਭਰਪੂਰ ਹੁੰਗਾਰਾ ਇਸ ਗੱਲ ਦਾ ਸਬੂਤ ਹੈ ਕਿ ਪੰਜਾਬੀ ਸਿਨੇਮਾ ਅਤੇ ਦਰਸ਼ਕ ‘ਕਾਮੇਡੀ-ਟਰੈਪ’ ਤੋਂ ਬਾਹਰ ਆ ਰਿਹਾ ਹੈ।

ਫ਼ਿਲਮ ‘ਕਲੀ-ਜੋਟਾ’ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਖੋਜਾਰਥੀ ਹਰਿੰਦਰ ਕੌਰ ਦੀ ਲਿਖੀ ਹੋਈ ਹੈ, ਵਿਜੇ ਕੁਮਾਰ ਅਰੋੜਾ ਦੁਆਰਾ ਨਿਰਦੇਸ਼ਿਤ ਕੀਤੀ ਗਈ ਹੈ ਅਤੇ ਸਤਿੰਦਰ ਸਰਤਾਜ, ਨੀਰੂ ਬਾਜਵਾ ਅਤੇ ਵਾਮਿਕਾ ਗੱਬੀ ਨੇ ਇਸ ਦੇ ਮੁੱਖ ਕਿਰਦਾਰਾਂ ਦੀ ਭੂਮਿਕਾ ਨਿਭਾਈ ਹੈ। ਫ਼ਿਲਮ ਦਾ ਵਿਸ਼ਾ ਸਮਾਜਕ ਸੰਰਚਨਾਵਾਂ ’ਤੇ ਚੋਟ ਕਰਦਾ ਹੈ। ਫ਼ਿਲਮ ਵਿੱਚ ਜ਼ਿੰਦਗੀ ਪ੍ਰਤੀ




ਉੱਭਰਦੀ ਟੈਗ-ਲਾਈਨ ਤੋਂ ਇਸ ਫ਼ਿਲਮ ਦੇ ਮੁੱਖ ਥੀਮ ਨੂੰ ਸਮਝਿਆ ਜਾ ਸਕਦਾ ਹੈ, ਇਹ ਟੈਗ-ਲਾਈਨ ਵਾਰ-ਵਾਰ, ਫ਼ਿਲਮ ਦੀ ਅਦਾਕਾਰਾ ਅਤੇ ਉਸਦੀ ਸਹੇਲੀ ਦੁਆਰਾ ਬੋਲੀ ਜਾਂਦੀ ਹੈ :

“ਇੱਕੋ-ਇੱਕ ਜ਼ਿੰਦਗੀ ਐ ਮੌਜ ਨਾਲ ਜੀਵਾਂਗੇ, ਹਾਸਿਆਂ ਨੂੰ ਖਾਵਾਂਗੇ, ਖ਼ੁਸ਼ੀਆਂ ਨੂੰ ਪੀਵਾਂਗੇ”

ਪਰ ਜੀਵਨ ਵਿਡੰਬਨਾਵਾਂ ਨਾਲ ਭਰਿਆ ਪਿਆ ਹੈ, ਇਹ ਏਨਾ ਸੁਖਾਲਾ ਜਿਹਾ ਵਰਤਾਰਾ ਨਹੀਂ ਸਗੋਂ ਗੁੰਝਲਨੁਮਾ ਤਰਤੀਬ ਹੈ। ਸਮਾਜਕ ਸੰਰਚਨਾ ਵਿੱਚ ਵਿਚਰਦੇ ਲੋਕ ਅਹੁਦਿਆਂ, ਦਾਅਵੇਦਾਰੀਆਂ ਅਤੇ ਆਪੋ-ਆਪਣੇ ਹੰਕਾਰਾਂ ਦੇ ਡੱਸੇ ਹੋਏ ਹਨ। ਸਭ ਕੋਲ ਆਪੋ-ਆਪਣੀ ਹਉਮੈ ਦੀ ਜ਼ਹਿਰ ਹੈ, ਜਿਸ ਦੇ ਸ਼ਿਕਾਰ ਉਹ ਆਪ ਵੀ ਹਨ ਅਤੇ ਦੂਜਿਆਂ ਨੂੰ ਵੀ ਕਰਨਾ ਚਾਹੁੰਦੇ ਹਨ। ਸਮਾਜ ਵਿੱਚ ਜਿਹੜਾ ਕਿਰਦਾਰ ਵੱਖਰਾ ਹੈ, ਆਪਣੇ ਮਿਜ਼ਾਜ ਦਾ ਹੈ, ਉਹ ਕਿਰਦਾਰ ਅਜਿਹੇ ਲੋਕਾਂ ਲਈ ਅਸਹਿ ਹੋ ਨਿਬੜਦਾ ਹੈ। ਜੇਕਰ ਇਹ ਕਿਰਦਾਰ ਇੱਕ ਔਰਤ ਦਾ ਹੋਵੇ ਤਾਂ ਇਸ ਨਾਲ ਉਹਨਾਂ ਦੀ ਹਉਮੈਂ ਨੂੰ ਹੋਰ ਜ਼ਿਆਦਾ ਸੱਟ ਵੱਜਦੀ ਹੈ। ਅਜਿਹੇ ਕਿਰਦਾਰ ਨੂੰ ਆਪਣੇ ਨਿਯੰਤਰਣ ਵਿੱਚ ਕਰਨ ਲਈ ‘ਇਹਨਾਂ ਲੋਕਾਂ’ ਕੋਲ ਕਈ ਪ੍ਰਕਾਰ ਦੇ ਹਿੰਸਕ ਪੈਂਤੜੇ ਹਨ, ਜਿਨ੍ਹਾਂ ਨੂੰ ਵਰਤਣ ਤੋਂ ਉਹ ਭੋਰਾ ਗੁਰੇਜ਼ ਨਹੀਂ ਕਰਦੇ। ਇਸ ਫ਼ਿਲਮ ਦੀ ਪ੍ਰਾਪਤੀ ਇਹੋ ਹੈ ਕਿ ਇਸ ਫ਼ਿਲਮ ਨੇ ਨੀਰੂ ਬਾਜਵਾ ਦੇ ਫ਼ਿਲਮ ਵਿਚਲੇ ਕਿਰਦਾਰ ਰਾਹੀਂ ਮਾਨਸਿਕ-ਸ਼ੋਸ਼ਣ ਦੀ ਗੱਲ ਕੀਤੀ ਹੈ, ਜਿਸ ਨੂੰ ਸਾਡੇ ਸਮਾਜ ਵਿੱਚ ਕਿਸੇ ਪ੍ਰਕਾਰ ਦੀ ਹਿੰਸਾ ਮੰਨਿਆ ਹੀ ਨਹੀਂ ਜਾਂਦਾ। ਸਰੀਰਕ-ਸ਼ੋਸ਼ਣ ਦੇ ਬਰਾਬਰ ਹੀ ਮੁੱਖ ਰੂਪ ਵਿਚ ਮਾਨਸਿਕ-ਸ਼ੋਸ਼ਣ ਦੀ ਗੱਲ ਕਰਨ ਵਾਲੀ ਇਹ ਸ਼ਾਇਦ ਪੰਜਾਬੀ ਦੀ ਪਹਿਲੀ ਫ਼ਿਲਮ ਹੈ। ਹਾਲਾਂਕਿ ਪੰਜਾਬੀ ਸਾਹਿਤ ਵਿੱਚ ਮਾਨਸਿਕ-ਸ਼ੋਸ਼ਣ ’ਤੇ ਅਧਾਰਿਤ ਕਹਾਣੀਆਂ ਮਿਲ ਜਾਂਦੀਆਂ ਹਨ। ਅਜੋਕੇ ਤੇਜ਼ ਰਫ਼ਤਾਰੀ ਦੌਰ ਵਿੱਚ ਮਨੁੱਖੀ ਸੰਵੇਦਨਾ ਤਾਰ-ਤਾਰ ਹੋ ਰਹੀ ਹੈ, ਅਸੰਵੇਦਨਸ਼ੀਲਤਾ ਵੱਧ ਰਹੀ ਹੈ। ਅਜਿਹਾ ਚਲਦਿਆਂ ਜਿਥੇ ਦੁਨੀਆਂ ਭਰ ਵਿੱਚ ‘ਮਾਨਸਿਕ-ਸਿਹਤ’(ਮੈਂਟਲ-ਹੈਲਥ) ਦੀ ਗੱਲ ਜ਼ੋਰਾਂ ’ਤੇ ਹੈ, ਉੱਥੇ ਪੰਜਾਬੀ ਫ਼ਿਲਮੀ-ਜਗਤ ਵਿੱਚ ਅਜਿਹੇ ਵਿਸ਼ੇ ’ਤੇ ਫ਼ਿਲਮ ਦਾ ਨਿਰਮਾਣ ਹੋ ਜਾਣਾ ਆਪਣੇ-ਆਪ ਵਿੱਚ ਵੱਖਰਾ ਪ੍ਰਯੋਗ ਅਤੇ ਪਹਿਲ ਹੈ।

ਦੁਨੀਆਂ ਕਲੀ ਨੂੰ ਜੋਟਾ ਨਹੀਂ ਹੋਣ ਦਿੰਦੀ, ਇਹ ਦੁਨੀਆਂ ਦਾ ਬੜਾ ਹੀ ਕਰੂਰ ਸੁਭਾਅ ਹੈ। ਕਲੀ ਨੂੰ ਜੋਟੇ ਨਾਲੋਂ ਵੱਖ ਕਰਨ ਲਈ ਦੁਨੀਆ ਕੀ-ਕੀ ਕਰ ਸਕਦੀ ਹੈ, ਇਹ ਕਹਾਣੀ ਵੀ ਕਿਸੇ ਤੋਂ ਛੁਪੀ ਹੋਈ ਨਹੀਂ। ਪਰ ਇਸ ਫ਼ਿਲਮ ਨੇ ਬੜੇ ਹੀ ਯਥਾਰਥਕ ਰੂਪ ਵਿੱਚ ਇਸ ਨੂੰ ਪੇਸ਼ ਕੀਤਾ ਹੈ। ਸੁਪਨਿਆਂ ਅਤੇ ਹਕੀਕਤ ਦੀ ਜ਼ਿੰਦਗੀ ਵਿੱਚ ਜਦੋਂ ਤਾਲਮੇਲ ਨਹੀਂ ਬੈਠਦਾ, ਸਮਾਜ ਤੁਹਾਡੀ ਉਡਾਣ ਨੂੰ ਜਦੋਂ ‘ਕਾਂਟੀਆਂ’ ਪਾਉਣ ਲਗਦਾ ਹੈ, ਤੁਹਾਡੇ ਅਸਤਿਤਵ ਨੂੰ ਕੁਚਲਣ ਦੀਆਂ ਚਾਲਾਂ ਚੱਲਣ ਲਗਦਾ ਹੈ ਤਾਂ ਸੰਵੇਦਨਸ਼ੀਲ ਲੋਕਾਂ ਦੇ ਮਾਨਸਿਕ ਤਵਾਜ਼ਨ ਨਾਲ ਕੀ ਬੀਤਦੀ ਹੈ, ਉਹ ਕਿਸ ਪ੍ਰਕਾਰ ਦੀ ਅਸਤਿਤਵੀ ਬੇਗਾਨਗੀ ਦਾ ਸ਼ਿਕਾਰ ਹੋ ਜਾਂਦੇ ਹਨ, ਇਹ ਇਸ ਫ਼ਿਲਮ ਦੀ ਮੁੱਖ ਕਹਾਣੀ ਹੈ। ਹੋਣਾ ਤਾਂ ਇਹ ਚਾਹੀਦਾ ਹੈ ਕਿ ਸਮਾਜ, ਸੰਵੇਦਨਸ਼ੀਲ ਲੋਕਾਂ ਪ੍ਰਤੀ ਵਧੇਰੇ ਸੁਹਿਰਦਤਾ ਵਿਖਾਵੇ ਪਰ ਹੁੰਦਾ ਇਸ ਤੋਂ ਬਿਲਕੁਲ ਉਲਟ ਹੈ। ਸੰਸਥਾਵਾਂ ਦੀ ਰਾਜਨੀਤੀ, ਆਪਸੀ ਖੁੰਧਕਬਾਜ਼ੀ, ਔਰਤ ਪ੍ਰਤੀ ਉਸ ਦੇ ਸਹਿਕਰਮੀਆਂ ਦਾ ਨਜ਼ਰੀਆ ਆਦਿ ਘਟਨਾਵਾਂ ਨੂੰ ਬਖ਼ੂਬੀ ਫ਼ਿਲਮਾਇਆ ਗਿਆ ਹੈ। ਸੰਵੇਦਨਸ਼ੀਲ ਲੋਕਾਂ ਦੀ ਹੋਣੀ ਨੂੰ ਗੁਰਤੇਜ ਕੋਹਾਰਵਾਲਾ ਦੇ ਇਹਨਾਂ ਸ਼ਿਅਰਾਂ ਰਾਹੀਂ ਵੀ ਸਮਝਿਆ ਜਾ ਸਕਦਾ ਹੈ:

ਅੰਨ੍ਹੀ ਭੀੜ ’ਚ ਅੱਖਾਂ ਵਾਲੇ ਤੁਰਦੇ ਵੀ ਤਾਂ ਕਿਥੇ ਤੁਰਦੇ,
ਖੜ੍ਹ ਕੇ ਸਭ ਨੂੰ ਰਾਹ ਦੇਣਾ ਸੀ, ਬਚ ਕੇ ਰਸਤਾ ਵੀ ਲੈਣਾ ਸੀ
ਮੇਰੀ ਖ਼ਾਤਰ ਰੇਤ, ਰੁਪਈਏ, ਪੱਥਰ, ਚੀਜ਼ਾਂ ਢੇਰ ਬੜੇ ਸਨ,
ਪਰ ਮੈਂ ਥੋੜ੍ਹੀ ਛਾਂ ਲੱਭਦਾ ਸੀ, ਚੂਲ਼ੀ ਪਾਣੀ ਹੀ ਲੈਣਾ ਸੀ

ਨੀਰੂ ਬਾਜਵਾ ਇਸ ਫ਼ਿਲਮ ਰਾਹੀਂ ਪੰਜਾਬੀ ਸਿਨੇਮਾ ਵਿੱਚ ਬਣੇ ਹੋਏ ਆਪਣੇ ‘ਸੌਫ਼ਟ-ਇਮੇਜ’ ਨੂੰ ਤੋੜਦੀ ਨਜ਼ਰ ਆਉਂਦੀ ਹੈ, ਉੱਥੇ ਸਤਿੰਦਰ ਸਰਤਾਜ ਨੇ ‘ਇਕੋ-ਮਿਕੇ’ ਤੋਂ ਬਾਅਦ ਦੁਬਾਰਾ ਪੰਜਾਬੀ ਫ਼ਿਲਮੀ-ਜਗਤ ਵਿੱਚ ਗੰਭੀਰ ਵਿਸ਼ਿਆਂ ਨਾਲ ਆਪਣੀ ਪ੍ਰਤੀਬੱਧਤਾ ਜ਼ਾਹਿਰ ਕੀਤੀ ਹੈ। ਵਾਮਿਕਾ ਗੱਬੀ ਨੇ ਫ਼ਿਲਮ ਦੇ ਕਿਰਦਾਰ ਦੀ ਜ਼ਿੰਮੇਵਾਰੀ ਨੂੰ ਊਰਜਾਵਾਨ ਹੋ ਕੇ ਨਿਭਾਇਆ ਹੈ। ਗੀਤਾਂ ਪੱਖੋਂ ਵੀ ਇਸ ਫ਼ਿਲਮ ’ਚ ਆਪਣਾ ਇੱਕ ਵੱਖਰਾ ਮਿਆਰ ਸਥਾਪਿਤ ਹੁੰਦਾ ਹੈ। ਅਜਿਹੀਆਂ ਸੂਖ਼ਮ ਵਿਸ਼ਿਆਂ ਵਾਲੀਆਂ ਫ਼ਿਲਮਾਂ ਨੇ ਹੀ ਪੰਜਾਬੀ ਸਿਨੇਮਾ ਦੇ ਦਰਸ਼ਕਾਂ ਨੂੰ ਨਵੀਂ ਦ੍ਰਿਸ਼ਟੀ ਅਤੇ ਦਿਸ਼ਾ ਪ੍ਰਦਾਨ ਕਰਨੀ ਹੈ।

# ਪੰਜਾਬ ਦੀ ਮਸ਼ਹੂਰ ਗਾਇਕਾ ਤੇ ਅਦਾਕਾਰਾ ਅਨਵਰੀ ਬਾਈ ਅੰਮ੍ਰਿਤਸਰੀ

ਮਨਦੀਪ ਸਿੰਘ ਸਿੱਧੂ

ਸਾਂਝੇ ਪੰਜਾਬ ਦੀ ਉੱਘੀ ਗਾਇਕਾ ਅਤੇ ਅਦਾਕਾਰਾ ਅਨਵਰ ਉਰਫ਼ ਅਨਵਰੀ ਬਾਈ ਉਰਫ਼ ਅਨਵਰੀ ਬੇਗ਼ਮ ਦੀ ਪੈਦਾਇਸ਼ 1907 ਵਿੱਚ ਅੰਮ੍ਰਿਤਸਰ ਦੇ ਪੰਜਾਬੀ ਮੁਸਲਿਮ ਪਰਿਵਾਰ ਵਿੱਚ ਹੋਈ। ਉਸ ਦੀ ਮਾਂ ਦਾ ਨਾਮ ਬਿੱਲੋ ਸੀ ਜੋ ਉਸਤਾਦ ਬਹਿਰੇ ਵਹੀਦ ਖ਼ਾਨ (ਕਿਰਾਨਾ ਘਰਾਣਾ) ਦੀ ਸ਼ਾਗਿਰਦ ਸੀ। ਬਿੱਲੋ ਆਪਣੀ ਧੀ ਨੂੰ ‘ਪਾਰੋ’ ਦੇ ਨਾਮ ਨਾਲ ਬੁਲਾਉਂਦੀ ਹੁੰਦੀ ਸੀ। ਅਨਵਰੀ ਨੇ ਕਲਾਸਕੀ ਸੰਗੀਤ ਦੀ ਸ਼ੁਰੂਆਤੀ ਤਾਲੀਮ ਉਸਤਾਦ ਓਮਰਾਓ ਖ਼ਾਂ (ਦਿੱਲੀ ਘਰਾਣਾ) ਅਤੇ ਸ਼ਕੂਰ ਖ਼ਾਨ ਸਾਰੰਗੀ ਵਾਦਕ ਤੋਂ ਹਾਸਿਲ ਕੀਤੀ। ਉਸ ਕੋਲ ਠੁਮਰੀ, ਦਾਦਰਾ ਤੇ ਖ਼ਿਆਲ ਨੂੰ ਉਮਦਗੀ ਨਾਲ ਪੇਸ਼ ਕਰਨ ਦਾ ਹੁਨਰ ਵੀ ਸੀ।

ਜਦੋਂ ਹਕੀਮ ਰਾਮ ਪ੍ਰਸ਼ਾਦ ਨੇ ਆਪਣੇ ਨਵੇਂ ਫਿਲਮਸਾਜ਼ ਅਦਾਰੇ ਪਲੇਆਰਟ ਫੋਟੋਟੋਨ ਕੰਪਨੀ, ਲਾਹੌਰ ਦੇ ਬੈਨਰ ਹੇਠ ਏ. ਆਰ. ਕਾਰਦਾਰ ਉਰਫ਼ ਅਬਦੁੱਲ ਰਸ਼ੀਦ ਕਾਰਦਾਰ (ਲਾਹੌਰ) ਦੀ ਹਿਦਾਇਤਕਾਰੀ ਵਿੱਚ ਉਰਦੂ/ਹਿੰਦੀ ਫਿਲਮ ‘ਹੀਰ ਰਾਂਝਾ’ ਉਰਫ਼ ‘ਹੂਰ-ਏ-ਪੰਜਾਬ’ (1932) ਸ਼ੁਰੂ ਕੀਤੀ ਤਾਂ ਆਲ ਇੰਡੀਆ, ਲਾਹੌਰ ਦੀ ਮਸ਼ਹੂਰ ਗੁਲੂਕਾਰਾ ਅਤੇ ਬੁਲਬੁਲ-ਏ-ਪੰਜਾਬ ਮਿਸ ਅਨਵਰੀ ਬਾਈ ਨੂੰ ਨਵੇਂ ਚਿਹਰੇ ਵਜੋਂ ਪੇਸ਼ ਕੀਤਾ। ਮਿਸ ਅਨਵਰੀ ਬਾਈ ਨੇ ਮਿਸ ਅਨਵਰ ਦੇ ਨਾਮ ਨਾਲ ‘ਹੀਰ’ ਦਾ ਕਿਰਦਾਰ ਨਿਭਾਇਆ, ਰਾਂਝੇ ਦਾ ਕਿਰਦਾਰ ਰਾਵਲਪਿੰਡੀ ਦਾ ਗੱਭਰੂ ਮੁਹੰਮਦ ਰਫ਼ੀਕ ਗ਼ਜ਼ਨਵੀ ਬੀ. ਏ. ਨਿਭਾਅ ਰਿਹਾ ਸੀ। ਵਾਰਿਸ ਸ਼ਾਹ ਦੇ ਮਸ਼ਹੂਰ ਮੁਹੱਬਤੀ ਕਿੱਸੇ ਉੱਤੇ ਬਣੀ ਇਹ ਦੋਵਾਂ ਕਲਾਕਾਰਾਂ ਦੀ ਪਹਿਲੀ ਫਿਲਮ ਸੀ। ਫਿਲਮ ਦੀ ਕਹਾਣੀ ਪ੍ਰੋਫੈਸਰ ਆਬਿਦ ਅਲੀ ਆਬਿਦ, ਸੰਵਾਦ ਲਾਲਾ ਯਾਕੂਬ, ਸਕਰੀਨ ਪਲੇਅ ਐੱਮ. ਸਾਦਿਕ, ਕਲਾ-ਨਿਰਦੇਸ਼ਿਕ ਐੱਮ. ਇਸਮਾਇਲ, ਐਡੀਟਿੰਗ ਏ. ਆਰ. ਕਾਰਦਾਰ, ਫੋਟੋਗ੍ਰਾਫੀ ਵੀ. ਐੱਮ. ਵਿਆਸ, ਗੀਤ ਤੇ ਕਲਾਮ ਵਾਰਿਸ਼ ਸ਼ਾਹ ਅਤੇ ਸੰਗੀਤਕ ਤਰਜ਼ਾਂ ਰਫ਼ੀਕ ਗਜ਼ਨਵੀ (ਸਹਾਇਕ ਭਾਈ ਗ਼ੁਲਾਮ ਹੈਦਰ ‘ਅੰਮ੍ਰਿਤਸਰੀ’) ਨੇ ਤਿਆਰ ਕੀਤੀਆਂ ਸਨ। ਫਿਲਮ ਦੇ ਇਸ਼ਤਿਹਾਰਾਂ ’ਤੇ ਮੌਜੂਦ ਸਿਰਫ਼ ਤਿੰਨ ਗੀਤਾਂ ਦਾ ਹਵਾਲਾ ਮਿਲ ਪਾਇਆ ਹੈ, ਜਿਨ੍ਹਾਂ ’ਚ ਦੋ ਗੀਤ ਪੰਜਾਬੀ ਜ਼ੁਬਾਨ ਵਿੱਚ ‘ਰਾਂਝੇ ਨੂੰ ਲਿਆਵੋ ਮੋੜ ਕੇ ਨਾ ਜਾਵੀਂ ਰਾਂਝਣਾ ਵੇ’ ਤੇ ‘ਟੁਰ ਚੱਲਿਆ ਨੀਂ ਰਾਂਝਾ ਮੇਰੀ ਪ੍ਰੀਤ ਨੂੰ ਤੋੜ ਕੇ’ ਅਤੇ ਤੀਜੀ ਉਰਦੂ ਗ਼ਜ਼ਲ ‘ਉੱਠ ਏ ਵਫ਼ਾ ਸ਼ਾਰ ਮੇਰਾ ਹਾਲੇ ਜ਼ਾਰ ਦੇਖ’ ਸੀ। ਇਹ ਫਿਲਮ 9 ਸਤੰਬਰ 1932 ਨੂੰ ਕੈਪੀਟਲ ਸਿਨੇਮਾ, ਮੈਕਲੋਡ ਰੋਡ, ਲਾਹੌਰ ਅਤੇ ਸਟਾਰ ਸਿਨੇਮਾ, ਭਾਟੀ ਗੇਟ, ਲਾਹੌਰ ਵਿਖੇ ਰਿਲੀਜ਼ ਹੋਈ, ਪਰ ਫਲਾਪ ਰਹੀ।



ਇਸ ਫਿਲਮ ਦੌਰਾਨ ਰਫ਼ੀਕ ਗ਼ਜ਼ਨਵੀ ਤੇ ਅਨਵਰੀ ਦਰਮਿਆਨ ਮੁਹੱਬਤ ਨੇ ਜਨਮ ਲਿਆ, ਨਤੀਜੇ ਵਜੋਂ ਦੋਵਾਂ ਨੇ ਵਿਆਹ ਕਰ ਲਿਆ। ਇਸ ਤੋਂ ਬਾਅਦ ਰਫ਼ੀਕ ਅਨਵਰੀ ਨੂੰ ਨਾਲ ਲੈ ਕੇ ਬੰਬਈ ਚਲਾ ਗਿਆ। ਬੰਬਈ ਜਾ ਕੇ ਉਸ ਨੇ ਮਹਾਰਾਸ਼ਟਰ ਸਿਨੇਟੋਨ ਦੀ ਨਾਨਾਸਾਹਬ ਡੀ. ਸ਼ਰਪੋਤਦਾਰ ਨਿਰਦੇਸ਼ਿਤ ਇਤਿਹਾਸਕ ਫਿਲਮ ‘ਪ੍ਰਿਥਵੀਰਾਜ ਸੰਯੋਗਿਤਾ’ (1933) ਦੇ 12 ਗੀਤਾਂ ਦਾ ਸੰਗੀਤ ਤਿਆਰ ਕੀਤਾ। ਉਨ੍ਹਾਂ ਨੇ ਫਿਲਮ ’ਚ ‘ਕਵੀ ਚੰਦ ਬਰਦਾਈ’ ਦਾ ਪਾਰਟ ਵੀ ਅਦਾ ਕੀਤਾ। ਇਸ ਫਿਲਮ ਤੋਂ ਬਾਅਦ ਰਫ਼ੀਕ ਨੇ ਅਨਵਰੀ ਬਾਈ ਨੂੰ ਤਲਾਕ ਦੇ ਦਿੱਤਾ। ਥੋੜ੍ਹੇ ਸਮੇਂ ਬਾਅਦ ਅਨਵਰੀ ਦੇ ਘਰ ਇੱਕ ਧੀ ਨੇ ਜਨਮ ਲਿਆ, ਜਿਸ ਦਾ ਨਾਮ ਜ਼ਰੀਨਾ ਰੱਖਿਆ ਗਿਆ।

ਜ਼ਰੀਨਾ ਨੇ ‘ਨਸਰੀਨ’ ਦੇ ਫਿਲਮੀ ਨਾਮ ਨਾਲ ਕਾਰਦਾਰ ਪ੍ਰੋਡਕਸਨਸ਼, ਬੰਬੇ ਦੀ ਏ. ਆ. ਕਾਰਦਾਰ ਨਿਰਦੇਸ਼ਿਤ ਇਤਿਹਾਸਕ ਹਿੰਦੀ ਫਿਲਮ ‘ਸ਼ਾਹਜਹਾਨ’ (1946) ਵਿੱਚ ‘ਰੂਹੀ’ ਦਾ ਪਾਰਟ ਨਿਭਾਇਆ ਸੀ। ਇਸ ਤੋਂ ਇਲਾਵਾ ਗੁਪਤਾ ਆਰਟ ਪ੍ਰੋਡਕਸ਼ਨਜ਼, ਲਾਹੌਰ ਦੀ ਫਿਲਮ ‘ਏਕ ਰੋਜ਼’ (1947) ਵਿੱਚ ਅਲ ਨਾਸਿਰ ਨਾਲ ਕੰਮ ਕੀਤਾ ਸੀ। ਉਹ ਲਿਆਕਤ ਆਗਾ ਨਾਲ ਵਿਆਹ ਤੋਂ ਬਾਅਦ ਜ਼ਰੀਨਾ ਆਗਾ ਕਹਾਈ। ਉਨ੍ਹਾਂ ਦੀਆਂ ਧੀਆਂ ਸਲਮਾ ਆਗਾ ਅਤੇ ਸਬਿਤਾ ਆਗਾ ਲੰਡਨ ਵਿੱਚ ਪੈਦਾ ਹੋਈਆਂ। ਰਫ਼ੀਕ ਗ਼ਜ਼ਨਵੀ ਨਾਲ ਤਲਾਕ ਹੋਣ ਤੋਂ ਬਾਅਦ ਅਨਵਰੀ ਆਪਣੀ ਧੀ ਨਾਲ ਲਾਹੌਰ ਆ ਗਈ ਸੀ। ਜਦੋਂ ਲਾਹੌਰ ਵਿੱਚ ਐੱਮ. ਸੀ. ਸਹਿਗਲ ਅਤੇ ਅਮਰ ਚੰਦ ਭਾਟੀਆ ਨੇ ਅੰਮ੍ਰਿਤ ਫਿਲਮਜ਼, ਲਾਹੌਰ ਦੇ ਬੈਨਰ ਹੇਠ ਹਿੰਦੀ/ਉਰਦੂ ਫਿਲਮ ‘ਆਂਸੂਓਂ ਕੀ ਦੁਨੀਆ’ ਉਰਫ਼ ‘ਸਾਰੋਜ ਆਫ ਮੈਨ’ (1936) ਸ਼ੁਰੂ ਕੀਤੀ। ਇਸ ਦਾ ਨਿਰਦੇਸ਼ਨ ਅੰਮ੍ਰਿਤਸਰ ਦੇ ਏ. ਪੀ. ਉਰਫ਼ ਆਨੰਦ ਪ੍ਰਸ਼ਾਦ ਕਪੂਰ ਸਨ। ਕਪੂਰ ਨੇ ਫਿਲਮ ਵਿੱਚ ਅਨਵਰੀ ਨੂੰ ਸਾਥੀ ਹੀਰੋਇਨ ਦਾ ਕਿਰਦਾਰ ਦਿੱਤਾ। ਫਿਲਮ ਦੇ ਗੀਤ ਵਲੀ ਸਾਹਿਬ ਅਤੇ ਸੰਗੀਤ ਦੀਆਂ ਤਰਜ਼ਾਂ ਉਸਤਾਦ ਝੰਡੇ ਖ਼ਾਨ ਨੇ ਤਿਆਰ ਕੀਤੀਆਂ, ਪਰ ਫਿਲਮ ਦੇ ਗੀਤਾਂ ਦਾ ਕੋਈ ਹਵਾਲਾ ਨਹੀਂ ਮਿਲ ਸਕਿਆ।

1937 ਵਿੱਚ ਅਨਵਰੀ ਬਾਈ ਆਲ ਇੰਡੀਆ ਰੇਡੀਓ, ਲਾਹੌਰ ਦੀ ਪ੍ਰਸਿੱਧ ਗਾਇਕਾ ਬਣ ਚੁੱਕੀ ਸੀ, ਜਿਸ ਦੇ ਚਰਚੇ ਲਾਹੌਰ ਹੀ ਨਹੀਂ ਬਲਕਿ ਦਿੱਲੀ, ਬੰਬਈ ਦੇ ਰੇਡੀਓ ਸਟੇਸ਼ਨਾਂ ਉੱਤੇ ਵੀ ਹੋਣ ਲੱਗ ਪਏ ਸਨ। ਲਾਹੌਰ ਰੇਡੀਓ ਉੱਤੇ ਉਸ ਨੇ ਅਨੇਕਾਂ ਗੀਤ, ਗ਼ਜ਼ਲਾਂ ਗਾਈਆਂ, ਜਿਨ੍ਹਾਂ ਵਿੱਚ ਖ਼ਿਆਲ ਪੁਰੀਆ ਧਨਾਸਰੀ ‘ਆਜੋ ਰੇ ਬਾਲਮ’ ਤੋਂ ਇਲਾਵਾ ਪੰਜਾਬੀ ਗੀਤ ‘ਦਿਲਬਰ ਯਾਰ ਆਜਾ ਰੌਂਦੀ ਹੱਸਾਂ’ ਤੇ ਠੁਮਰੀ ‘ਤੇਰੇ ਬਿਨ ਬੈਚੇਨ’ ਆਦਿ ਸ਼ਾਮਿਲ ਹਨ। 1939 ਦੇ ਜ਼ਮਾਨੇ ’ਚ ਆਲ ਇੰਡੀਆ ਰੇਡੀਓ ਸਟੇਸ਼ਨ, ਬੰਬਈ ਦੇ ਨਫ਼ੀਸ ਪੰਜਾਬੀ ਨਿਰਦੇਸ਼ਿਕ ਜੇ. ਕੇ. ਮਹਿਰਾ ਉਰਫ਼ ਜੁਗਲ ਕਿਸ਼ੋਰ ਮਹਿਰਾ ਦਾ ਅਨਵਰੀ ਬਾਈ ਨਾਲ ਰਾਬਤਾ ਹੋਇਆ ਜੋ ਉਸ ਦੇ ਹੁਸਨ ਤੇ ਗਾਇਕੀ ਦਾ ਮੁਰੀਦ ਸੀ। ਪੰਜਾਬ ਵੰਡ ਤੋਂ ਬਾਅਦ ਜੁਗਲ ਕਿਸ਼ੋਰ ਬੰਬਈ ਤੋਂ ਲਾਹੌਰ ਚਲਾ ਗਿਆ ਅਤੇ ਉੱਥੇ ਆਲ ਇੰਡੀਆ ਰੇਡੀਓ, ਲਾਹੌਰ ਦਾ ਨਿਰਦੇਸ਼ਕ ਬਣ ਗਿਆ।

ਅਨਵਰੀ ਤੇ ਉਸ ਦੀ ਧੀ ਪਹਿਲਾਂ ਹੀ ਲਾਹੌਰ ਆ ਚੁੱਕੀਆਂ ਸਨ। ਹੌਲੀ-ਹੌਲੀ ਮਹਿਰਾ ਦਾ ਅਨਵਰੀ ਦੇ ਘਰ ਆਉਣਾ-ਜਾਣਾ ਵੀ ਸ਼ੁਰੂ ਹੋ ਗਿਆ। ਜੁਗਲ ਕਿਸ਼ੋਰ ਨੂੰ ਅਹਿਸਾਸ ਹੋ ਗਿਆ ਸੀ ਨਸਰੀਨ ਇੱਕ ਉੱਭਰ ਰਹੀ ਸਟਾਰ ਅਦਕਾਰਾ ਹੈ, ਜਿਸ ਦਾ ਮਿਲਣਾ ਮੁਸ਼ਕਿਲ ਹੀ ਨਹੀਂ ਨਾ-ਮੁਮਕਿਨ ਵੀ ਹੈ। ਲਿਹਾਜ਼ਾ ਉਸ ਨੇ ਅਨਵਰੀ ਨਾਲ ਹੀ ਵਿਆਹ ਕਰਨ ਦਾ ਫ਼ੈਸਲਾ ਕਰ ਲਿਆ। ਇਹ ਵਿਆਹ ਤਦ ਹੀ ਸੰਭਵ ਹੋ ਸਕਦਾ ਸੀ ਜੇਕਰ ਉਹ ਇਸਲਾਮ ਕਬੂਲ ਕਰਦਾ ਹੈ। ਅਖ਼ੀਰਨ ਉਸ ਨੇ ਇਸਲਾਮ ਕਬੂਲ ਕਰ ਕੇ 1947 ਵਿੱਚ ਅਨਵਰੀ ਨਾਲ ਵਿਆਹ ਕਰਾ ਲਿਆ ਅਤੇ ਆਪਣਾ ਨਾਮ ਬਦਲ ਕੇ ਅਹਿਮਦ ਸਲਮਾਨ ਰੱਖ ਲਿਆ।

ਫਿਰ ਕੁਝ ਸਮਾਂ ਲਾਹੌਰ ਰਹਿਣ ਤੋਂ ਬਾਅਦ ਉਹ ਲੰਡਨ ਦੇ ਇੱਕ ਸ਼ਹਿਰ ਵਿੱਚ ਪੱਕੇ ਤੌਰ ’ਤੇ ਆਣ ਵਸੇ। ਇੱਥੇ ਆ ਕੇ ਦੋਵੇਂ ਜਣੇ ਸ਼ਾਸਤਰੀ ਸੰਗੀਤ ਨੂੰ ਸਮਰਪਿਤ ਹੋ ਗਏ। ਅਨਵਰੀ ਦੀ ਸ਼ਖ਼ਸੀਅਤ ਹੀ ਅਜਿਹੀ ਸੀ ਕਿ ਉਹ ਜਿੱਥੇ ਵੀ ਜਾਂਦੀ ਉੱਥੇ ਕਈ ਅਫ਼ਸਾਨੇ ਛੱਡ ਜਾਂਦੀ।

1980 ਵਿੱਚ ਉਸ ਦਾ ਖ਼ਾਵੰਦ ਜੁਗਲ ਕਿਸ਼ੋਰ ਮਹਿਰਾ ਉਰਫ਼ ਅਹਿਮਦ ਸਲਮਾਨ ਅਕਾਲ ਚਲਾਣਾ ਕਰ ਗਿਆ। 4 ਅਪ੍ਰੈਲ 2004 ਨੂੰ ਧੀ ਨਸਰੀਨ ਵੀ ਫ਼ੌਤ ਹੋ ਗਈ। ਆਪਣੀ ਧੀ ਨੂੰ ਬੇਪਨਾਹ ਮੁਹੱਬਤ ਕਰਨ ਵਾਲੀ ਅਨਵਰੀ ਹੁਣ ’ਕੱਲੀ ਰਹਿ ਗਈ ਸੀ, ਜਿਸ ਕੋਲ ਉਸ ਦੀਆਂ ਦੋਹਤੀਆਂ ਸਲਮਾ ਆਗਾ ਅਤੇ ਸਬਿਤਾ ਆਗਾ ਹੀ ਰਹਿ ਗਈਆਂ ਸਨ। ਉਹ ਤਨਹਾਈ ਵਿੱਚ ਆਪਣੀ ਧੀ ਨੂੰ ਯਾਦ ਕਰ ਕੇ ਬੜਾ ਰੋਂਦੀ। ਫਿਰ ਧੀ ਦੀ ਮੌਤ ਤੋਂ ਇੱਕ ਸਾਲ ਬਾਅਦ ਅਨਵਰੀ ਬਾਈ ਵੀ ਲੰਦਨ ਵਿੱਚ 5 ਅਪ੍ਰੈਲ 2005 ਨੂੰ 98 ਸਾਲਾਂ ਦੀ ਚੰਗੀ ਉਮਰ ਭੋਗ ਕੇ ਰੁਖ਼ਸਤ ਹੋ ਗਈ। ਉਸ ਨੂੰ ਕਰਾਚੀ ਲਿਆ ਕੇ ਸਪੁਰਦ-ਏ-ਖ਼ਾਕ ਕੀਤਾ ਗਿਆ।

ਅਨਵਰੀ ਬਾਈ ਤੇ ਜ਼ਰੀਨਾ ਤੋਂ ਬਾਅਦ ਦੋਹਤੀ ਸਲਮਾ ਆਗਾ ਨੇ ਉਨ੍ਹਾਂ ਦੀ ਅਦਾਕਾਰਾਨਾ ਤੇ ਸੰਗੀਤਕ ਵਿਰਾਸਤ ਨੂੰ ਅੱਗੇ ਤੋਰਿਆ। ਸਲਮਾ ਆਗਾ ਨੂੰ ਪਹਿਲੀ ਵਾਰ

(ਬਾਕੀ ਸਫ਼ਾ 31 ’ਤੇ)

## ਕੌਮਾਂਤਰੀ ਪੱਧਰ 'ਤੇ ਦੇਸ਼ ਦਾ ਮਾਣ ਵਧਾ ਰਹੇ ਮਾਲਵੇ ਦੇ ਖਿਡਾਰੀ

# ਬਰਨਾਲਾ ਦੇ ਅਥਲੀਟ ਅਕਾਸ਼ਦੀਪ ਸਿੰਘ ਨੇ ਪੈਰਿਸ ਓਲੰਪਿਕ ਲਈ ਕੀਤਾ ਕੁਆਲੀਫਾਈ



## ਅਕਾਸ਼ਦੀਪ ਨੇ ਰਾਂਚੀ ਵਿਖੇ 20 ਕਿਲੋਮੀਟਰ ਪੈਦਲ ਤੋਰ ਵਿੱਚ ਬਣਾਇਆ ਨੈਸ਼ਨਲ ਰਿਕਾਰਡ

ਬਰਨਾਲਾ/ਏ.ਟੀ.ਨਿਊਜ਼ :- ਕਿਸੇ ਵੇਲੇ ਟਿੱਬਿਆਂ ਦੀ ਧਰਤੀ ਵਜੋਂ ਜਾਣੇ ਜਾਂਦੇ ਮਾਲਵਾ ਖੇਤਰ ਦੀ ਪਹਿਚਾਣ ਹੁਣ ਕੌਮਾਂਤਰੀ ਪੱਧਰ 'ਤੇ ਹੈ। ਮਾਲਵਾ ਪੱਟੀ ਦੇ ਅਨੇਕਾਂ ਨੌਜਵਾਨ ਵੱਖ-ਵੱਖ ਖੇਤਰਾਂ ਵਿੱਚ ਲਗਾਤਾਰ ਅੱਗੇ ਵਧ ਰਹੇ ਹਨ। ਤਾਜ਼ਾ ਪ੍ਰਾਪਤੀ ਬਰਨਾਲਾ ਜ਼ਿਲ੍ਹੇ ਦੇ ਪਿੰਡ ਕਾਹਨੇਕੇ ਦੇ ਅਥਲੀਟ ਅਕਾਸ਼ਦੀਪ ਸਿੰਘ ਦੀ ਹੈ, ਜਿਸ ਨੇ ਪੈਰਿਸ ਓਲੰਪਿਕ ਖੇਡਾਂ-2024 ਦਾ ਪੈਦਲ ਤੋਰ ਮੁਕਾਬਲੇ ਲਈ ਕੋਟਾ ਹਾਸਿਲ ਕੀਤਾ ਹੈ।ਬਰਨਾਲਾ ਜ਼ਿਲੇ ਦੇ ਪਿੰਡ ਕਾਹਨੇਕੇ ਦੇ ਅਥਲੀਟ ਅਕਾਸ਼ਦੀਪ ਸਿੰਘ ਨੇ 20 ਕਿਲੋਮੀਟਰ ਪੈਦਲ ਤੋਰ ਵਿੱਚ 1.19.55 ਦੇ ਸਮੇਂ ਨਾਲ ਨਵਾਂ ਨੈਸ਼ਨਲ ਰਿਕਾਰਡ ਬਣਾਉਂਦਿਆਂ ਓਲੰਪਿਕ ਖੇਡਾਂ, ਵਿਸ਼ਵ ਚੈਂਪੀਅਨਸ਼ਿਪ ਤੇ ਏਸ਼ਿਆਈ ਖੇਡਾਂ ਲਈ ਕੁਆਲੀਫਾਈ ਕੀਤਾ। ਪੈਰਿਸ ਓਲੰਪਿਕ ਖੇਡਾਂ-2024 ਲਈ ਅਥਲੈਟਿਕਸ ਵਿੱਚ ਇਹ ਭਾਰਤ ਦਾ ਪਹਿਲਾ ਕੋਟਾ ਅਤੇ ਓਵਰ ਆਲ ਓਲੰਪਿਕਸ ਕੁਆਲੀਫਾਈ ਹੋਣ ਵਾਲਾ ਚੌਥਾ ਭਾਰਤੀ ਖਿਡਾਰੀ ਹੈ। ਬਾਬਾ ਕਾਲਾ ਮਹਿਰ ਸਟੇਡੀਅਮ ਬਰਨਾਲਾ ਵਿਖੇ ਖੇਡ ਵਿਭਾਗ ਦੇ ਕੋਚਾਂ ਦੀ ਦੇਖ-ਰੇਖ ਵਿੱਚ ਤਿਆਰੀ ਕਰਦੇ ਅਕਾਸ਼ਦੀਪ ਸਿੰਘ ਨੇ ਰਾਂਚੀ (ਝਾਰਖੰਡ) ਵਿਖੇ ਚੱਲ ਰਹੀ 10ਵੀ ਇੰਡੀਅਨ ਓਪਨ ਰੇਸ ਵਾਕਿੰਗ ਮੁਕਾਬਲੇ ਦੀ 20 ਕਿਲੋਮੀਟਰ ਪੈਦਲ ਤੋਰ ਵਿੱਚ 1.19.55 ਦੇ ਸਮੇਂ ਨਾਲ ਨਵਾਂ ਨੈਸ਼ਨਲ ਰਿਕਾਰਡ ਬਣਾਉਂਦਿਆਂ ਸੋਨੇ ਦਾ ਤਮਗ਼ਾ ਜਿੱਤਿਆ। ਪੈਰਿਸ ਓਲੰਪਿਕ ਖੇਡਾਂ ਲਈ 20 ਕਿਲੋਮੀਟਰ ਪੈਦਲ ਤੋਰ ਵਿੱਚ ਕੁਆਲੀਫਾਈ ਵਾਸਤੇ 1.20.10 ਦਾ ਸਮਾਂ ਮਿੱਥਿਆ ਹੋਇਆ ਹੈ।ਅਕਾਸ਼ਦੀਪ ਸਿੰਘ ਨੇ ਓਲੰਪਿਕਸ ਦੇ ਨਾਲ ਵਿਸ਼ਵ ਚੈਂਪੀਅਨਸ਼ਿਪ ਤੇ ਏਸ਼ਿਆਈ ਖੇਡਾਂ ਲਈ ਵੀ ਕੁਆਲੀਫਾਈ ਕੀਤਾ ਹੈ।

### ਖੇਡ ਮੰਤਰੀ ਹੇਅਰ ਨੇ ਅਕਾਸ਼ਦੀਪ ਸਿੰਘ ਨੂੰ ਦਿੱਤੀ ਵਧਾਈ

ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਅਕਾਸ਼ਦੀਪ ਸਿੰਘ ਦੀ ਇਸ ਮਾਣਮੱਤੀ ਪ੍ਰਾਪਤੀ ਉਤੇ ਅਥਲੀਟ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਉਸ ਦੀ ਸਖ਼ਤ ਮਿਹਨਤ ਦਾ ਸਿੱਟਾ ਹੈ। ਉਨ੍ਹਾਂ ਕਿਹਾ ਕਿ ਅਕਾਸ਼ਦੀਪ ਸਿੰਘ ਅਥਲੈਟਿਕਸ ਵਿੱਚ ਓਲੰਪਿੱਕ ਖੇਡਾਂ ਲਈ ਕੁਆਲੀਫਾਈ ਹੋਣ ਵਾਲਾ ਪਹਿਲਾ ਭਾਰਤੀ ਅਥਲੀਟ ਹੈ ਜਿਸ ਉੱਤੇ ਪੂਰੇ ਸੂਬੇ ਨੂੰ ਮਾਣ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਨੂੰ ਖੇਡਾਂ ਵਿੱਚ ਮੋਹਰੀ ਬਣਾਉਣ ਲਈ ਕੀਤੇ ਤਹੱਈਏ ਤਹਿਤ ਖੇਡ ਵਿਭਾਗ ਨਿਰੰਤਰ ਯਤਨ ਕਰ ਰਿਹਾ ਹੈ। ਉਨ੍ਹਾਂ ਇਸ ਪ੍ਰਾਪਤੀ ਦਾ ਸਿਹਰਾ ਅਕਾਸ਼ਦੀਪ ਸਿੰਘ, ਉਨ੍ਹਾਂ ਦੇ ਮਾਪਿਆਂ ਅਤੇ ਕੋਚਾਂ ਸਿਰ ਬੰਨਿਆ।

# ਗਲੀਆਂ 'ਚ ਕ੍ਰਿਕਟ ਖੇਡਣ ਵਾਲੀ ਹਰਮਨਪ੍ਰੀਤ ਕੌਰ ਬਣੀ ਕਰੋੜਾਂ ਦੇ ਮੁੱਲ ਦੀ ਖਿਡਾਰਨ



ਮੋਗਾ/ ਮੋਗਾ ਦੀ ਜ਼ਿਲ੍ਹਾ ਕਚਹਿਰੀ 'ਚ ਇੱਕ ਵਕੀਲ ਕੋਲ ਮੁਨਸ਼ੀ ਵਜੋਂ ਕੰਮ ਕਰਦੇ ਹਰਮਿੰਦਰ ਸਿੰਘ ਨੇ ਇਹ ਕਦੇ ਸੁਪਨੇ 'ਚ ਵੀ ਨਹੀਂ ਸੋਚਿਆ ਸੀ ਕਿ ਉਸਦੀ ਧੀ ਉਨ੍ਹਾਂ ਨੂੰ ਜਹਾਜ਼ਾਂ ਦੀ ਸੈਰ ਕਰਵਾਏਗੀ ਤੇ ਉਸਦੀ ਖੇਡ ਦਾ ਮੁੱਲ ਕਰੋੜਾਂ ਰੁਪਏ ਹੋਵੇਗਾ। ਇਹ ਸਭ ਕੁੱਝ ਕਰ ਦਿਖਾਇਆ ਹੈ

## ਮੋਗਾ ਦੀ ਜੰਮਪਲ ਨੇ ਵਿਸ਼ਵ 'ਚ ਵਧਾਇਆ ਪੰਜਾਬ ਦਾ ਮਾਣ

ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਨੇ। ਹਰਮਨਪ੍ਰੀਤ ਕੌਰ ਹੁਣ ਇਕੱਲੇ ਮਾਪਿਆਂ ਦੀ ਹੀ ਨਹੀਂ ਸਗੋਂ ਦੇਸ਼ ਦੇ ਕਰੋੜਾਂ ਕ੍ਰਿਕਟ ਪ੍ਰੇਮੀਆਂ ਦੀ ਹਰਮਨਪਿਆਰੀ ਖਿਡਾਰਨ ਬਣ ਗਈ ਹੈ। ਡਬਲਿਊਪੀਐਲ (ਵੋਮੈਨ ਪ੍ਰੀਮੀਅਰ ਲੀਗ) ਲਈ ਜਦੋਂ ਕ੍ਰਿਕਟ ਖਿਡਾਰਨਾਂ ਦੀ ਬੋਲੀ ਲੱਗੀ ਤਾਂ ਹਰਮਨਪ੍ਰੀਤ ਕੌਰ 'ਤੇ 1.8 ਕਰੋੜ ਰੁਪਏ ਲੱਗੇ।ਹਰਮਨਪ੍ਰੀਤ ਦੇ ਬਚਪਨ ਦੀ ਗੱਲ ਕਰੀਏ ਤਾਂ ਜਦੋਂ ਉਨ੍ਹਾਂ ਦੇ ਪਿਤਾ ਹਰਮਿੰਦਰ ਸਿੰਘ ਸਮੇਤ ਹੋਰ ਮੁੰਡੇ ਉਨ੍ਹਾਂ ਦੇ ਘਰ ਕੋਲ ਹੀ ਕ੍ਰਿਕਟ ਖੇਡਦੇ ਸੀ ਤਾਂ ਉਹ ਬੜੇ ਚਾਵਾਂ ਨਾਲ ਬਾਊਂਡਰੀ ਤੋਂ ਗੇਂਦ ਚੁੱਕ ਕੇ ਫੜਾਉਂਦੀ ਸੀ। ਉਸ ਵੇਲੇ ਕਿਸੇ ਨੂੰ ਨਹੀਂ ਪਤਾ ਸੀ ਕਿ ਬਾਊਂਡਰੀ ਤੋਂ ਗੇਂਦ ਚੁੱਕ ਕੇ ਫੜਾਉਣ ਵਾਲੀ ਖਿਡਾਰਨ ਇੱਕ ਦਿਨ ਦੇਸ਼ ਦੀ ਟੀਮ ਦੀ ਅਗਵਾਈ ਕਰੇਗੀ। ਹਰਮਨਪ੍ਰੀਤ ਕੌਰ ਨੂੰ ਦੇਸ਼ ਦੀ ਟੀਮ 'ਚ ਖੇਡਦਿਆਂ ਪੰਜਾਬ ਦਾ ਵੀ ਨਾਂ ਚਮਕਾਉਣ ਕਰਕੇ ਪੰਜਾਬ ਪੁਲਿਸ 'ਚ ਡੀਐਸਪੀ ਵਜੋਂ ਭਰਤੀ ਕੀਤਾ ਗਿਆ ਹੈ। ਹਰਮਨਪ੍ਰੀਤ ਕੌਰ ਤੋਂ ਇਲਾਵਾ ਮਾਲਵਾ ਪੱਟੀ ਦੇ ਹੋਰ ਵੀ ਅਨੇਕਾਂ ਖਿਡਾਰੀ ਹਨ ਜੋ ਕੌਮਾਂਤਾਰੀ ਮੁਕਾਬਲਿਆਂ 'ਚ ਹਿਸਾ ਲੈਂਦੇ ਹਨ। ਮੋਗਾ



ਜ਼ਿਲ੍ਹੇ ਦੇ ਹੀ ਪਿੰਡ ਖੋਸਾ ਪਾਂਡੋ ਦਾ ਤੇਜਿੰਦਰਪਾਲ ਸਿੰਘ ਤੂਰ ਨੇ ਵੀ ਗੋਲਾ ਸੁੱਟ ਕੇ ਉਨ੍ਹਾਂ ਲੋਕਾਂ ਦੀਆਂ ਉਹ ਗੱਲਾਂ ਪਿਛਾਂਹ ਸੁੱਟ ਦਿੱਤੀਆਂ ਜੋ ਮਾਲਵੇ ਨੂੰ ਪਛੜਿਆ ਮੰਨਦੇ ਹਨ। ਤੇਜਿੰਦਰਪਾਲ ਸਿੰਘ ਤੂਰ ਨੂੰ ਗੋਲਾ ਸੁੱਟਣ ਦੀ ਚੇਟਕ ਆਪਣੇ ਚਾਚੇ ਤੋਂ ਲੱਗੀ ਸੀ। ਜਦੋਂ ਏਸ਼ੀਆਈ ਖੇਡਾਂ 'ਚੋਂ ਤੇਜਿੰਦਰਪਾਲ ਸਿੰਘ ਨੇ ਸੋਨ ਤਮਗਾ ਜਿੱਤਿਆ ਸੀ ਤਾਂ ਉਸਦੇ ਘਰ ਪਰਤਦਿਆਂ ਹੀ ਉਸਦਾ ਕੈਂਸਰ ਪੀੜ੍ਹਤ ਪਿਤਾ ਕਰਮ ਜ਼ਿੰਦਗੀ ਦੀ ਜੰਗ ਹਾਰ ਗਿਆ ਸੀ। (ਬਾਕੀ ਸਫ਼ਾ 30 'ਤੇ)

### ਮ੍ਰਿਤਕ ਪਿਤਾ ਦੇ ਸੁਪਨੇ ਨੂੰ ਪੂਰਾ ਕਰ ਰਹੇ ਨੇ ਜੌੜੇ ਭਰਾ ਖਿਡਾਰੀ



ਮਾਨਸਾ ਦੇ ਜੰਮਪਲ ਨਿਸ਼ਾਨੇਬਾਜ਼ ਜੌੜੇ ਭਰਾ ਵਿਜੇਵੀਰ ਸਿੰਘ ਤੇ ਉਦੇਵੀਰ ਸਿੰਘ ਵੀ ਸੋਨ ਤਗਮਿਆਂ 'ਤੇ ਨਿਸ਼ਾਨੇ ਲਾਉਂਦੇ ਹਨ। ਇਨ੍ਹਾਂ ਦੋਵੇਂ ਭਰਾਵਾਂ ਨੇ ਵਿਸ਼ਵ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ 'ਚੋਂ ਵਿਅਕਤੀਗਤ ਤੇ ਟੀਮ ਪੱਧਰ 'ਤੇ ਦੇਸ਼ ਦੀ ਝੋਲੀ 'ਚ ਸੋਨ ਤਮ਼ਗੇ ਪਾਏ। ਇਨ੍ਹਾਂ ਜੌੜੇ ਭਰਾਵਾਂ ਦੇ ਪਿਤਾ ਗੁਰਪ੍ਰੀਤ ਸਿੰਘ ਸਿੱਧੂ ਦਾ ਸੁਪਨਾ ਸੀ ਕਿ ਉਸਦੇ ਪੁੱਤਰ ਕੌਮਾਂਤਰੀ ਪੱਧਰ ਦੇ ਖਿਡਾਰੀ ਬਣਨ। ਗੁਰਪ੍ਰੀਤ ਸਿੰਘ ਭਾਵੇਂ ਇਸ ਦੁਨੀਆਂ 'ਤੇ ਨਹੀਂ ਰਹੇ ਪਰ ਉਨ੍ਹਾਂ ਦੇ ਪੁੱਤਰ ਆਪਣੇ ਪਿਤਾ ਦਾ ਸੁਪਨਾ ਪੂਰਾ ਕਰਨ 'ਚ ਕੋਈ ਕਸਰ ਨਹੀਂ ਛੱਡ ਰਹੇ।

# ਟੀ-20 ਵਿਸ਼ਵ ਕੱਪ 'ਚ ਖੇਡ ਰਹੀਆਂ ਲਾਹੌਰ ਤੋਂ ਲੈ ਕੇ ਮੋਗੇ ਦੀਆਂ ਪੰਜਾਬਣਾਂ

ਭਾਰਤੀ ਟੀਮ ਪਿਛਲੇ ਟੀ-20 ਵਿਸ਼ਵ ਕੱਪ ਵਿੱਚ ਫਾਈਨਲ ਤੱਕ ਪਹੁੰਚੀ ਸੀ। ਇਸ ਵਾਰ ਦੇ ਵਿਸ਼ਵ ਕੱਪ ਵਿੱਚ ਵੀ ਮਜ਼ਬੂਤ ਦਾਅਵੇਦਾਰ ਵਜੋਂ ਭਾਰਤ ਨੂੰ ਵੇਖਿਆ ਜਾ ਰਿਹਾ ਹੈ। ਦੂਜੇ ਪਾਸੇ ਪਾਕਿਸਤਾਨ ਦੀ ਟੀਮ ਕਦੇ ਵੀ ਗਰੁੱਪ ਸਟੇਜ ਤੋਂ ਅੱਗੇ ਨਹੀਂ ਜਾ ਸਕੀ ਹੈ। ਵਿਸ਼ਵ ਕੱਪ ਵਿੱਚ ਉਨ੍ਹਾਂ ਦਾ ਹਮੇਸ਼ਾ ਨਿਰਾਸ਼ਾਜਨਕ ਪ੍ਰਦਰਸ਼ਨ ਹੀ ਰਿਹਾ ਹੈ। ਵਿਸ਼ਵ ਕੱਪ ਦੇ 28 ਮੈਚਾਂ ਵਿੱਚੋਂ ਪਾਕਿਸਤਾਨ ਦੀ ਟੀਮ ਕੇਵਲ 7 ਮੈਚ ਹੀ ਜਿੱਤ ਸਕੀ ਹੈ। ਭਾਵੇਂ ਇਨ੍ਹਾਂ ਜਿੱਤਾਂ ਵਿੱਚੋਂ ਦੋ ਜਿੱਤਾਂ ਭਾਰਤ ਦੇ ਖਿਲਾਫ਼ ਮਿਲੀਆਂ ਹਨ ਜੋ ਉਨ੍ਹਾਂ ਨੂੰ 2012 ਤੇ 2016 ਵਿੱਚ ਹਾਸਲ ਹੋਈਆਂ ਸਨ।

ਗਰੁੱਪ ਬੀ ਵਿੱਚ ਇੰਗਲੈਂਡ ਤੇ ਭਾਰਤ ਨੂੰ ਮਜ਼ਬੂਤ ਟੀਮਾਂ ਮੰਨਿਆ ਜਾ ਰਿਹਾ ਹੈ। ਜੇ ਪਾਕਿਸਤਾਨ ਨੂੰ ਭਾਰਤ ਦੇ ਖਿਲਾਫ਼ ਜਿੱਤ ਹਾਸਲ ਹੁੰਦੀ ਹੈ ਤਾਂ ਉਹ ਪਾਕਿਸਤਾਨ ਦੇ ਗਰੁੱਪ ਤੋਂ ਅੱਗੇ ਜਾਣ ਲਈ ਜ਼ਰੂਰੀ ਹੌਂਸਲੇ ਵਿੱਚ ਵਾਧਾ ਕਰੇਗਾ। ਭਾਵੇਂ ਹਾਕੀ ਹੋਵੇ ਜਾਂ ਕ੍ਰਿਕਟ ਜਦੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਮੈਚ ਹੁੰਦਾ ਹੈ ਤਾਂ ਪੰਜਾਬੀਆਂ ਵਿੱਚ ਇਸ ਬਾਰੇ ਤਾਂ ਚਰਚਾ ਹੁੰਦੀ ਹੈ ਕਿ ਦੋਵੇਂ ਟੀਮਾਂ ਵਿਚਾਲੇ ਪੰਜਾਬੀ ਖਿਡਾਰੀ ਕਿਹੜੇ ਹਨ।

ਇਸ ਬਾਰੇ ਅਸੀਂ ਭਾਰਤ ਤੇ ਪਾਕਿਸਤਾਨ ਦੀਆਂ ਪੰਜਾਬੀ ਖਿਡਾਰਨਾਂ



ਬਾਰੇ ਗੱਲ ਕਰਾਂਗੇ :-

**ਬਿਸਮਾ ਮਾਰੂਫ਼**

ਪਾਕਿਸਤਾਨ ਦੀ 16 ਮੈਂਬਰੀ ਟੀਮ ਵਿੱਚ ਅੱਧੀਆਂ ਖਿਡਾਰਨਾਂ ਪਾਕਿਸਤਾਨੀ ਪੰਜਾਬ ਤੋਂ ਹਨ। ਪਾਕਿਸਤਾਨ ਦੀ ਕਪਤਾਨ ਬਿਸਮਾ ਮਾਰੂਫ ਵੀ ਪਾਕਿਸਤਾਨੀ ਪੰਜਾਬ ਤੋਂ ਸਬੰਧ ਰੱਖਦੀ ਹੈ। ਬਿਸਮਾ ਪੂਰੀ ਟੀਮ ਵਿੱਚ ਸਭ ਤੋਂ ਤਜਰਬੇ ਵਾਲੀ ਖਿਡਾਰਨ ਹੈ। ਉਹ ਲਾਹੌਰ ਤੋਂ ਸਬੰਧ ਰੱਖਦੀ ਹੈ। ਉਸ ਨੇ ਆਪਣਾ ਪਹਿਲਾ ਮੈਚ ਸਾਲ 2006 ਵਿੱਚ ਭਾਰਤ ਖਿਲਾਫ਼ ਜੈਪੁਰ ਵਿੱਚ ਖੇਡਿਆ ਸੀ। ਉਹ ਇੱਕ ਆਲਰਾਊਂਡਰ ਹੈ ਤੇ ਤੀਜੇ ਨੰਬਰ ਉੱਤੇ ਬੱਲੇਬਾਜ਼ੀ ਕਰਦੀ ਹੈ। ਉਹ ਪਾਰੀ ਨੂੰ ਸਾਂਭਣ ਲਈ ਜਾਣੀ ਜਾਂਦੀ ਹੈ। ਪਿਛਲੇ ਸਾਲ ਬਿਸਮਾ ਉਸ ਵੇਲੇ ਚਰਚਾ ਵਿੱਚ ਆਈ ਸੀ ਜਦੋਂ ਉਹ ਆਪਣੀ ਮੈਟਰਨਿਟੀ ਲੀਵ ਤੋਂ ਫੌਰਨ ਬਾਅਦ ਵਨਡੇਅ ਵਰਲਡ ਕੱਪ ਖੇਡਣ ਆਈ। ਉਹ ਆਪਣੀ ਨਵਜੰਮੀ ਬੱਚੀ ਨਾਲ ਵਿਸ਼ਵ ਕੱਪ ਖੇਡਣ ਆਈ ਸੀ। ਵਿਸ਼ਵ ਕੱਪ ਵਿੱਚ ਉਸ ਵੱਲੋਂ ਇੱਕ ਮਾਂ ਤੇ ਇੱਕ ਕ੍ਰਿਕਟਰ ਵਜੋਂ ਰੋਲ ਨਿਭਾਉਣ ਦੀ ਮੀਡੀਆ ਵਿੱਚ ਕਾਫ਼ੀ ਚਰਚਾ ਹੋਈ ਸੀ।

ਪਾਕਿਸਤਾਨ ਵਿੱਚ ਵੀ ਬਿਸਮਾ ਦੀ ਕਾਫੀ ਤਾਰੀਫ਼ ਹੋਈ ਸੀ ਕਿ ਉਨ੍ਹਾਂ ਨੇ ਕਿਵੇਂ ਖਿਡਾਰਨਾਂ ਲਈ ਇੱਕ ਮਿਸਾਲ ਕਾਇਮ ਕੀਤੀ ਹੈ।

**ਨਿਦਾ ਡਾਰ**

ਨਿਦਾ ਡਾਰ ਪਾਕਿਸਤਾਨ ਟੀਮ ਦੀ ਇੱਕ ਹੋਰ ਸੀਨੀਅਰ ਖਿਡਾਰਨ ਹੈ। ਉਨ੍ਹਾਂ ਨੇ ਆਪਣਾ ਪਹਿਲਾ ਮੈਚ ਸਾਲ 2010 ਵਿੱਚ ਖੇਡਿਆ ਸੀ।ਉਹ ਗੁੱਜਰਾਂਵਾਲਾ ਤੋਂ ਸਬੰਧ ਰੱਖਦੀ ਹੈ। ਟੀਮ ਵਿੱਚ ਉਹ ਇੱਕ ਬੌਲਿੰਗ ਆਲਰਾਊਂਡਰ ਦੀ ਭੂਮਿਕਾ ਵਿੱਚ ਹੈ। ਉਸ ਨੂੰ ਪੰਜ ਵਿਕਟਾਂ ਹੋਰ ਚਾਹੀਦੀਆਂ ਹਨ ਜਿਸ ਨਾਲ ਉਹ ਦੁਨੀਆਂ ਵਿੱਚ ਟੀ-20 ਦੇ ਕੌਮਾਂਤਰੀ ਮੈਚਾਂ ਵਿੱਚ ਸਭ ਤੋਂ ਵੱਧ ਵਿਕਟਾਂ ਲੈਣ ਵਾਲੀ ਖਿਡਾਰਨ ਬਣ ਜਾਵੇਗੀ।

ਨਿਦਾ ਡਾਰ ਨੇ ਹਾਲ ਹੀ ਵਿੱਚ ਆਸਟਰੇਲੀਆ ਵਿੱਚ ਪਾਕਿਸਤਾਨੀ ਟੀਮ ਦੇ ਮਾੜੇ ਪ੍ਰਦਰਸ਼ਨ ਤੋਂ ਬਾਅਦ ਕਿਹਾ ਸੀ ਕਿ ਟੀਮ ਨੂੰ ਜ਼ਿਆਦਾ ਕੌਮਾਂਤਰੀ ਮੈਚ ਖੇਡਣੇ ਚਾਹੀਦੇ ਹਨ। ਉਸ ਨੇ ਕਿਹਾ ਸੀ ਕਿ ਜੇ ਟੀਮ ਦੂਜੀਆਂ ਮਜ਼ਬੂਤ ਟੀਮਾਂ ਨਾਲ ਜ਼ਿਆਦਾ ਮੈਚ ਖੇਡੇਗੀ ਤਾਂ ਹੀ ਉਹ ਉਨ੍ਹਾਂ ਨੂੰ ਟੱਕਰ ਦੇ ਸਕਦੀ ਹੈ।

**ਆਲੀਆ ਰਿਆਜ਼**

ਆਲੀਆ ਰਿਆਜ਼ ਇੱਕ ਬੈਟਿੰਗ ਆਲਰਾਊਂਡਰ ਹੈ ਤੇ ਉਨ੍ਹਾਂ ਦਾ ਜਨਮ ਰਾਵਲਪਿੰਡੀ ਵਿੱਚ ਹੋਇਆ ਹੈ। ਟੀ-20 ਵਿਸ਼ਵ ਕੱਪ ਦੇ ਪ੍ਰੈਕਟਿਸ ਮੈਚ ਵਿੱਚ ਉਸ ਨੇ ਦੱਖਣੀ ਅਫ਼ਰੀਕਾ ਦੇ ਖਿਲਾਫ਼ 48 ਦੌੜਾਂ ਬਣਾਈਆਂ ਸਨ।ਏਸ਼ੀਆ ਕੱਪ ਵਿੱਚ ਵੀ ਉਸ ਦਾ ਪ੍ਰਦਰਸ਼ਨ ਸ਼ਾਨਦਾਰ ਸੀ ਜਿੱਥੇ ਪਾਕਿਸਤਾਨ ਸੈਮੀ ਫਾਈਨਲਜ਼ ਤੱਕ ਪਹੁੰਚਿਆ ਸੀ। ਏਸ਼ੀਆ ਕੱਪ ਦੀ ਜੇਤੂ ਭਾਰਤੀ ਟੀਮ ਰਹੀ ਸੀ।

ਭਾਵੇਂ ਉਹ ਇੱਕ ਹਰਫ਼ਨਮੌਲਾ ਖਿਡਾਰੀ ਦੇ ਰੂਪ ਵਿੱਚ ਟੀਮ 'ਚ ਹੈ ਪਰ ਸਾਲ 2022 ਵਿੱਚ ਉਸ ਨੇ ਪਾਕਿਸਤਾਨ ਲਈ ਗੇਂਦਬਾਜ਼ੀ ਨਹੀਂ ਕੀਤੀ ਹੈ।ਇਸ ਗੱਲ ਦੀ ਉਮੀਦ ਕੀਤੀ ਜਾ ਰਹੀ ਹੈ ਕਿ ਵਿਸ਼ਵ ਕੱਪ ਵਿੱਚ ਉਹ ਪਾਕਿਸਤਾਨ ਦੀ ਜਿੱਤ ਵਿੱਚ ਗੇਂਦਬਾਜ਼ੀ ਰਾਹੀਂ ਵੀ ਯੋਗਦਾਨ ਪਾਵੇਗੀ।

**ਸਿਦਰਾ ਅਮੀਨ**

ਲਾਹੌਰ ਤੋਂ ਇੱਕ ਹੋਰ ਖਿਡਾਰਨ ਇਸ ਵੇਲੇ ਪਾਕਿਸਤਾਨ ਦੀ ਮਹਿਲਾ ਕ੍ਰਿਕਟ ਟੀਮ ਦਾ ਹਿੱਸਾ ਹੈ। ਉਸ ਦਾ ਨਾਂ ਹੈ ਸਿਦਰਾ ਅਮੀਨ। ਬੀਤੇ ਕੁਝ ਵਕਤ ਵਿੱਚ ਉਸ ਦਾ ਪ੍ਰਦਰਸ਼ਨ ਕੁਝ ਖ਼ਾਸ ਨਹੀਂ ਰਿਹਾ ਹੈ।ਉਸ ਦੀਆਂ ਪਿਛਲੀਆਂ 8 ਪਾਰੀਆਂ ਵਿੱਚ ਉਸ ਦਾ ਔਸਤ ਕੇਵਲ 23 ਰਿਹਾ ਹੈ। ਹੁਣ ਇਹ ਵੇਖਣਾ ਹੋਵੇਗਾ ਕਿ ਉਹ ਦੱਖਣੀ ਅਫ਼ਰੀਕਾ ਦੀਆਂ ਤੇਜ਼ ਪਿੱਚਾਂ ਉੱਤੇ ਦੁਨੀਆ ਦੇ ਤੇਜ਼ ਮਹਿਲਾ ਗੇਂਦਬਾਜ਼ਾਂ ਦਾ ਸਾਹਮਣਾ ਕਿਵੇਂ ਕਰਦੀ ਹੈ। ਉਹ ਟੀ20 ਦੇ ਫਾਰਮੈਟ ਵਿੱਚ ਸੰਘਰਸ਼ ਕਰ ਰਹੀ ਹੈ। ਜੇ ਭਾਰਤ ਖਿਲਾਫ਼ ਸਖ਼ਤ ਤੇ ਦਬਾਅ ਨਾਲ ਭਰੇ ਮੁਕਾਬਲੇ ਵਿੱਚ ਚੰਗਾ ਪ੍ਰਦਸ਼ਨ ਦਿਖਾਉਣਾ ਹੈ ਤਾਂ ਉਨ੍ਹਾਂ ਨੂੰ ਇੱਕ ਜ਼ਬਰਦਸਤ ਪ੍ਰਦਰਸ਼ਨ ਦਿਖਾਉਣ ਦੀ ਲੋੜ ਹੈ।

**ਸਾਦੀਆ ਇਕਬਾਲ**

ਲਾਹੌਰ ਤੋਂ ਇੱਕ ਹੋਰ ਖਿਡਾਰਨ ਇਸ ਵੇਲੇ ਪਾਕਿਸਤਾਨ ਦੀ ਕ੍ਰਿਕਟ ਟੀਮ ਦਾ ਹਿੱਸਾ ਹੈ। ਉਸ ਦਾ ਨਾਂ ਹੈ ਸਿਦਰਾ ਅਮੀਨ। ਬੀਤੇ ਕੁਝ ਵਕਤ ਵਿੱਚ (ਬਾਕੀ ਸਫ਼ਾ 30 'ਤੇ)

## ਪੰਜਾਬ ਭਾਜਪਾ ਦੀ ਨਵੀਂ ਸਿਆਸੀ...

ਭਾਗਵਤ ਮਾਲਵੇ ਦੇ ਮਾਨਸਾ ਜ਼ਿਲ੍ਹੇ ਵਿੱਚ ਆਏ ਸਨ। ਮਾਨਸਾ ਪੰਜਾਬ ਦਾ ਅਣਗੌਲਿਆ ਜ਼ਿਲ੍ਹਾ ਹੈ। ਹਾਲ ਹੀ ਵਿੱਚ ਉਹ ਸੁਰਖੀਆਂ 'ਚ ਆਇਆ ਜਦੋਂ ਗਾਇਕ ਸਿੱਧੂ ਮੂਸੇਵਾਲ ਦਾ ਇੱਕ ਗੈਂਗਸਟਰ ਵੱਲੋਂ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ।

ਮੋਹਨ ਭਾਗਵਤ ਨੇ ਉਦੋਂ ਕੁਝ ਅਹਿਮ ਫੈਸਲਿਆਂ ਲਈ ਇਸ ਜ਼ਿਲ੍ਹੇ ਦੀ ਚੋਣ ਕੀਤੀ ਸੀ ਤਾਂ ਜੋ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਵਿਰੋਧੀਆਂ ਦੀ ਆਲੋਚਨਾ ਦਾ ਪਰਛਾਵਾਂ ਨਾ ਪਵੇ। ਜ਼ਿਕਰਯੋਗ ਹੈ ਕਿ ਉਦੋਂ ਉਹ ਪੰਜਾਬ ਦੇ ਰਾਧਾ ਸਵਾਮੀ ਮੁਖੀ ਨੂੰ ਮਿਲਣ ਆਪਣੇ ਜੈੱਟ ਜਹਾਜ਼ ਰਾਹੀਂ ਮਾਨਸਾ ਗਏ ਸਨ। ਇਹ ਸੰਘ ਦੀ ਰਾਜਨੀਤਕ ਮੁਹਿੰਮ ਹੈ ਤਾਂ ਜੋ ਭਾਜਪਾ ਲਈ ਡੇਰਿਆਂ ਦਾ ਸਮਰਥਨ ਹਾਸਲ ਕੀਤਾ ਜਾ ਸਕੇ। ਇਸ ਤੋਂ ਬਾਅਦ ਵੀ ਦੋਵੇਂ ਹਸਤੀਆਂ ਕਈ ਵਾਰ ਮਿਲੀਆਂ ਅਤੇ ਹੁਣ ਵੀ ਮੁਲਾਕਾਤਾਂ ਦਾ ਸਿਲਸਿਲਾ ਜਾਰੀ ਹੈ। ਯਾਦ ਰਹੇ ਕਿ ਪੰਜਾਬ ਵਿੱਚ ਬਹੁਤ ਸਾਰੇ ਡੇਰੇ ਹਨ ਅਤੇ ਉਨ੍ਹਾਂ ਨੂੰ ਮੰਨਣ ਵਾਲੇ ਸਿੱਖਾਂ ਅਤੇ ਹਿੰਦੂਆਂ ਦੀਆਂ ਵੋਟਾਂ ਕਈ ਥਾਵਾਂ 'ਤੇ ਫੈਸਲਾਕੁੰਨ ਭੂਮਿਕਾ ਨਿਭਾਉਂਦੀਆਂ ਹਨ। ਸੰਘ ਇਨ੍ਹਾਂ ਡੇਰਿਆਂ ਨੂੰ ਭਾਜਪਾ ਨਾਲ ਜੋੜਨਾ ਚਾਹੁੰਦਾ ਹੈ ਤਾਂ ਜੋ ਸਿਆਸੀ ਲਾਭ ਹੋ ਸਕੇ।

ਇਸ ਵੇਲੇ ਸਥਿਤੀ ਇਹ ਹੈ ਕਿ 'ਮਿਸ਼ਨ ਪੰਜਾਬ' ਤਹਿਤ ਭਾਜਪਾ ਨੇ ਉੱਘੇ ਸਿੱਖ ਚਿਹਰਿਆਂ ਨੂੰ ਕੇਂਦਰੀ ਕਮੇਟੀ ਵਿੱਚ ਲਿਆ ਹੈ ਅਤੇ ਅਜਿਹਾ ਪਹਿਲੀ ਵਾਰ ਹੋਇਆ ਹੈ। ਮਾਹਿਰਾਂ ਅਨੁਸਾਰ ਸਾਲ 2000 ਯਾਨੀ ਕਿ 2023 ਦੇ ਮੁਕਾਬਲੇ ਪੰਜਾਬ ਵਿੱਚ ਭਾਜਪਾ ਦੇ ਮੈਂਬਰਾਂ ਦੀ ਗਿਣਤੀ ਵਿੱਚ ਹੈਰਾਨੀਜਨਕ ਵਾਧਾ ਹੋਇਆ ਹੈ ਅਤੇ ਇਨ੍ਹਾਂ ਵਿੱਚ ਸਿੱਖ ਵੱਡੀ ਗਿਣਤੀ ਵਿੱਚ ਹਨ। ਅਜਿਹਾ ਕਹਿਣ ਵਾਲੇ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਢੀਠ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਘ ਦੇ ਕਹਿਣ 'ਤੇ ਹੀ ਸਿੱਖ ਪੰਥ ਨੂੰ ਖੁਸ਼ ਕਰਨ ਲਈ ਕਿਸਾਨਾਂ ਦੇ ਸਾਹਮਣੇ ਝੁਕ ਗਏ। ਇਹ ਸਭ ਜਾਣਦੇ ਹਨ ਕਿ ਪੰਜਾਬ ਦੀ ਖੇਤੀ ਸਿੱਖਾਂ ਦੇ ਹੱਥਾਂ ਵਿੱਚ ਹੈ। ਇਸ ਪੱਖ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਹੈ। ਪ੍ਰਧਾਨ ਮੰਤਰੀ 'ਅੰਨਦਾਤਾ' ਨੂੰ ਸੰਤੁਸ਼ਟ ਕਰਨ ਦੀ ਗੱਲ ਤਾਂ ਦੁਹਰਾਉਂਦੇ ਰਹਿੰਦੇ ਹਨ ਪਰ ਇਸ ਅੰਦੋਲਨ ਦੌਰਾਨ ਮਾਰੇ ਗਏ 700 ਕਿਸਾਨਾਂ ਦਾ ਕਦੇ ਜ਼ਿਕਰ ਤੱਕ ਨਹੀਂ ਕਰਦੇ। ਜਿਨ੍ਹਾਂ 'ਤੇ ਹਰਿਆਣਾ, ਦਿੱਲੀ ਅਤੇ ਉੱਤਰ ਪ੍ਰਦੇਸ਼ ਵਿਚ ਕੇਸ ਦਰਜ ਹਨ, ਉਨ੍ਹਾਂ ਬਾਰੇ ਭਾਜਪਾ ਦਾ ਕੋਈ ਵੀ ਆਗੂ ਚਰਚਾ ਨਹੀਂ ਕਰਦਾ।

ਖੈਰ, ਪੰਜਾਬ ਭਾਜਪਾ ਦਾ ਨਵਾਂ ਸਿਆਸੀ ਸ਼ਿਕਾਰ ਮੈਦਾਨ ਹੈ, ਇਸ ਲਈ ਮਿਸ਼ਨ ਪੰਜਾਬ ਦੀ ਕਮਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪ੍ਰਧਾਨ ਜੇਪੀ ਨੱਡਾ ਦੇ ਹੱਥ ਹੈ। ਪਾਰਟੀ 2024 ਦੀਆਂ ਲੋਕ ਸਭਾ ਚੋਣਾਂ ਨੂੰ ਅਗਨੀ ਪ੍ਰੀਖਿਆ ਮੰਨ ਰਹੀ ਹੈ। ਭਾਜਪਾ ਨੇ ਕੁੱਲ 9 ਸੀਟਾਂ 'ਤੇ ਲੋਕ ਸਭਾ ਚੋਣ ਨਹੀਂ ਲੜੀ, ਕਿਉਂਕਿ ਇਹ ਸੀਟਾਂ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਆਈਆਂ ਸਨ। ਭਾਜਪਾ ਦਾ ਤਾਜ਼ਾ ਐਲਾਨ ਹੈ ਕਿ ਉਹ ਸਾਰੀਆਂ ਸੀਟਾਂ 'ਤੇ ਆਪਣੇ ਦਮ 'ਤੇ ਚੋਣ ਲੜੇਗੀ। ਫਿਰ ਨਤੀਜੇ ਹੀ ਦੱਸਣਗੇ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਪੰਜਾਬ ਨੂੰ ਨਵਾਂ ਸਿਆਸੀ ਸ਼ਿਕਾਰ ਬਣਾਉਣ ਵਿਚ ਕਿੰਨੀ ਕੁ ਕਾਮਯਾਬ ਹੋਵੇਗੀ ?

****

## ਮਮਤਾ ਬੈਨਰਜੀ ਭਾਜਪਾ ਨੂੰ...

ਸਾਰੀਆਂ ਸੀਟਾਂ 'ਤੇ ਲੜ ਰਹੀ ਹੈ। ਇਸ ਚਾਰ ਧਿਰਾਂ ਦੇ ਮੁਕਾਬਲੇ ਵਿੱਚ ਭਾਜਪਾ ਨੂੰ ਫਾਇਦਾ ਹੋ ਸਕਦਾ ਹੈ। ਇਸੇ ਤਰ੍ਹਾਂ ਤ੍ਰਿਪੁਰਾ ਵਿੱਚ ਇਸ ਵਾਰ ਭਾਜਪਾ ਡਿਗਦੀ ਦਿਖ ਰਹੀ ਹੈ। ਸੀ.ਪੀ.ਐਮ. ਅਤੇ ਕਾਂਗਰਸ ਨੇ ਤਾਲਮੇਲ ਕਰ ਲਿਆ ਹੈ। ਇਸ ਦਾ ਜਵਾਬ ਦੇਣ ਲਈ ਭਾਜਪਾ ਕਿਸੇ ਤਰ੍ਹਾਂ ਨਾਲ ਪ੍ਰਦਯੁਤ ਦੇਬਬਰਮਾ ਦੀ ਤਿਪਰਾ ਮੋਥਾ ਦੇ ਨਾਲ ਤਾਲਮੇਲ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦਰਮਿਆਨ ਮਮਤਾ ਬੈਨਰਜੀ ਆਪਣੀ ਵੱਖਰੀ ਰਾਜਨੀਤੀ ਕਰ ਰਹੀ ਹੈ। ਤ੍ਰਿਪੁਰਾ ਵਿੱਚ ਤ੍ਰਿਣਮੂਲ ਨੂੰ ਜੋ ਵੀ ਵੋਟਾਂ ਮਿਲਣਗੀਆਂ, ਉਸ ਦਾ ਸਿੱਧਾ ਫਾਇਦਾ ਭਾਜਪਾ ਨੂੰ ਹੋਵੇਗਾ।

***

## ਲਾਲ ਕਿਲ੍ਹੇ ਦੀ ਹਿੰਸਾ ਬਾਰੇ ਪੁਲਿਸ ਨੇ...

ਕਿ ਬਿਨੈਕਾਰ/ਦੋਸ਼ੀ ਕਿਸੇ ਵੀ ਤਰੀਕੇ ਨਾਲ ਹਿੰਸਾ ਜਾਂ ਪੁਲਿਸ ਅਧਿਕਾਰੀਆਂ 'ਤੇ ਹਮਲੇ ਦੇ ਮਾਮਲਿਆਂ ਵਿਚ ਸ਼ਾਮਲ ਸੀ। ਲੌਅ ਨੇ ਹੁਕਮਾਂ ਵਿੱਚ ਇਹ ਵੀ ਲਿਖਿਆ ਕਿ ਉਸਨੇ ਜਾਂਚ ਅਧਿਕਾਰੀ ਨੂੰ ਪੁੱਛਿਆ ਸੀ ਕਿ 'ਕੀ ਲਾਲ ਕਿਲੇ ਵਿੱਚ ਮੁਲਜ਼ਮਾਂ ਦੀ ਮੌਜੂਦਗੀ ਇਹ ਬਹੁਤ ਗੰਭੀਰ ਅਪਰਾਧ ਹੈ ਅਤੇ ਗੈਰ-ਜ਼ਮਾਨਤੀ ਹੈ ? ਇਸ ਬਾਰੇ ਜਾਂਚ ਏਜੰਸੀ ਨੂੰ ਵੀ ਯਕੀਨ ਨਹੀਂ ਹੈ। ਲੌਅ ਨੇ ਆਪਣੇ ਜੁਲਾਈ ਦੇ ਹੁਕਮਾਂ ਵਿੱਚ ਤਿੰਨ ਹੋਰ ਵਿਅਕਤੀਆਂ, ਜਜਬੀਰ, ਗੁਰਜੰਟ ਅਤੇ ਬੂਟਾ ਸਿੰਘ ਨੂੰ ਜ਼ਮਾਨਤ ਦੇਣ ਦੇ ਹੁਕਮ ਵਿੱਚ ਵੀ ਇਹੀ ਗੱਲ ਦੁਹਰਾਈ ਸੀ। ਯਾਦ ਰਹੇ ਕਿ ਤਿੰਨਾਂ ਖਿਲਾਫ ਗੈਰ-ਜ਼ਮਾਨਤੀ ਵਾਰੰਟ ਵੀ ਜਾਰੀ ਕੀਤੇ ਗਏ ਸਨ।

ਉਸ ਮਹੀਨੇ, ਲੌਅ ਨੇ 2021 ਦੀ ਐਫਆਈਆਰ ਨੰਬਰ 96 ਵਿੱਚ ਨਾਮਜ਼ਦ ਦੋ ਹੋਰ ਵਿਅਕਤੀਆਂ, ਸੁਰਜੀਤ ਸਿੰਘ ਅਤੇ ਮੇਜਰ ਸਿੰਘ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਸੀ। ਇਨ੍ਹਾਂ ਦੋਵਾਂ ਹੁਕਮਾਂ ਵਿੱਚ ਲੌਅ ਨੇ ਕਿਹਾ ਸੀ ਕਿ ਉਸ ਨੇ ਜਾਂਚ ਅਧਿਕਾਰੀ ਨੂੰ ਪੁੱਛਿਆ ਸੀ ਕਿ ਕੀ 'ਸਿੱਖਾਂ ਅਤੇ ਨਿਹੰਗਾਂ ਵੱਲੋਂ ਲਾਠੀਆਂ ਲੈ ਕੇ ਜਾਣ ਦੀ ਮਨਾਹੀ ਹੈ, ਜਿਸ 'ਤੇ ਉਸ ਨੂੰ ਕੋਈ ਯਕੀਨ ਨਹੀਂ ਹੈ ?

ਇਸ ਤੋਂ ਇਲਾਵਾ, ਜਾਂਚ ਅਧਿਕਾਰੀ ਅਰੋੜਾ ਨੇ ਚਾਰਜਸ਼ੀਟ ਦੇ ਇੱਕ ਭਾਗ ਵਿੱਚ ਹਰੇਕ ਦੋਸ਼ੀ ਦੇ

ਖਿਲਾਫ ਸਬੂਤ ਸੂਚੀਬੱਧ ਕੀਤੇ ਸਨ। 16 ਵਿੱਚੋਂ ਪੰਜ ਦੋਸ਼ੀਆਂ ਲਈ, ਉਸਨੇ ਕਿਸੇ ਵੀ ਸਬੂਤ ਦਾ ਹਵਾਲਾ ਨਹੀਂ ਦਿੱਤਾ ਜਿਸ ਤੋਂ ਪਤਾ ਚਲਦਾ ਹੋਵੇ ਕਿ ਉਹ ਖੁਦ ਉਸ ਦਿਨ ਹਿੰਸਾ ਵਿੱਚ ਸ਼ਾਮਲ ਸੀ। ਇਹ ਪੰਜ ਮੁਲਜ਼ਮ ਆਕਾਸ਼ਪ੍ਰੀਤ, ਧਰਮਿੰਦਰ ਸਿੰਘ ਹਰਮਨ ਸਿੰਘ, ਹਰਪ੍ਰੀਤ ਸਿੰਘ ਅਤੇ ਹਰਜੀਤ ਸਿੰਘ ਸਨ।

ਹਰ ਉਪ-ਸਿਰਲੇਖ ਹੇਠ, ਅਰੋੜਾ ਨੇ ਲਿਖਿਆ ਕਿ ਦੋਸ਼ੀ ਤੋਂ ਪੁੱਛਗਿੱਛ ਕੀਤੀ ਗਈ ਅਤੇ ਉਨ੍ਹਾਂ 'ਆਪਣੇ ਜੁਰਮ ਦਾ ਇਕਬਾਲ' ਕੀਤਾ ਕਿ ਉਹ 'ਦੰਗਾਕਾਰੀ ਭੀੜ' ਵਿੱਚ ਸ਼ਾਮਲ ਹੋਇਆ ਸੀ। ਅਜਿਹੇ ਬਿਆਨ ਅਦਾਲਤ ਵਿੱਚ ਸਬੂਤ ਵਜੋਂ ਸਵੀਕਾਰ ਨਹੀਂ ਕੀਤੇ ਗਏ। ਅਰੋੜਾ ਨੇ ਫੋਟੋਆਂ, ਵੀਡੀਓ ਜਾਂ ਕਾਲ ਰਿਕਾਰਡ ਬਾਰੇ ਲਿਖਿਆ, ਜਿਸ ਨੇ ਉਸ ਦਿਨ ਲਾਲ ਕਿਲ੍ਹੇ 'ਤੇ ਆਪਣੀ ਮੌਜੂਦਗੀ ਨੂੰ ਸਾਬਤ ਕੀਤਾ। ਅਰੋੜਾ ਨੇ ਕਿਹਾ ਕਿ ਇਹ ਜਾਣਨ ਦੇ ਬਾਵਜੂਦ ਕਿ ਇਹ ਇਕੱਠ ਹਿੰਸਾ ਵਿੱਚ ਬਦਲ ਗਿਆ ਸੀ, ਇਸ ਪਿੱਛੇ ਪਾਬੰਦੀਸ਼ੁਦਾ ਜਥੇਬੰਦੀ ਦੀ ਸਾਜਿਸ਼ ਸੀ।

ਹਰਮਨ ਨੇ ਹਿੰਸਾ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਸੀ ਕਿ 'ਮੈਂ ਆਪਣਾ ਰਾਸ਼ਟਰੀ ਝੰਡਾ ਚੁੱਕ ਕੇ ਚੱਲ ਰਿਹਾ ਸੀ ਅਤੇ ਮੈਂ ਉੱਥੇ ਇੱਕ ਸੈਲਫੀ ਵੀ ਖਿੱਚੀ'। ਉਸ ਵੱਲੋਂ ਫੇਸਬੁੱਕ 'ਤੇ ਅਪਲੋਡ ਕੀਤੀ ਗਈ ਸੈਲਫੀ ਨੂੰ ਚਾਰਜਸ਼ੀਟ ਵਿਚ ਸਬੂਤ ਵਜੋਂ ਪੇਸ਼ ਕੀਤਾ ਗਿਆ ਸੀ। ਹਰਮਨ ਨੇ ਦੱਸਿਆ ਕਿ 2 ਫਰਵਰੀ ਦੀ ਰਾਤ ਨੂੰ ਸਾਦੇ ਕੱਪੜਿਆਂ ਵਿਚ ਕਰੀਬ 20 ਪੁਲਿਸ ਵਾਲੇ ਉਸ ਨੂੰ ਗ੍ਰਿਫਤਾਰ ਕਰਨ ਲਈ ਦਿੱਲੀ ਸਥਿਤ ਉਸ ਦੇ ਘਰ ਆਏ। ਪੁਲਿਸ ਨੇ ਮੈਨੂੰ ਆਪਣੇ ਨਾਲ ਜਾਣ ਲਈ ਕਿਹਾ ਅਤੇ ਜਦੋਂ ਮੈਂ ਕਾਰਨ ਪੁੱਛਿਆ ਤਾਂ ਪੁਲਿਸ ਨੇ ਮੈਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਮੇਰਾ ਫੋਨ ਖੋਹ ਲਿਆ ਤੇ ਗ੍ਰਿਫਤਾਰ ਕਰ ਲਿਆ ਗਿਆ। ਪੰਜਾਹ ਦਿਨਾਂ ਬਾਅਦ 22 ਮਾਰਚ ਨੂੰ ਉਸ ਨੂੰ ਜ਼ਮਾਨਤ ਮਿਲ ਗਈ ਸੀ।

ਪੁਲਿਸ ਨੇ ਕੁਝ ਵੀਡੀਓ ਸਿੱਖ ਨੌਜਵਾਨਾਂ ਬਾਰੇ ਰਿਕਾਰਡ ਕੀਤੇ ਸਨ ਜੋ ਉਨ੍ਹਾਂ ਨੂੰ ਪੁਲਿਸ ਅਫਸਰਾਂ 'ਤੇ ਹਮਲਾ ਕਰਦੇ ਦਿਖਾਉਂਦੇ ਹਨ। ਪੁਲਿਸ ਅਨੁਸਾਰ ਮਰਹੂਮ ਅਦਾਕਾਰ ਦੀਪ ਸਿੱਧੂ ਲੋਕਾਂ ਨੂੰ ਸਰਕਾਰੀ ਰਸਤੇ ਤੋਂ ਗੁੰਮਰਾਹ ਕਰਕੇ ਲਾਲ ਕਿਲ੍ਹੇ ਤੱਕ ਪਹੁੰਚਾਉਣ ਲਈ ਉਕਸਾਉਣ ਵਾਲੇ ਦੋਸ਼ੀਆਂ ਵਿੱਚੋਂ ਇੱਕ ਸੀ।

ਅਰੋੜਾ ਨੇ ਲਿਖਿਆ ਕਿ ਇਕ ਹੋਰ ਮੁੱਖ ਦੋਸ਼ੀ, ਇਕਬਾਲ ਸਿੰਘ, ਖਾਲਿਸਤਾਨ ਦਾ 'ਕੱਟੜ' ਸਮਰਥਕ ਸੀ। ਇਕਬਾਲ ਨੇ ਭੜਕਾਊ ਭਾਸ਼ਣ ਦਿੱਤਾ ਸੀ ਅਤੇ ਹਿਰਾਸਤ ਦੌਰਾਨ ਨਿਸ਼ਾਨ ਸਾਹਿਬ ਲਹਿਰਾਉਣ ਲਈ ਸਿੱਖ ਫਾਰ ਜਸਟਿਸ ਤੋਂ ਨਕਦ ਇਨਾਮ ਮਿਲਣ ਦੀ ਗੱਲ ਕਹੀ ਸੀ। ਚਾਰਜਸ਼ੀਟ ਵਿੱਚ 50 ਲੱਖ ਰੁਪਏ ਲੈਣ ਨੂੰ ਲੈ ਕੇ ਇਕ ਰਿਸ਼ਤੇਦਾਰ ਨਾਲ ਆਪਣੀ ਬੇਟੀ ਦੀ ਗੱਲਬਾਤ ਦੀ ਰਿਕਾਰਡਿੰਗ ਦਾ ਜ਼ਿਕਰ ਕੀਤਾ ਗਿਆ ਸੀ। ਅਰੋੜਾ ਨੇ ਅੱਗੇ ਲਿਖਿਆ ਕਿ ਇੱਕ ਹੋਰ ਦੋਸ਼ੀ ਜਬਰੰਗ ਸਿੰਘ ਨੂੰ 'ਵਿਦੇਸ਼ੀ ਫੰਡਿੰਗ' ਮਿਲ ਰਹੀ ਸੀ।

ਅਰੋੜਾ ਵੱਲੋਂ ਚਾਰਜਸ਼ੀਟ ਵਿੱਚ ਜਿਨ੍ਹਾਂ ਪਹਿਲੂਆਂ ਦਾ ਜ਼ਿਕਰ ਕੀਤਾ ਗਿਆ ਸੀ, ਉਨ੍ਹਾਂ ਦੀ ਹੋਰ ਜਾਂਚ ਕੀਤੀ ਜਾਣੀ ਸੀ। ਪਰ ਜਾਂਚ ਦੀ ਕੀ ਸਥਿਤੀ ਹੈ ਉਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਦਿੱਲੀ ਪੁਲਿਸ ਦੇ ਕਮਿਸ਼ਨਰ ਅਤੇ ਕ੍ਰਾਈਮ ਬ੍ਰਾਂਚ ਇਸ ਹਿੰਸਾ ਬਾਰੇ ਕੋਈ ਜਵਾਬ ਹਾਲੇ ਤੱਕ ਨਹੀਂ ਦੇ ਸਕੀ।

ਆਕਾਸ਼ਪ੍ਰੀਤ ਦੇ ਵਕੀਲ ਤੇਜ ਪ੍ਰਤਾਪ ਨੇ ਦੱਸਿਆ ਕਿ ਪੁਲਿਸ ਨੇ ਅਜੇ ਤੱਕ ਉਸ ਨੂੰ ਚਾਰਜਸ਼ੀਟ ਵਿੱਚ ਦਰਜ ਸੀਸੀਟੀਵੀ ਫੁਟੇਜ ਮੁਹੱਈਆ ਨਹੀਂ ਕਰਵਾਈ।

1 ਅਗਸਤ 2022 ਨੂੰ ਅਰੋੜਾ ਨੇ ਕੇਸ ਦੀ ਸੁਣਵਾਈ ਕਰ ਰਹੇ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਨੂੰ ਦੱਸਿਆ ਕਿ ਕੇਸ ਦਾ ਨਵਾਂ ਜਾਂਚ ਅਧਿਕਾਰੀ ਸਤੀਸ਼ ਰਾਣਾ ਹੈ। 7 ਨਵੰਬਰ ਨੂੰ, ਸੀਐਮਐਮ ਨੇ ਪੁਲਿਸ ਨੂੰ 18 ਜਨਵਰੀ 2023 ਤੱਕ ਜਾਂਚ ਦੀ ਸਥਿਤੀ ਰਿਪੋਰਟ ਪੇਸ਼ ਕਰਨ ਲਈ ਕਿਹਾ ਸੀ। ਪਰ ਜਾਂਚ ਅਧਿਕਾਰੀ ਉਸ ਦਿਨ ਸੁਣਵਾਈ ਤੋਂ ਗੈਰਹਾਜ਼ਰ ਰਹੇ। ਇਸ ਤੋਂ ਬਾਅਦ ਅਦਾਲਤ ਨੇ ਉਸ ਨੂੰ ਨੋਟਿਸ ਜਾਰੀ ਕਰਕੇ 4 ਮਾਰਚ 2023 ਨੂੰ ਸਟੇਟਸ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।

***

## ਪੰਜਾਬ ਦੀਆਂ 11 ਜੇਲ੍ਹਾਂ ਵਿੱਚ

ਇਹ ਮਾਮਲਾ ਤੁਰੰਤ ਜੇਲ੍ਹ ਵਿਭਾਗ ਤੇ ਗ੍ਰਹਿ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਮਾਵਾਂ ਨਾਲ ਛੋਟੇ ਬੱਚਿਆਂ ਨੂੰ ਜੇਲ੍ਹ ਵਿੱਚ ਰੱਖਣ ਦੀ ਵਿਧੀ ਵਿੱਚ ਕੋਈ ਸੋਧ ਕੀਤੀ ਜਾਵੇ। ਇਹ ਮਾਮਲਾ ਸਾਹਮਣੇ ਲਿਆਉਣ ਵਾਲੇ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਸਰਕਾਰ ਨੂੰ ਜਲਦ ਇਸ ਦੇ ਬਦਲਵੇਂ ਪ੍ਰਬੰਧ ਕਰਨੇ ਚਾਹੀਦੇ ਹਨ।

***

## ਪਤੀ-ਪਤਨੀ ਇਕੱਠੇ ਰਹਿਣ

ਹੁੰਦਾ ਹੈ। ਇਸ ਨਾਲ ਮਰਦਾਂ ਦੀ ਮਾਨਸਿਕ ਸਿਹਤ ਵਧੀਆ ਰਹਿੰਦੀ ਹੈ।

ਅਮਰੀਕਾ ਦੇ ਆਸ਼ਰ ਸੈਂਟਰ ਫਾਰ ਦ ਸਟੱਡੀ ਐਂਡ ਟਰੀਟਮੈਂਟ ਆਫ ਡਿਪਰੈਸਿਵ ਡਿਸਆਰਡਰਜ਼ ਦੇ ਡਾਕਟਰ ਸ਼ੀਹਾਨ ਡੀ ਫਿਸ਼ਰ ਦਾ ਕਹਿਣਾ ਹੈ- ਇਕੱਠੇ ਰਹਿਣ ਵਾਲੇ ਜੋੜਿਆਂ ਵਿੱਚ ਚਿੰਤਾ ਇੰਨੀ ਜ਼ਿਆਦਾ ਨਹੀਂ ਹੁੰਦੀ ਕਿ ਉਹ ਡਿਪਰੈਸ਼ਨ ਵਿੱਚ ਚਲੇ ਜਾਣ, ਪਰ ਫਿਰ ਵੀ ਜੇਕਰ ਉਹ ਡਿਪਰੈਸ਼ਨ ਵਿੱਚ ਚਲੇ ਜਾਂਦੇ ਹਨ ਤਾਂ ਇਕੱਲੇ ਰਹਿਣ ਵਾਲਿਆਂ ਦੇ ਮੁਕਾਬਲੇ ਜਲਦੀ ਠੀਕ ਹੋ ਜਾਂਦੇ ਹਨ। ਉਹ ਕਹਿੰਦੇ ਹਨ- ਜੋੜਾ ਇੱਕ ਵੱਡੀ ਸਰਜਰੀ ਤੋਂ ਬਾਅਦ ਹੋਣ ਵਾਲੇ ਦਰਦ ਤੋਂ ਵੀ ਜਲਦੀ ਠੀਕ ਹੋ ਜਾਂਦਾ ਹੈ।

ਕਈ ਹੋਰ ਖੋਜਾਂ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਜੇਕਰ ਪਤੀ-ਪਤਨੀ ਦਾ ਰਿਸ਼ਤਾ ਬਿਹਤਰ ਹੋਵੇ ਤਾਂ ਇਮਿਊਨ ਸਿਸਟਮ ਵੀ ਬਿਹਤਰ ਹੁੰਦਾ ਹੈ। ਉਹਨਾਂ ਦੀ ਪ੍ਰਤੀਰੋਧਕ ਸ਼ਕਤੀ ਵਧਦੀ ਹੈ ਅਤੇ ਉਹ ਇਕੱਲੇ ਰਹਿਣ ਵਾਲੇ ਲੋਕਾਂ ਨਾਲੋਂ ਘੱਟ ਬਿਮਾਰ ਹੁੰਦੇ ਹਨ।

ਆਸਟ੍ਰੇਲੀਆ ਦੀ ਲਾਅ ਟਰੋਬ ਯੂਨੀਵਰਸਿਟੀ ਦੇ ਜਯੋਫਰੇ ਲੇਗਾਟ ਦਾ ਕਹਿਣਾ ਹੈ- ਇਕੱਠੇ ਰਹਿਣ ਨਾਲ ਨਾ ਸਿਰਫ਼ ਸਰੀਰਕ ਜਾਂ ਮਾਨਸਿਕ ਤੌਰ 'ਤੇ ਬਦਲਾਅ ਆਉਂਦਾ ਹੈ, ਸਗੋਂ ਮਨੁੱਖੀ ਵਿਹਾਰ ਵੀ ਬਦਲਦਾ ਹੈ। ਸਮਾਜਿਕ ਤਬਦੀਲੀਆਂ ਵੀ ਹੁੰਦੀਆਂ ਹਨ। ਬੋਲਚਾਲ ਦੀ ਭਾਸ਼ਾ ਵਿੱਚ ਵੀ ਉਹ ਸ਼ਬਦ ਸ਼ਾਮਲ ਕੀਤੇ ਜਾਂਦੇ ਹਨ, ਜੋ ਸਾਥੀ ਦੁਆਰਾ ਜ਼ਿਆਦਾ ਵਰਤੇ ਜਾਂਦੇ ਹਨ।

***

## ਪੈਂਕ੍ਰਿਆਜ਼ ਦੇ ਕੈਂਸਰ ਤੋਂ ਪੀੜਤ

' ਖੋਜਕਰਤਾਵਾਂ ਨੇ ਇਹ ਸਿੱਟਾ ਨੈਸ਼ਨਲ ਪ੍ਰੋਗਰਾਮ ਆਫ ਕੈਂਸਰ ਰਜਿਸਟਰੀ ਦੇ ਡਾਟੇ ਦੀ ਸਮੀਖਿਆ ਦੇ ਆਧਾਰ 'ਤੇ ਕੱਢਿਆ ਹੈ। ਇਹ ਡਾਟਾ ਅਮਰੀਕਾ 'ਚ 2001 ਤੋਂ 2018 ਤਕ ਪੈਂਕ੍ਰਿਆਜ਼ ਦੇ ਕੈਂਸਰ ਤੋਂ ਪੀੜਤ ਪਾਏ ਗਏ ਲੋਕਾਂ 'ਤੇ ਆਧਾਰਤ ਹੈ। ਖੋਜਕਰਤਾਵਾਂ ਨੇ 55 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ 'ਚ ਇਸੇ ਉਮਰ ਵਾਲੇ ਮਰਦਾਂ ਦੇ ਮੁਕਾਬਲੇ ਇਹ ਬਿਮਾਰੀ ਕਰੀਬ ਢਾਈ ਫੀਸਦੀ ਜ਼ਿਆਦਾ ਪਾਈ ਗਈ।

***

## ਗਲੀਆਂ 'ਚ ਕ੍ਰਿਕਟ ਖੇਡਣ ਵਾਲੀ ਹਰਮਨਪ੍ਰੀਤ ਕੌਰ

ਇਸ ਤੋਂ ਇਲਾਵਾ ਰੋਇੰਗ ਮੁਕਾਬਲਿਆਂ 'ਚ ਦੇਸ਼ ਪੱਧਰ 'ਤੇ ਨਾਮਣਾ ਖੱਟਣ ਵਾਲੇ ਖਿਡਾਰੀ ਸਵਰਨ ਸਿੰਘ ਤੇ ਸੁਖਮੀਤ ਸਿੰਘ ਵੀ ਮਾਲਵੇ ਦੇ ਜ਼ਿਲ੍ਹਾ ਮਾਨਸਾ ਨਾਲ ਸੰਬੰਧਤ ਹਨ। ਭਾਰਤੀ ਫੌਜ 'ਚ ਸੇਵਾਵਾਂ ਨਿਭਾਅ ਸਵਰਨ ਸਿੰਘ ਤੇ ਸੁਖਮੀਤ ਸਿੰਘ ਦੀ ਮਿਹਨਤ ਬਹੁਤ ਸਖਤ ਹੈ। ਸਵਰਨ ਸਿੰਘ ਪਿੰਡ ਦਲੇਲਵਾਲਾ ਦਾ ਤੇ ਸੁਖਮੀਤ ਸਿੰਘ ਪਿੰਡ ਕਿਸ਼ਨਗੜ੍ਹ ਫਰਵਾਹੀ ਦਾ ਜੰਮਪਲ ਹੈ। ਇਹ ਸਿਰਫ ਕੁੱਝ ਖਿਡਾਰੀਆਂ ਦੀਆਂ ਉਦਾਹਰਨਾਂ ਹਨ ਇਨ੍ਹਾਂ ਤੋਂ ਇਲਾਵਾ ਮਾਲਵਾ ਪੱਟੀ ਦੇ ਹੋਰ ਵੀ ਅਨੇਕਾਂ ਖਿਡਾਰੀ ਕੌਮਾਂਤਰੀ ਪੱਧਰ 'ਤੇ ਮੱਲਾਂ ਮਾਰ ਰਹੇ ਹਨ।

***

## ਸੀ.ਬੀ.ਆਈ. ਅਦਾਲਤ ਵੱਲੋਂ ਸੇਵਾਮੁਕਤ ਏ. ਆਈ. ਜੀ.

ਦੂਜੇ ਮਾਮਲੇ ਵਿੱਚ 1992 ਦੌਰਾਨ ਸਾਬਕਾ ਐਸ. ਪੀ. ਜਗਦੀਪ ਸਿੰਘ ਅਤੇ ਮੌਜੂਦਾ ਏ. ਆਈ. ਜੀ. ਰਾਜ ਕੁਮਾਰ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਇਕ ਮੁਲਾਜ਼ਮ ਅਰੂੜ ਸਿੰਘ ਮਾਨੋਚਾਹਲ ਸਮੇਤ ਚਾਰ ਨੌਜਵਾਨਾਂ ਨੂੰ ਨਾਜਾਇਜ਼ ਹਿਰਾਸਤ ਵਿਚ ਰੱਖਣ ਤੋਂ ਬਾਅਦ ਉਨ੍ਹਾਂ ਦਾ ਝੂਠਾ ਪੁਲਿਸ ਮੁਕਾਬਲਾ ਦਿਖਾ ਕੇ ਮਾਰ ਦਿੱਤਾ ਸੀ । ਇਸ ਮਾਮਲੇ 'ਚ ਸੀ.ਬੀ.ਆਈ. ਅਦਾਲਤ ਵਿੱਚ ਚੱਲ ਰਹੇ ਕੇਸ ਵਿੱਚ ਵੀ ਗੈਰਹਾਜ਼ਰ ਹੋਣ 'ਤੇ ਸਾਬਕਾ ਏ.ਆਈ.ਜੀ. ਜਗਦੀਪ ਸਿੰਘ ਦੇ ਅਦਾਲਤ ਵਲੋਂ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਸਨ। ਜਸਬੀਰ ਕੌਰ ਵਾਸੀ ਮਾਨੋਚਾਹਲ ਨੇ ਅਦਾਲਤ ਵਿੱਚ ਚੱਲ ਰਹੇ ਕੇਸ ਸਬੰਧੀ ਕਿਹਾ ਕਿ ਉਸ ਦੇ ਪਤੀ ਅਰੂੜ ਸਿੰਘ ਨੂੰ 28 ਦਸੰਬਰ 1992 ਨੂੰ ਝੂਠਾ ਪੁਲਿਸ ਮੁਕਾਬਲਾ ਦਿਖਾ ਕੇ ਤਿੰਨ ਹੋਰ ਨੌਜਵਾਨਾਂ ਸਮੇਤ ਮਾਰਨ ਦੇ ਮਾਮਲੇ ਸੀ.ਬੀ.ਆਈ. ਵਲੋਂ ਜਗਦੀਪ ਸਿੰਘ ਸਮੇਤ ਹੋਰਨਾਂ ਪੁਲਿਸ ਕਰਮਚਾਰੀਆਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਸੀ। ਸੀ. ਬੀ. ਆਈ. ਦੀ ਚਾਰਜਸ਼ੀਟ ਮੁਤਾਬਕ ਅਰੂੜ ਸਿੰਘ ਮਾਨੋਚਾਹਲ ਦਾ ਟਰੈਕਟਰ ਖਾੜਕੂਆਂ ਵਲੋਂ ਖੋਹ ਲਿਆ ਗਿਆ ਸੀ ਅਤੇ ਉਸ ਸਮੇਂ ਦੀ ਮਾਨੋਚਾਹਲ ਥਾਣੇ ਦੀ ਪੁਲਿਸ ਵਲੋਂ ਅਰੂੜ ਸਿੰਘ ਮਾਨੋਚਾਹਲ ਨੂੰ ਸੁਨੇਹਾ ਭੇਜਿਆ ਗਿਆ ਸੀ ਕਿ ਉਸ ਦਾ ਟਰੈਕਟਰ ਮਿਲ ਗਿਆ ਹੈ ਅਤੇ ਉਹ ਆਪਣੇ ਟਰੈਕਟਰ ਦੀ ਪਛਾਣ ਲਈ ਥਾਣੇ ਪਹੁੰਚੇ। ਅਰੂੜ ਸਿੰਘ ਮਾਨੋਚਾਹਲ ਜਿਵੇਂ ਹੀ ਪੁਲਿਸ ਥਾਣੇ ਪਹੁੰਚਿਆ ਤਾਂ ਉਸ ਨੂੰ ਕਈ ਦਿਨ ਨਾਜਾਇਜ਼ ਹਿਰਾਸਤ ਵਿੱਚ ਰੱਖਣ ਤੋਂ ਬਾਅਦ ਉਸ ਦਾ ਝੂਠਾ ਪੁਲਿਸ ਮੁਕਾਬਲਾ ਦਿਖਾ ਕੇ ਉਸ ਨੂੰ ਮਾਰ ਦੇਣ ਦਾ ਦਾਅਵਾ ਕੀਤਾ ਗਿਆ। ਇਸ ਮਾਮਲੇ ਵਿੱਚ ਸੀ. ਬੀ. ਆਈ. ਵਲੋਂ ਜਗਦੀਪ ਸਿੰਘ, ਉਸ ਸਮੇਂ ਦੇ ਥਾਣਾ ਮੁਖੀ ਰਾਜ ਕੁਮਾਰ ਅਤੇ ਹੋਰਨਾਂ ਪੁਲਿਸ ਵਾਲਿਆਂ ਨੂੰ ਨਾਮਜ਼ਦ ਕੀਤਾ ਗਿਆ ਸੀ।

***

## ਨੀਂਦ ਨਾ ਆਉਣ ਕਾਰਨ ਲੋਕ ਰਾਤ

ਆਉਣ ਦੇ ਲੱਛਣ ਸਨ। ਉਹ ਕੁਝ ਦੇਰ ਸੌਂਦੇ ਸਨ, ਨੀਂਦ ਪੂਰੀ ਨਹੀਂ ਹੁੰਦੀ ਸੀ। ਕਈਆਂ ਨੂੰ ਕਦੇ ਡੂੰਘੀ ਨੀਂਦ ਨਹੀਂ ਆਈ ਸੀ। ਕੁਝ ਹੈਡ ਸਿੰਡਰੋਮ ਤੋਂ ਪੀੜਤ ਸਨ, ਉਨ੍ਹਾਂ ਨੂੰ ਅਚਾਨਕ ਆਵਾਜ਼ਾਂ ਸੁਣਾਈ ਦਿੰਦੀਆਂ ਸਨ। ਇਸ ਨਾਲ ਅੱਖਾਂ ਵਾਰ-ਵਾਰ ਖੁੱਲ੍ਹਦੀਆਂ ਸਨ। ਰਊਫ਼ ਕਹਿੰਦੇ ਹਨ- ਅਸੀਂ ਦੇਖਿਆ ਕਿ ਨੀਂਦ ਜਿੰਨੀ ਖ਼ਰਾਬ ਹੁੰਦੀ ਹੈ, ਉਨ੍ਹਾਂ ਦਾ ਪਰਲੌਕਿਕ ਤੇ ਮਿਥਕ ਚੀਜ਼ਾਂ 'ਤੇ ਵਿਸ਼ਵਾਸ ਓਨਾ ਹੀ ਜ਼ਿਆਦਾ ਸੀ। ਨੀਂਦ ਨਾ ਆਉਣ ਕਾਰਨ ਪੈਦਾ ਹੋਏ ਇਸ ਭੰਬਲਭੂਸੇ ਨੇ ਅਮਰੀਕਾ ਵਰਗੇ ਵਿਕਸਤ ਦੇਸ਼ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ ਹੈ। 46% ਤੋਂ ਵੱਧ ਅਮਰੀਕੀ ਭੂਤਾਂ ਵਿੱਚ ਵਿਸ਼ਵਾਸ ਕਰਦੇ ਹਨ। ਸਾਲ-ਦਰ-ਸਾਲ ਅਮਰੀਕਾ ਵਿੱਚ ਵੀ ਅਜਿਹੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ।

ਅਮਰੀਕੀ ਯੂਨੀਵਰਸਿਟੀ, ਵਾਸ਼ਿੰਗਟਨ ਦੇ ਪ੍ਰੋਫੈਸਰ ਬੋਰਿਸ ਗੇਰਸਮੈਨ ਕਹਿੰਦੇ ਹਨ- ਮਰਦ ਔਰਤਾਂ ਨਾਲੋਂ ਜ਼ਿਆਦਾ ਅੰਧਵਿਸ਼ਵਾਸੀ ਹੁੰਦੇ ਹਨ। 95 ਦੇਸ਼ਾਂ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਦੁਨੀਆ ਦੇ 40% ਲੋਕ ਅਜੇ ਵੀ ਭੂਤਾਂ-ਪ੍ਰੇਤਾਂ ਵਿੱਚ ਵਿਸ਼ਵਾਸ ਰੱਖਦੇ ਹਨ। ਉਹ ਮੰਨਦੇ ਹਨ ਕਿ ਭੂਤ ਵੀ ਸੰਸਾਰ ਵਿੱਚ ਮੌਜੂਦ ਹਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਸਿੱਖ ਇਤਿਹਾਸ ਵਿੱਚ ਭੱਟਾਂ ਦਾ ਯੋਗਦਾਨ

ਇਹ ਵਹੀਆਂ ਭਟਾਂ ਦੀ ਬਹੁਮੁੱਲੀ ਜਾਇਦਾਦ ਹਨ। ਇਨ੍ਹਾਂ ਵਿੱਚ ਭਟਾਂ ਦੀਆਂ ਕਈ ਪੀੜ੍ਹੀਆਂ ਨੇ ਆਪਣੇ ਜਜਮਾਨਾਂ ਦੀਆਂ ਪੀੜ੍ਹੀਆਂ ਦਾ ਵੇਰਵਾ ਕਲਮਬੱਧ ਕੀਤਾ ਹੋਇਆ ਹੈ। ਲੁੱਟਾਂ-ਖੋਹਾਂ ਜਾਂ ਕਿਸੇ ਕਿਸਮ ਦੇ ਦੰਗੇ-ਫ਼ਸਾਦਾਂ ਸਮੇਂ ਭਟ ਆਪਣਾ ਹੋਰ ਸਭ ਕੁਝ ਗਵਾ ਕੇ ਵੀ ਵਹੀਆਂ ਬਚਾਉਣ ਦੇ ਯਤਨ ਕਰਦੇ ਰਹੇ ਹਨ। ਕੁਝ ਭਟ ਵਹੀਆਂ ਇਕ ਹਜ਼ਾਰ ਸਾਲ ਤੱਕ ਪੁਰਾਣੀਆਂ ਵੀ ਦੱਸੀਆਂ ਜਾਂਦੀਆਂ ਹਨ। ਭਟ ਵਹੀਆਂ ਸਿਰਫ਼ ਸਮਕਾਲੀ ਲਿਖਤਾਂ ਹੀ ਨਹੀਂ, ਸਗੋਂ ਨਾਲ ਹੀ ਇਹ ਨਿਕਟਵਰਤੀ ਵਿਅਕਤੀਆਂ (ਭਟਾਂ) ਦੀ ਨਿੱਜੀ ਜਾਣਕਾਰੀ ਉਤੇ ਆਧਾਰਿਤ ਅਤੇ ਉਨ੍ਹਾਂ ਦੁਆਰਾ ਹਥੀਂ ਲਿਖੀਆਂ ਵਿਸ਼ਵਾਸਯੋਗ ਗਵਾਹੀਆਂ ਹਨ। ਭਟ, ਭਾਵੇਂ ਆਪਣੇ ਜਜ਼ਮਾਨਾਂ ਦੀ ਉਸਤਤ ਕਰਦੇ ਸਮੇਂ ਕੁਝ ਅਤਿਕਥਨੀ ਵੀ ਕਰ ਜਾਂਦੇ ਹੋਣ, ਪਰ ਉਨ੍ਹਾਂ ਦੁਆਰਾ ਨਾਵਾਂ-ਥਾਵਾਂ ਦੇ ਵੇਰਵੇ ਬਿਲਕੁਲ ਠੀਕ ਹਨ।

ਅਠਾਰ੍ਹਵੀਂ ਸਦੀ ਦੇ ਅੰਤਲੇ ਦਹਾਕੇ ਦੌਰਾਨ ਭਾਈ ਛਜੂ ਸਿੰਘ ਭਟ ਨੇ ਗੁਰੂ ਸਾਹਿਬਾਨ ਬਾਰੇ ਮਿਲਦੀਆਂ ਸਾਖੀਆਂ ਦਾ ਗੁਰਮੁਖੀ ਵਿੱਚ ਲਿਪੀਅੰਤਰ ਕੀਤਾ। ਕੁਝ ਸਮੇਂ ਬਾਅਦ ਗਿਆਨੀ ਗਰਜਾ ਸਿੰਘ ਨੇ ਇਸ ਦੇ ਉਤਾਰੇ ਦੀ ਨਕਲ ਕਰਕੇ ਇਸ ਅਮੋਲਕ ਖਜ਼ਾਨੇ ਨੂੰ ਸਿੱਖ ਪੰਥ ਦੀ ਝੋਲੀ ਪਾਇਆ। ਲੇਖ ਦੀ ਸੀਮਾ ਨੂੰ ਮੁੱਖ ਰੱਖਦੇ ਹੋਏ ਸਿਰਫ਼ ਐਨਾ ਹੀ ਕਹਿਣਾ ਉੱਚਿਤ ਹੋਵੇਗਾ ਕਿ ਭਟ ਲੋਕ ਸਿੱਖ ਇਤਿਹਾਸ ਦੇ ਅਣਛੋਹੇ ਵਰਕੇ ਸਾਂਭੀ ਬੈਠੇ ਹਨ। ਇਨ੍ਹਾਂ ਭਟਾਂ ਅਤੇ ਉਨ੍ਹਾਂ ਦੀਆਂ ਵਹੀਆਂ ਨੂੰ ਅਣਗੌਲੇ ਕਰਕੇ ਇਨ੍ਹਾਂ ਤੋਂ ਲੋੜੀਂਦਾ ਲਾਭ ਨਹੀਂ ਲਿਆ ਗਿਆ। ਰੰਞ ਦੀ ਗੱਲ ਇਹ ਵੀ ਹੈ ਕਿ ਨਵੀਂ ਪੀੜ੍ਹੀ ਵਿੱਚੋਂ ਕੋਈ ਵਿਅਕਤੀ ਭਟ ਵਹੀਆਂ ਦੀ ਲਿਪੀ ਸਿੱਖਣ ਵਾਲੇ ਪਾਸੇ ਵੀ ਨਹੀਂ ਤੁਰ ਰਿਹਾ।

***

## ਕੈਨੇਡਾ ਵਿੱਚ ਪੰਜਾਬੀਆਂ ਤੇ ਸਿੱਖ ਪੰਥ

ਰਹਿ ਰਹੇ ਹਨ, ਜਿਨ੍ਹਾਂ ਨੇ ਪੀੜ੍ਹੀ ਦਰ ਪੀੜ੍ਹੀ ਸੱਭਿਆਚਾਰਕ ਸੰਭਾਲ ਦੀ ਸਪੱਸ਼ਟ ਇੱਕ ਮਿਸਾਲ ਪੇਸ਼ ਕੀਤੀ। ਹਰ ਸਾਲ ਸਿੱਖਾਂ ਵਲੋਂ ਵਿਸਾਖੀ, ਖਾਲਸਾ ਦਿਵਸ ’ਤੇ ਵੈਨਕੂਵਰ ਅਤੇ ਟੋਰਾਂਟੋ ਵਿੱਚ ਨਗਰ ਕੀਰਤਨ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਲੱਖਾਂ ਸੰਗਤਾਂ ਸ਼ਾਮਿਲ ਹੋ ਕੇ ਕੈਨੇਡਾ ਦੀ ਧਰਤੀ ’ਤੇ ਵੀ ਖ਼ਾਲਸੇ ਦੀ ਹੋਂਦ ਦਾ ਸਬੂਤ ਪੇਸ਼ ਕਰਦੀਆਂ ਹਨ ਤੇ ਕੈਨੇਡਾ ਦੀਆਂ ਸੜਕਾਂ, ਗਲੀਆਂ ਨੂੰ ਖ਼ਾਲਸੇ ਦੇ ਕੇਸਰੀ ਰੰਗ ’ਚ ਰੰਗਦੀਆਂ ਹਨ। ਇਹ ਵੀ ਸੱਚ ਹੈ ਕਿ ਅਮਨ ਅਮਾਨ ਵਾਲੇ ਕੈਨੇਡਾ ਵਰਗੇ ਦੇਸ਼ ਵਿੱਚ ਵੀ ਭਾਰਤੀਆਂ ਨੂੰ ਕਈ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਉਨ੍ਹਾਂ ਦੇ ਰਵੱਈਏ ਕਾਰਨ ਹੈ, ਜੋ ਕਿ ਭਾਰਤੀਆਂ ਨੂੰ ਬਦਲਣ ਦੀ ਲੋੜ ਹੈ। ਭਾਰਤੀਆਂ ਨੂੰ ਕੈਨੇਡਾ ਦੀ ਵਿਵਸਥਾ ਤੇ ਉਥੋਂ ਦੇ ਸਮਾਜ ਮੁਤਾਬਿਕ ਜੀਵਨ ਸ਼ੈਲੀ ਦੇ ਆਪਣੇ ਆਪ ਨੂੰ ਅਨੁਕੂਲ ਬਣਾਉਣ ਦੀ ਲੋੜ ਹੈ।

***

## ਰਾਜਪਾਲ ਬਨਾਮ ਮੁੱਖ ਮੰਤਰੀ ਪੰਜਾਬ ਵਿਚਾਲੇ ਛਿੜਿਆ ਵਿਵਾਦ

ਸੂਬੇ ਦਾ ਮੁਖੀ ਹੈ ਅਤੇ ਉਹ ਹੀ ਸਰਕਾਰ ਨੂੰ ਸਹੁੰ ਚੁਕਵਾਉਂਦਾ ਹੈ ਅਤੇ ਸੰਵਿਧਾਨ ਅਨੁਸਾਰ ਸਰਕਾਰ ਦੀ ਬਰਤਰਫ਼ੀ ਦੀ ਸਿਫ਼ਾਰਿਸ਼ ਦਾ ਅਧਿਕਾਰ ਵੀ ਰੱਖਦਾ ਹੈ ਅਤੇ ਧਾਰਾ 167 ਜਿਸ ਦਾ ਰਾਜਪਾਲ ਨੇ ਆਪਣੇ ਪੱਤਰ ਵਿੱਚ ਵੀ ਜ਼ਿਕਰ ਕੀਤਾ ਹੈ, ਜਿਸ ਅਨੁਸਾਰ ਸੂਬਾ ਸਰਕਾਰ ਤੋਂ ਕਿਸੇ ਵੀ ਮਾਮਲੇ ਵਿੱਚ ਜਾਣਕਾਰੀ ਹਾਸਿਲ ਕਰ ਸਕਦਾ ਹੈ, ਪਰ ਬੇਲੋੜੀ ਦਖਲਅੰਦਾਜ਼ੀ ਨਹੀਂ ਦੇ ਸਕਦਾ। ਮੁੱਖ ਮੰਤਰੀ ਵਲੋਂ ਰਾਜਪਾਲ ਦੇ ਪੱਤਰ ਸਬੰਧੀ ਆਪਣਾ ਪ੍ਰਤੀਕਰਮ ਇੰਨੀ ਕਾਹਲੀ ਵਿੱਚ ਦੇਣ ਦੀ ਥਾਂ ਕਾਨੂੰਨੀ ਮਾਹਿਰਾਂ ਤੇ ਪੰਜਾਬ ਵਿੱਚ ਵਿਰੋਧੀ ਪਾਰਟੀਆਂ ਨਾਲ ਸਲਾਹ ਕਰਨੀ ਚਾਹੀਦੀ ਸੀ। ਆਉਂਦੇ ਦਿਨਾਂ ਦੌਰਾਨ ਰਾਜਪਾਲ ਆਪਣੀ ਰਿਪੋਰਟ ਕੇਂਦਰ ਸਰਕਾਰ ਨੂੰ ਭੇਜ ਦੇਣਗੇ, ਇਹ ਵੇਖਣ ਵਾਲੀ ਗੱਲ ਹੋਵੇਗੀ।ਪ੍ਰੰਤੂ ਕੇਂਦਰ ਸਰਕਾਰ ਵੀ ਰਾਜਪਾਲ ਦੀ ਰਿਪੋਰਟ ’ਤੇ ਅੱਗੋਂ ਕੀ ਕਾਰਵਾਈ ਕਰਦੀ ਹੈ ਕਿਉਂਕਿ ਇਹ ਰਾਜਪਾਲਾਂ ਦੇ ਅਧਿਕਾਰਾਂ ਅਤੇ ਵੱਕਾਰ ਦਾ ਮਾਮਲਾ ਹੈ, ਜੋ ਕੇਂਦਰ ਲਈ ਵੀ ਚਿੰਤਾ ਦਾ ਮਾਮਲਾ ਬਣ ਸਕਦਾ ਹੈ। ਇਸ ਕਾਰਨ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾ ਸਕਦਾ ਹੈ। ਰਾਸ਼ਟਰਪਤੀ ਰਾਜ ਪੰਜਾਬ ਦੇ ਹਿੱਤ ਵਿੱਚ ਨਹੀਂ ਹੋਵੇਗਾ, ਕਿਉਂਕਿ ਪੰਜਾਬ ਹੀ ਦੇਸ਼ ਦਾ ਅਜਿਹਾ ਸੂਬਾ ਹੈ ਜਿੱਥੇ 10 ਸਾਲ ਰਾਸ਼ਟਰਪਤੀ ਰਾਜ ਲਾਗੂ ਰਿਹਾ ਹੈ। ਇਸ ਕਾਰਨ ਪੰਜਾਬ ਨੂੰ ਦੁਬਾਰਾ ਸੰਤਾਪ ਭੋਗਣਾ ਪੈ ਸਕਦਾ ਹੈ। ਇਹ ਗੱਲ ਸੱਚ ਹੈ ਕਿ ਸੂਬਾ ਸਰਕਾਰ ਵਿੱਚ ਪੰਜਾਬ ਹਿੱਤਾਂ ਪ੍ਰਤੀ ਪ੍ਰੋੜਤਾ ਦੀ ਹੀ ਘਾਟ ਦਿਖਾਈ ਦਿੰਦੀ ਹੈ। ਜੇਕਰ ਕੇਂਦਰ ਸਰਕਾਰ ਪੰਜਾਬ ਸਰਕਾਰ ਬਾਰੇ ਸਖਤ ਫੈਸਲਾ ਲੈਂਦੀ ਹੈ ਤਾਂ ਪੰਜਾਬ ਸਰਕਾਰ ਦੇ ਹੱਕ ’ਚ ਲੋਕ ਮੁਹਿੰਮ ਖੜ੍ਹੀ ਹੋਣ ਦੀ ਸੰਭਾਵਨਾ ਘੱਟ ਹੈ, ਕਿਉਂਕਿ ਪੰਜਾਬੀ ਵੀ ਇਸ ਸਰਕਾਰ ਤੋਂ ਸੰਤੁਸ਼ਟ ਨਹੀਂ ਹਨ।

***

## ਆਨਲਾਈਨ ਝੂਠ ਤੇਜ਼ੀ

ਉਹੀ ਸਭ ਤੋਂ ਵੱਧ ਲੋਕਾਂ ਤੱਕ ਰੀ-ਟਵੀਟ ਹੋ ਕੇ ਪਹੁੰਚੇ।

ਸਪਸ਼ਟ ਹੋ ਗਿਆ ਕਿ ਸੱਚੀਆਂ ਘਟਨਾਵਾਂ ਜਾਂ ਖ਼ਬਰਾਂ ਇਹ ਅੱਠ ਹਾਵ-ਭਾਵ ਉਜਾਗਰ ਨਹੀਂ ਕਰ ਸਕਦੀਆਂ ਤੇ ਇਸੇ ਲਈ ਜ਼ਿਆਦਾ ਦੇਰ ਜ਼ਹਿਨ ਵਿੱਚ ਨਹੀਂ ਟਿਕਦੀਆਂ।

ਇੰਝ ਹੀ ਕਿਸੇ ਦੀ ਸਿਫ਼ਤ-ਸਲਾਹ ਸੁਣ ਕੇ ਅਚੇਤ ਮਨ ਕਿਤੇ ਨਾ ਕਿਤੇ ਆਹਤ ਹੋ ਜਾਂਦਾ ਹੈ ਤੇ ਸ਼ਾਂਤ ਹੋਣ ਲਈ ਕਿਸੇ ਨਿਖੇਧੀ ਜਾਂ ਢਾਅ ਲਾਉਣ ਵਾਲੀ ਗੱਲ ਲੱਭਣ ਵੱਲ ਲੱਗ ਜਾਂਦਾ ਹੈ। ਜਿਉਂ ਹੀ ਕੋਈ ਨੁਕਤਾ ਲੱਭੇ ਤਾਂ ਉਸ ਵਿੱਚ ਮਿਰਚ-ਮਸਾਲਾ ਲਾ ਕੇ ਮਨ ਅੰਦਰਲਾ ਗ਼ੁਬਾਰ ਕੱਢ ਕੇ ਦੂਜੇ ਨੂੰ ਦਾਗ਼ੀ ਸਾਬਤ ਕਰ ਦਿੱਤਾ ਜਾਂਦਾ ਹੈ, ਫਿਰ ‘ਰੀ-ਟਵੀਟ’ ਜਾਂ ‘ਸ਼ੇਅਰ’ ਦਾ ਚੱਕਰਵਿਊ ਸ਼ੁਰੂ। ਮੈਸਾਚਿਊਸਟ ਇੰਸਟੀਚਿਊਟ ਔਫ ਟੈਕਨੌਲੋਜੀ ਤੇ ਵੈਲਸਲੇ ਕਾਲਜ ਨੇ ਰਲ ਕੇ ਅੰਗਰੇਜ਼ੀ ਵਿੱਚ ਕੀਤੇ 30 ਲੱਖ ਟਵੀਟਾਂ ਉਤੇ ਖੋਜ ਕੀਤੀ ਜੋ ਸੰਨ 2016 ਤੋਂ 2018 ਤੱਕ ਚੱਲੀ ਸੀ। ਉਨ੍ਹਾਂ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਇੱਕ ਫੀਸਦੀ ਸੱਚ ਨਾਲ 99 ਫੀਸਦੀ ਝੂਠ ਰਲਾ ਕੇ ਜ਼ਿਆਦਾ ਲੋਕਾਂ ਤੱਕ ਪਹੁੰਚ ਕਰਦਾ ਹੈ ਤੇ ਉਨ੍ਹਾਂ ਦੇ ਸੋਚਣ ਸਮਝਣ ਦੇ ਸੈਂਟਰ ਨੂੰ ਆਪਣੇ ਕਾਬੂ ਵਿੱਚ ਕਰ ਕੇ ਲੋਕ ਰਾਇ ਤਬਦੀਲ ਕਰਨ ਵਿੱਚ ਮਦਦ ਕਰਦਾ ਹੈ।

ਹੁਣ ਆਪਾਂ ਸਾਰੇ ਵੇਖ ਰਹੇ ਹਾਂ ਕਿ ਚੁਫ਼ੇਰੇ ਕੂੜ ਹੀ ਕੂੜ ਦਾ ਪਸਾਰਾ ਹੈ। ਇਸ ਵਿੱਚ ਸੱਚ ਪਿਸ ਕੇ ਰਹਿ ਚੁੱਕਿਆ ਹੈ। ਝੂਠ ਦੀਆਂ ਡੂੰਘੀਆਂ ਜੜ੍ਹਾਂ ਸਮਾਜ ਨੂੰ ਖੋਖਲਾ ਕਰ ਚੁਕੀਆਂ ਹਨ। ਨਿੱਕੀ ਤੋਂ ਨਿੱਕੀ ਗੱਲ ਦਾ ਆਧਾਰ ਵੀ ਝੂਠ ਉਤੇ ਟਿਕਿਆ ਹੈ ਤੇ ਝੂਠ ਹੁਣ ਸੱਚ ਨੂੰ ਚੁੱਭਣ ਵੀ ਲੱਗ ਚੁੱਕਿਆ ਹੈ।

ਸਿਰਫ਼ ਇੱਕੋ ਗੱਲ ਦਾ ਇੰਤਜ਼ਾਰ ਹੈ :-

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥

(ਸ੍ਰੀ ਗੁਰੂ ਨਾਨਕ ਦੇਵ ਜੀ-ਅੰਗ 953)

***

## ਜੈਤੋ ਦਾ ਜੇਤੂ ਮੋਰਚਾ

ਅਸੈਂਬਲੀ ਵਿਚ ਅਕਾਲੀ ਜਥਿਆਂ ਦਾ ਸਵਾਲ ਪੇਸ਼ ਕੀਤਾ ਅਤੇ ਜੈਤੋ ਦਾ ਦੌਰਾ ਵੀ ਕੀਤਾ। ਅਕਾਲੀ ਸੰਗਰਾਮ ਦੇ ਹਰ ਪੜਾਅ ਤੇ ਪੰਡਤ ਮਾਲਵੀਆ ਨੇ ਸਾਥ ਦਿੱਤਾ ਸੀ।

ਗ੍ਰਿਫ਼ਤਾਰੀਆਂ ਦਾ ਸਿਲਸਿਲਾ ਨਾ ਮੁੱਕਦਾ ਦੇਖ ਕੇ ਸਿੱਖਾਂ ਦੀ ਧਾਰਮਿਕ ਅਤੇ ਰਾਜਨੀਤੀ ਵਿਚ ਦਖ਼ਲ ਦੇਣ ਨੇ ਅੰਗਰੇਜ਼ੀ ਹਕੂਮਤ ਨੂੰ ਬੜੀ ਮੁਸ਼ਕਲ ਵਿਚ ਪਾ ਦਿੱਤਾ। ਇਸ ਲੰਬੇ ਹੁੰਦੇ ਜਾਂਦੇ ਮੋਰਚੇ ਦੇ ਸੰਘਰਸ਼ ਅੱਗੇ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ। ਇਸ ਵੇਲੇ ਗੁਰਦੁਆਰਾ ਕਾਨੂੰਨ 8, 1925 ਪਾਸ ਹੋ ਗਿਆ। ਜੁਲਾਈ 27, 1925 ਨੂੰ ਜੈਤੋ ਦੇ ਮੋਰਚੇ ਦੇ ਸਾਰੇ ਕੈਦੀ ਰਿਹਾਅ ਕਰ ਦਿੱਤੇ ਗਏ ਖੰਡਨ ਪਾਠ ਜਾਰੀ ਹੋਏ। ਸਿੰਘਾਂ ਦੇ ਸਹਿਜ ਸ਼ਾਂਤਮਈ ਹੌਂਸਲੇ ਦੀ ਸੰਸਾਰ ਭਰ ਵਿਚ ਸ਼ਲਾਘਾ ਹੋਈ। ਹਰ ਪਾਸੇ ਅੰਗਰੇਜ਼ ਹਕੂਮਤ ਦੇ ਜ਼ੁਲਮ, ਤਸ਼ੱਦਦ ਦੀ ਨਿਖੇਧੀ ਹੋਈ। ਸਰਕਾਰੀ ਰਿਪੋਰਟ ਵਿਚ 10000 ਸਿੰਘਾਂ ਦੀ ਗ੍ਰਿਫ਼ਤਾਰੀ ਹੋਈ ਅਤੇ ਇਕ ਲੱਖ ਰੁਪਏ ਦੀ ਰਕਮ ਦਾ ਜੁਰਮਾਨਾ ਸਿੰਘਾਂ ਵਲੋਂ ਭਰਿਆ ਗਿਆ। ਦੇਸ਼ ਵਿਦੇਸ਼ ਵਿਚ ‘ਜੈਤੋ ਦੇ ਮੋਰਚੇ’ ਦੀ ਭਰਪੂਰ ਹਮਾਇਤ ਹੋਈ।

***

## ਪੰਜਾਬ ਦੀ ਮਸ਼ਹੂਰ ਗਾਇਕਾ ਤੇ ਅਦਾਕਾਰਾ

ਉੱਘੇ ਫਿਲਮਸਾਜ਼ ਤੇ ਹਿਦਾਇਤਕਾਰ ਬੀ. ਆਰ. ਚੋਪੜਾ ਉਰਫ਼ ਬਲਦੇਵ ਰਾਜ ਚੋਪੜਾ ਨੇ ਆਪਣੇ ਫਿਲਮਸਾਜ਼ ਅਦਾਰੇ ਬੀ. ਆਰ. ਫਿਲਮਜ਼, ਬੰਬੇ ਦੀ ਫਿਲਮ ‘ਨਿਕਾਹ’ (1982) ਵਿੱਚ ਨਵੀਂ ਅਦਾਕਾਰਾ ਤੇ ਗਾਇਕਾ ਵਜੋਂ ਪੇਸ਼ ਕਰਵਾਇਆ ਸੀ। ਇਸ ਫਿਲਮ ਵਿੱਚ ਉਸ ਦਾ ਗਾਇਆ ਗੀਤ ‘ਦਿਲ ਕੇ ਅਰਮਾ ਆਂਸੂਓਂ ਮੇਂ ਬਹਿ ਗਏ’ ਬੜਾ ਮਕਬੂਲ ਹੋਇਆ ਸੀ। ਬਾਅਦ ਵਿੱਚ ਇਸੇ ਸਲਮਾ ਆਗਾ ਨੇ ਕਈ ਹਿੰਦੀ ਫਿਲਮਾਂ ਵਿੱਚ ਅਦਾਕਾਰੀ ਕੀਤੀ ਤੇ ਗੀਤ ਗਾਏ। ਉਸ ਨੇ ਕਈ ਪੰਜਾਬੀ ਫਿਲਮਾਂ ਵਿੱਚ ਵੀ ਗੀਤ ਗਾਏ ਜੋ ਬਹੁਤ ਮਸ਼ਹੂਰ ਹੋਏ ਅਤੇ ਉਸ ਦੇ ਗਾਏ ਗੀਤਾਂ ਦੇ ਕਈ ਕਈ ਗ਼ੈਰ-ਫਿਲਮੀ ਪੰਜਾਬੀ, ਹਿੰਦੀ, ਉਰਦੂ ਗ੍ਰਾਮੋਫੋਨ ਰਿਕਾਰਡ ਤੇ ਆਡੀਓ ਕੈਸੇਟ ਵੀ ਜਾਰੀ ਹੋਏ।

ਅੱਜ ਕੱਲ੍ਹ ਸਲਮਾ ਆਗਾ ਦੀ ਧੀ ਸ਼ਾਸ਼ਾ ਆਗਾ ਬੌਲੀਵੁੱਡ ਫਿਲਮਾਂ ਰਾਹੀਂ ਆਪਣੀ ਪਰਿਵਾਰਕ ਵਿਰਾਸਤ ਨੂੰ ਅੱਗੇ ਵਧਾ ਰਹੀ ਹੈ।

***

## ਕੈਨੇਡਾ ’ਚ ਪੰਜਾਬੀ ਬੋਲੀ ਦੇ ਵਿਕਾਸ...

ਮਾਨਤਾ ਦਿੰਦੇ ਹਨ। ਇਨ੍ਹਾਂ ਦੇ ਮੁਕਾਬਲਤਨ ਯੂ.ਪੀ., ਬਿਹਾਰ, ਮੱਧ ਪ੍ਰਦੇਸ਼ ਆਦਿ ਸੂਬਿਆਂ ’ਚੋਂ ਕੈਨੇਡਾ ਵਸਣ ਵਾਲਿਆਂ ਦੀ ਗਿਣਤੀ ਘੱਟ ਹੈ, ਜਿਹੜੇ ‘ਹਿੰਦੀ’ ਨੂੰ ਆਪਣੀ ਮਾਂ-ਬੋਲੀ ਸਵੀਕਾਰਦੇ ਹਨ।

ਪਰ ਹੈਰਾਨੀ ਇਸ ਗੱਲ ਦੀ ਹੈ ਕਿ ਕੈਨੇਡਾ ਅੰਦਰਲੇ ਭਾਰਤੀ ਸਫ਼ਾਰਤਖਾਨੇ ਹਿੰਦੀ ਨੂੰ ਮੁਫ਼ਤ ਪੜ੍ਹਾਉਣ ਲਈ ਤਾਂ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ, ਜਦ ਕਿ ਸਭ ਤੋਂ ਵੱਧ ਬੋਲੀ ਜਾਣ ਵਾਲੀ ਪੰਜਾਬੀ ਨਾਲ ਵਿਤਕਰਾ ਕਰ ਰਹੇ ਹਨ। ਅੱਜ ਕੱਲ੍ਹ ਇਹ ਰੁਝਾਨ ਭਾਰਤ ਅੰਦਰ ਵਧ ਰਹੇ ਹਿੰਦੂਤਵ ਦੇ ਏਜੰਡੇ ਕਾਰਨ ਏਨੀ ਤੇਜ਼ੀ ਨਾਲ ਵਧ ਰਿਹਾ ਹੈ ਕਿ ਪੰਜਾਬ ਦੇ ਮੋਗਾ, ਬਠਿੰਡਾ, ਬਰਨਾਲਾ ਆਦਿ ਨਾਲ ਸਬੰਧਿਤ ਠੇਠ ਪੰਜਾਬੀ ਬੋਲਣ ਵਾਲੇ ਹਿੰਦੂ ਭਾਈਚਾਰੇ ਦੇ ਪੰਜਾਬੀ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਇਹ ਹੈ ਕਿ ਸਥਾਨਕ ਮੰਦਰਾਂ ਵਿਚ ਹਿੰਦੀ ਸਕੂਲ ਸਥਾਪਿਤ ਕਰਕੇ ਹਿੰਦੀ ਪੜ੍ਹਾਉਣ ਦਾ ਰੁਝਾਨ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ, ਜੋ ਪਹਿਲਾਂ ਏਨਾ ਨਹੀਂ ਸੀ। ਹੋਰ ਤਾਂ ਹੋਰ, ਇਨ੍ਹਾਂ ਧਾਰਮਿਕ ਸਥਾਨਾਂ ਦੇ ਸਾਰੇ ਪ੍ਰਬੰਧਕ ਪੰਜਾਬ ਤੋਂ ਆ ਕੇ ਹੀ ਕੈਨੇਡਾ ਵਸੇ ਹਨ, ਪਰ ਉਨ੍ਹਾਂ ਵਲੋਂ ਵੀ ਆਪਣੀ ਮਾਂ-ਬੋਲੀ ਪੰਜਾਬੀ ਨਾ ਲਿਖਵਾ ਕੇ ਹਿੰਦੀ ਲਿਖਵਾਉਣ ਦਾ ਫ਼ੈਸਲਾ, ਪੰਜਾਬੀ ਬੋਲੀ ਨਾਲ ਵਿਸ਼ਵਾਸ਼ਘਾਤ ਸਿੱਧ ਹੋ ਰਿਹਾ ਹੈ।

ਭਾਰਤੀ ਸਿਆਸਤ ’ਚ ਵਧ ਰਿਹਾ ਫਾਸ਼ੀਵਾਦ, ਧਰੁਵੀਕਰਨ ਅਤੇ ‘ਇਕ ਬੋਲੀ ਤੇ ਇਕ ਰਾਸ਼ਟਰ’ ਦਾ ਨਾਅਰਾ ਕੇਵਲ ਭਾਰਤ ਵਿੱਚ ਹੀ ਹਿੰਦੀ ਭਾਸ਼ਾ ਨੂੰ ਛੱਡ ਕੇ ਬਾਕੀ ਭਾਸ਼ਾਵਾਂ ਦਾ ਨੁਕਸਾਨ ਨਹੀਂ ਕਰ ਰਿਹਾ, ਸਗੋਂ ਕੈਨੇਡਾ ਵਿੱਚ ਵੀ ਪੰਜਾਬੀ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ’ਚ ਸਭ ਤੋਂ ਵੱਧ ਘਾਤਕ ਬਣ ਰਿਹਾ ਹੈ। ਕੁਝ ਵਰ੍ਹੇ ਪਹਿਲਾਂ ਕੈਨੇਡਾ ’ਚ ਪੰਜਾਬੀ ਗਾਇਕ ਗੁਰਦਾਸ ਮਾਨ ਵਲੋਂ ਦਿੱਤਾ ਵਿਵਾਦਗ੍ਰਸਤ ਬਿਆਨ ‘ਇਕ ਬੋਲੀ ਇਕ ਦੇਸ਼’ ਅਤੇ ਮਾਂ-ਮਾਸੀ ਦਾ ਰੇੜਕਾ ਵੀ ਪੰਜਾਬੀਆਂ ਅੰਦਰ ਬੋਲੀ ਦੇ ਆਧਾਰ ’ਤੇ ਪਾੜਾ ਪਾਉਣ ਵਾਲਾ ‘ਘਾਤਕ ਪ੍ਰਚਾਰ’ ਹੋ ਨਿਬੜਿਆ ਹੈ।

ਕੈਨੇਡਾ ਵਸਦੇ ਪੰਜਾਬੀਆਂ ਨੂੰ ਇਨ੍ਹਾਂ ਵਲਗਣਾਂ ਤੋਂ ਉੱਪਰ ਉੱਠ ਕੇ ਸੱਚ ’ਤੇ ਪਹਿਰਾ ਦੇਣ ਦੀ ਲੋੜ ਹੈ। ਜੇਕਰ ਉਹ ਪੰਜਾਬੀ ਹਨ ਤਾਂ ਆਪਣੀ ਬੋਲੀ ਪੰਜਾਬੀ ਹੀ ਲਿਖਵਾਉਣ, ਨਾ ਕਿ ਆਪਣੇ ਫ਼ਿਰਕੇ, ਜਾਤ ਜਾਂ ਸਿਆਸੀ ਪ੍ਰਭਾਵ ਅਧੀਨ ਮਾਂ-ਬੋਲੀ ਨਾਲ ਧੋਖਾ ਕਰਨ।

ਅਸੀਂ ਆਪਣੇ ਕਾਰੋਬਾਰ ਅਤੇ ਵਪਾਰ ਮੌਕੇ ਵੱਧ ਤੋਂ ਵੱਧ ਪੰਜਾਬੀ ਬੋਲੀ ਬੋਲੀਏ ਅਤੇ ਸਾਇਨ ਬੋਰਡਾਂ ਅਤੇ ਬਿਜਨਸ ਕਾਰਡਾਂ ’ਤੇ ਅੰਗਰੇਜ਼ੀ ਦੇ ਨਾਲ-ਨਾਲ ਗੁਰਮੁਖੀ ਵਿੱਚ ਜਾਣਕਾਰੀ ਅਤੇ ਨਾਂ ਲਿਖਵਾਈਏ। ਕੈਨੇਡਾ ਵਸਦੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਨੂੰ ਆਪਣੀ ‘ਜ਼ਬਾਨ’ ਅਤੇ ‘ਪਛਾਣ’ ਨਾਲ ਜੋੜੀ ਰੱਖਣ ਲਈ ਇਹ ਜ਼ਰੂਰੀ ਹੈ ਕਿ ਮਾਂ ਬੋਲੀ ਪੰਜਾਬੀ ਵੱਧ ਤੋਂ ਵੱਧ ਬੋਲੀਏ ਅਤੇ ਸ਼ਾਇਰ ਹਰਜਿੰਦਰ ਕੰਗ ਦੀ ਇਹ ਗੱਲ ਕਦੇ ਨਾ ਭੁੱਲੀਏ :-

‘ਬੋਲੀ ਨਾ ਰਹੀ ਤਾਂ ਕਵਿਤਾਵਾਂ ਰੁਲ ਜਾਣੀਆਂ,
ਮਾਵਾਂ ਦੀਆਂ ਲੋਰੀਆਂ ਦੁਆਵਾਂ ਰੁਲ ਜਾਣੀਆਂ,
ਦਿੱਤੀਆਂ ਸ਼ਹਾਦਤਾਂ ਨਾ ਮਿੱਟੀ ਚ ਮਿਲਾ ਦਿਓ,
ਦੇਖਿਓ ਪੰਜਾਬੀਓ ਪੰਜਾਬੀ ਨਾ ਭੁਲਾ ਦਿਓ।’

***

## ਟੀ-20 ਵਿਸ਼ਵ ਕੱਪ ’ਚ ਖੇਡ ਰਹੀਆਂ

ਉਸ ਦਾ ਪ੍ਰਦਰਸ਼ਨ ਕੁਝ ਖ਼ਾਸ ਨਹੀਂ ਰਿਹਾ ਹੈ। ਉਸ ਦੀਆਂ ਪਿਛਲੀਆਂ 8 ਪਾਰੀਆਂ ਵਿੱਚ ਉਸ ਦਾ ਔਸਤ ਕੇਵਲ 23 ਰਿਹਾ ਹੈ। ਹੁਣ ਇਹ ਵੇਖਣਾ ਹੋਵੇਗਾ ਕਿ ਉਹ ਦੱਖਣੀ ਅਫ਼ਰੀਕਾ ਦੀਆਂ ਤੇਜ਼ ਪਿੱਚਾਂ ਉੱਤੇ ਦੁਨੀਆ ਦੇ ਤੇਜ਼ ਮਹਿਲਾ ਗੇਂਦਬਾਜ਼ਾਂ ਦਾ ਸਾਹਮਣਾ ਕਿਵੇਂ ਕਰਦੀ ਹੈ। ਉਹ ਟੀ-20 ਦੇ ਫਾਰਮੈਟ ਵਿੱਚ ਸੰਘਰਸ਼ ਕਰ ਰਹੀ ਹੈ। ਜੇ ਭਾਰਤ ਖਿਲਾਫ਼ ਸਖ਼ਤ ਤੇ ਦਬਾਅ ਨਾਲ ਭਰੇ ਮੁਕਾਬਲੇ ਵਿੱਚ ਚੰਗਾ ਪ੍ਰਦਸ਼ਨ ਦਿਖਾਉਣਾ ਹੈ ਤਾਂ ਉਨ੍ਹਾਂ ਨੂੰ ਇੱਕ ਜ਼ਬਰਦਸਤ ਪ੍ਰਦਰਸ਼ਨ ਦਿਖਾਉਣ ਦੀ ਲੋੜ ਹੈ।

**ਸਾਦੀਆ ਇਕਬਾਲ**

ਸਾਦੀਆ ਇਕਬਾਲ ਖੱਬੇ ਹੱਥੇ ਦੀ ਫਿਰਕੀ ਗੇਂਦਬਾਜ਼ ਹਨ। ਉਨ੍ਹਾਂ ਨੇ ਸਾਲ 2019 ਵਿੱਚ ਪਾਕਿਸਤਾਨ ਲਈ ਖੇਡਣਾ ਸ਼ੁਰੂ ਕੀਤਾ ਸੀ।ਸਾਦੀਆ ਪਾਕਿਸਤਾਨ ਦੇ ਪੰਜਾਬ ਸੂਬੇ ਮੁਹੰਮਦਾਬਾਦ ਤੋਂ ਆਉਂਦੇ ਹਨ।ਸਾਲ 2022 ਵਿੱਚ ਪਾਕਿਸਤਾਨੀ ਗੇਂਦਬਾਜ਼ਾਂ ਵਿੱਚੋਂ ਸਾਦੀਆ ਇਕਬਾਲ ਸਭ ਤੋਂ ਵੱਧ ਕਫਾਇਤੀ ਸਾਬਿਤ ਹੋਏ ਹਨ, ਖ਼ਾਸਕਰ ਪਾਵਰਪਲੇਜ਼ ਵਿੱਚ। ਬੀਤੀਆਂ 13 ਪਾਰੀਆਂ ਵਿੱਚ ਉਨ੍ਹਾਂ ਨੇ 12 ਵਿਕਟ ਹਾਸਲ ਕੀਤੇ ਹਨ।ਇਹ ਉਮੀਦ ਜਤਾਈ ਜਾ ਰਹੀ ਹੈ ਕਿ ਉਹ ਵਿਕਟਾਂ ਦੇ ਅੰਕੜਿਆਂ ਵਿੱਚ ਵਾਧਾ ਕਰਨਗੇ ਤੇ ਮਜ਼ਬੂਤ ਟੀਮਾਂ ਖਿਲਾਫ਼ ਇੱਕ ਕਫਾਇਤੀ ਗੇਂਦਬਾਜ਼ ਵਜੋਂ ਸਫ਼ਲ ਭੂਮਿਕਾ ਨਿਭਾਉਣਗੇ।

**ਸਿਦਰਾ ਨਵਾਜ਼**

ਪਾਕਿਸਤਾਨੀ ਟੀਮ ਦੀ ਇੱਕ ਵਿਕਟ ਕੀਪਰ ਵੀ ਲਾਹੌਰ ਤੋਂ ਹੈ ਜਿਸ ਦਾ ਨਾਮ ਹੈ ਸਿਦਰਾ ਨਵਾਜ਼। ਲਾਹੌਰ ਦੀ ਸਿਦਰਾ ਨੇ ਕੇਵਲ ਤਿੰਨ ਟੀ-20 ਮੈਚ ਖੇਡੇ ਹਨ ਜਿਨ੍ਹਾਂ ਵਿੱਚ ਉਸ ਦੀ ਔਸਤ ਕੇਵਲ 17 ਰਹੀ।ਦੱਖਣੀ ਅਫ਼ਰੀਕਾ ਖਿਲਾਫ਼ ਵਾਰਮਅਪ ਮੈਚ ਵਿੱਚ ਵੀ ਉਨ੍ਹਾਂ ਨੂੰ ਨਹੀਂ ਖਿਡਾਇਆ ਗਿਆ ਹੈ।

**ਸਦਫ਼ ਸ਼ਮਸ**

ਲਾਹੌਰ ਦੀ ਹੀ ਸਦਫ ਸ਼ਮਸ ਨੂੰ ਪਾਕਿਸਤਾਨ ਦੀ ਮਸ਼ਹੂਰ ਗੇਂਦਬਾਜ਼ ਦਿਆਨਾ ਬੇਗ ਦੇ ਜ਼ਖ਼ਮੀ ਹੋਣ ਕਾਰਨ ਟੀਮ ਵਿੱਚ ਥਾਂ ਮਿਲੀ ਹੈ। ਉਸ ਨੇ ਅਜੇ ਤੱਕ ਕੇਵਲ ਇੱਕ ਟੀ-20 ਮੈਚ ਖੇਡਿਆ ਹੈ। ਉਸ ਨੂੰ ਇੱਕ ਗੇਂਦਬਾਜ਼ ਦੀ ਥਾਂ ਬੱਲੇਬਾਜ਼ ਵਜੋਂ ਖਿਡਾਇਆ ਜਾ ਰਿਹਾ ਹੈ।

ਇਸ ਨਾਲ ਇਹ ਸਾਬਿਤ ਹੋ ਰਿਹਾ ਹੈ ਕਿ ਟੀਮ ਨੂੰ ਉਸ ਦੀ ਬੈਟਿੰਗ ਉੱਤੇ ਭਰੋਸਾ ਹੈ। ਹਾਲ ਹੀ ਵਿੱਚ ਸਦਫ਼ ਨੇ ਆਇਰਲੈਂਡ ਤੇ ਆਸਟਰੇਲੀਆ ਖਿਲਾਫ਼ ਵਨਡੇਅ ਸੀਰੀਜ਼ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ।

ਭਾਰਤੀ ਟੀਮ ਵਿੱਚ ਦੋ ਪੰਜਾਬੀ ਖਿਡਾਰਨਾਂ ਹਨ ਜਿਨ੍ਹਾਂ ਤੋਂ ਚੰਗੇ ਪ੍ਰਦਰਸ਼ਨ ਦੀ ਉਮੀਦ ਕੀਤੀ ਜਾ ਰਹੀ ਹੈ।

**ਹਰਮਨਪ੍ਰੀਤ ਕੌਰ**

ਭਾਰਤ ਦੀ ਕਪਤਾਨ ਹਰਮਨਪ੍ਰੀਤ ਕੌਰ ਵੀ ਪੰਜਾਬ ਤੋਂ ਸਬੰਧ ਰੱਖਦੀ ਹੈ। ਉਸ ਦਾ ਜਨਮ ਪੰਜਾਬ ਦੇ ਮੋਗਾ ਵਿੱਚ ਹੋਇਆ ਸੀ।

ਅੱਜ ਭਾਵੇਂ ਲੋਕ ਹਰਮਨ ਨੂੰ ਉਸ ਦੀ ਧਾਕੜ ਬੱਲੇਬਾਜ਼ੀ ਲਈ ਜਾਣਦੇ ਹਨ ਪਰ ਜਦੋਂ ਉਹ ਟੀਮ ਵਿੱਚ ਆਈ ਸੀ ਤਾਂ ਪਤਲੀ ਜਿਹੀ ਹਰਮਨਪ੍ਰੀਤ ਨੂੰ ਮੱਧਮ ਤੇਜ਼ ਗੇਂਦਬਾਜ਼ੀ ਲਈ ਟੀਮ ਵਿੱਚ ਜਗ੍ਹਾ ਮਿਲੀ ਸੀ।ਉਸ ਦੇ ਨਾਮ ਕਈ ਰਿਕਾਰਡ ਬੋਲਦੇ ਹਨ। ਟੀ-20 ਵਿਸ਼ਵ ਕੱਪ ਵਿੱਚ ਭਾਰਤ ਦੇ ਪ੍ਰਦਰਸ਼ਨ ਲਈ ਹਰਮਨਪ੍ਰੀਤ ਤੋਂ ਕਾਫੀ ਉਮੀਦਾਂ ਕੀਤੀਆਂ ਜਾ ਰਹੀਆਂ ਹਨ।ਇੱਕ ਕਪਤਾਨ ਵਜੋਂ ਵੀ ਉਹ ਨਿਰਭੈ ਹੋ ਕੇ ਖੇਡਣ ਲਈ ਜਾਣੇ ਜਾਂਦੇ ਹਨ। ਟੀਮ ਨੂੰ ਕਈ ਵਾਰ ਹਰਮਨ ਨੇ ਮੁਸ਼ਕਿਲਾਂ ’ਚੋਂ ਉਭਾਰਿਆ ਹੈ।

**ਹਰਲੀਨ ਦਿਓਲ**

ਹਰਲੀਨ ਦਿਓਲ ਆਪਣੀ ਫਿਰਕੀ ਗੇਂਦਬਾਜ਼ੀ ਤੇ ਫੀਲਡਿੰਗ ਲਈ ਜਾਣੇ ਜਾਂਦੀ ਹੈ। ਇੱਕ ਸਾਲ ਪਹਿਲਾਂ ਇੰਗਲੈਂਡ ਖਿਲਾਫ਼ ਭਾਰਤੀ ਟੀਮ ਵਿੱਚ ਬਾਊਂਡਰੀ ਉੱਤੇ ਫੀਲਡਿੰਗ ਕਰਦੀ ਇਸ ਨੇ ਛਿੱਕੇ ਲਈ ਜਾਂਦੀ ਗੇਂਦ ਨੂੰ ਪਲਟੀਆਂ ਮਾਰਦੇ ਹੋਏ ਕੈਚ ਕੀਤਾ ਜੋ ਤਕਰੀਬਨ ਨਾਮੁਮਕਿਨ ਲੱਗ ਰਿਹਾ ਸੀ। ਹਰਲੀਨ ਇਸ ਵੇਲੇ ਭਾਰਤੀ ਟੀਮ ਵਿੱਚ ਇੱਕ ਆਲ ਰਾਊਂਡਰ ਵਜੋਂ ਸ਼ਾਮਿਲ ਹੈ। ਉਹ ਪਹਿਲਾਂ ਪੰਜਾਬ ਵੱਲੋਂ ਖੇਡਦੀ ਸੀ। ਫਿਰ ਉਨ੍ਹਾਂ ਦੇ ਪਿਤਾ ਦਾ ਤਬਾਦਲਾ ਕਾਂਗੜਾ ਵਿੱਚ ਹੋ ਗਿਆ।ਹਰਲੀਨ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਉਸ ਨੂੰ ਪੰਜਾਬ ਦੇ ਮੁਕਾਬਲੇ ਹਿਮਾਚਲ ਵਿੱਚ ਖੇਡਣ ਲਈ ਸਹੂਲਤਾਂ ਵੱਧ ਨਜ਼ਰ ਆਈਆਂ। ਇਹੀ ਵਜ੍ਹਾ ਸੀ ਕਿ ਉਹ ਹਿਮਾਚਲ ਪ੍ਰਦੇਸ਼ ਤੋਂ ਖੇਡਣ ਲੱਗ ਪਈ। ਹਰਲੀਨ ਨੇ ਆਪਣਾ ਕਰੀਅਰ ਆਫ ਸਪਿਨਰ ਵਜੋਂ ਸ਼ੁਰੂ ਕੀਤਾ ਸੀ ਪਰ ਇੱਕ ਕੋਚ ਦੀ ਸਲਾਹ ਉੱਤੇ ਉਹ ਲੈਗ ਸਪਿਨਰ ਬਣ ਗਈ।




ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com